PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611
15 ਜਨਵਰੀ ਤੋਂ 21 ਜਨਵਰੀ, 2026
Email :- editor@punjabstar.com, Vo.20.Issue:1220


## ਵਿਸ਼ੇਸ਼ ਜਾਂਚ ਟੀਮ ਨੇ 169 ਸਰੂਪ ਲੱਭੇ: ਭਗਵੰਤ ਮਾਨ

### ਅਕਾਲ ਤਖ਼ਤ ਸਾਹਿਬ ਸਕੱਤਰੇਤ 'ਤੇ ਪੇਸ਼ ਹੋਣ ਤੋਂ ਪਹਿਲਾਂ ਮੁੱਖ ਮੰਤਰੀ ਵੱਲੋਂ ਅਹਿਮ ਖ਼ੁਲਾਸਾ




ਸ੍ਰੀ ਮੁਕਤਸਰ ਸਾਹਿਬ (ਪੰਜਾਬ ਸਟਾਰ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਨੇ ਅਕਾਲ ਤਖ਼ਤ ਸਾਹਿਬ ਸਕੱਤਰੇਤ 'ਤੇ ਪੇਸ਼ ਹੋਣ ਤੋਂ ਐਨ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੇ 169 ਸਰੂਪ ਮਿਲਣ ਦਾ ਦਾਅਵਾ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿਆਸੀ ਹਲੂਣਾ ਦਿੱਤਾ ਹੈ। ਲਾਪਤਾ ਸਰੂਪਾਂ ਦੇ ਮਾਮਲੇ ਦੀ ਜਾਂਚ ਵਿਸ਼ੇਸ਼ ਜਾਂਚ ਟੀਮ (ਸਿਟ) ਕਰ ਰਹੀ ਹੈ ਅਤੇ ਪੰਜਾਬ ਪੁਲੀਸ ਨੇ 328 'ਚੋਂ 169 ਸਰੂਪਾਂ ਦੇ ਮਿਲਣ ਬਾਰੇ ਤੱਥ ਮੁੱਖ ਮੰਤਰੀ ਨਾਲ ਸਾਂਝੇ ਕੀਤੇ ਹਨ ਜਿਸ ਦਾ ਖ਼ੁਲਾਸਾ ਅੱਜ ਉਨ੍ਹਾਂ ਸ੍ਰੀ ਮੁਕਤਸਰ ਸਾਹਿਬ 'ਚ ਮਾਘੀ ਕਾਨਫ਼ਰੰਸ ਦੌਰਾਨ ਕੀਤਾ ਹੈ।

ਵੇਰਵਿਆਂ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਭਲਕੇ ਅਕਾਲ ਤਖ਼ਤ ਸਾਹਿਬ ਸਕੱਤਰੇਤ 'ਤੇ ਪੇਸ਼ ਹੋਣ ਸਮੇਂ ਆਪਣੇ ਨਾਲ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਨਾਲ ਸਬੰਧਤ ਸਬੂਤਾਂ ਦੀ ਪੰਡ ਵੀ ਲਿਜਾ ਸਕਦੇ ਹਨ। ਮੁੱਖ ਮੰਤਰੀ ਵੱਲੋਂ ਕਈ ਦਿਨਾਂ ਤੋਂ ਸ਼੍ਰੋਮਣੀ ਕਮੇਟੀ ਨਾਲ ਜੁੜੇ ਮਾਮਲਿਆਂ 'ਚ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਸੂਤਰਾਂ ਅਨੁਸਾਰ ਜੇ ਮੁੱਖ ਮੰਤਰੀ ਜਨਤਕ ਤੌਰ 'ਤੇ ਚੁੱਪ ਵੀ ਰਹਿੰਦੇ ਹਨ ਤਾਂ ਵੀ ਸਬੂਤਾਂ ਜ਼ਰੀਏ ਉਹ ਆਪਣਾ ਸੁਨੇਹਾ ਬਿਨਾਂ ਕੁਝ ਕਹੇ ਦੇਣ ਦੀ ਕੋਸ਼ਿਸ਼ ਕਰ ਸਕਦੇ ਹਨ।

ਲਾਪਤਾ ਹੋਏ ਸਰੂਪਾਂ 'ਚੋਂ 169 ਸਰੂਪ ਮਿਲਣ ਨਾਲ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਿਆਸੀ ਤੌਰ 'ਤੇ ਮਜ਼ਬੂਤੀ ਮਿਲੀ ਹੈ। ਹਾਲਾਂਕਿ ਮੁੱਖ ਮੰਤਰੀ ਨੂੰ ਦਸਵੰਧ ਅਤੇ ਗੋਲਕ ਬਾਰੇ ਕੀਤੀਆਂ ਟਿੱਪਣੀਆਂ ਦੇ ਮਾਮਲੇ 'ਤੇ ਸੱਦਿਆ ਗਿਆ ਹੈ ਪ੍ਰੰਤੂ ਸਰੂਪਾਂ ਦੇ ਮਿਲਣ ਨਾਲ ਮੁੱਖ ਮੰਤਰੀ ਨੂੰ ਆਪਣੀ ਗੱਲ ਡਟ ਕੇ ਆਖਣ ਦਾ ਆਧਾਰ ਵੀ ਮਿਲ ਗਿਆ ਹੈ। ਮੁੱਖ ਮੰਤਰੀ ਆਖ *ਬਾਕੀ ਸਫ਼ਾ 2 'ਤੇ

## ਥਾਈਲੈਂਡ 'ਚ ਵੱਡਾ ਹਾਦਸਾ

### ਚੱਲਦੀ ਟ੍ਰੇਨ 'ਤੇ ਡਿੱਗੀ ਉਸਾਰੀ ਅਧੀਨ ਕਰੇਨ; 29 ਲੋਕਾਂ ਦੀ ਮੌਤ



ਬੈਂਕਾਕ (ਪੰਜਾਬ ਸਟਾਰ ਬਿਊਰੋ): ਉੱਤਰ-ਪੂਰਬੀ ਥਾਈਲੈਂਡ ਵਿੱਚ ਇੱਕ ਭਿਆਨਕ ਹਾਦਸਾ ਵਾਪਰਿਆ ਹੈ। ਰਾਜਧਾਨੀ ਬੈਂਕਾਕ ਤੋਂ ਦੇਸ਼ ਦੇ ਉੱਤਰ-ਪੂਰਬੀ ਹਿੱਸੇ ਵੱਲ ਜਾ ਰਹੀ ਇੱਕ ਰੇਲਗੱਡੀ ਉਸ ਸਮੇਂ ਪਟੜੀ ਤੋਂ ਉਤਰ ਗਈ ਜਦੋਂ ਇੱਕ ਨਿਰਮਾਣ ਕਰੇਨ ਉਸਦੇ ਡੱਬੇ 'ਤੇ ਡਿੱਗ ਗਈ। ਇਸ ਹਾਦਸੇ ਵਿੱਚ ਘੱਟੋ-ਘੱਟ 29 ਲੋਕਾਂ ਦੀ ਮੌਤ ਹੋ ਗਈ ਹੈ।

ਇਹ ਹਾਦਸਾ ਬੁੱਧਵਾਰ ਸਵੇਰੇ ਬੈਂਕਾਕ ਤੋਂ 230 ਕਿਲੋਮੀਟਰ (143 ਮੀਲ) ਉੱਤਰ-ਪੂਰਬ ਵਿੱਚ ਨਾਖੋਨ ਰਤਚਾਸੀਮਾ ਸੂਬੇ ਦੇ ਸਿਖੀਓ ਜ਼ਿਲ੍ਹੇ ਵਿੱਚ ਵਾਪਰਿਆ। ਰੇਲਗੱਡੀ ਉਬੋਨ ਰਤਚਾਥਨੀ ਸੂਬੇ ਵੱਲ ਜਾ ਰਹੀ ਸੀ। ਇਸ ਹਾਦਸੇ ਵਿੱਚ ਘੱਟੋ-ਘੱਟ 29 ਲੋਕਾਂ ਦੀ ਮੌਤ ਹੋ ਗਈ ਹੈ ਅਤੇ 30 ਹੋਰ ਜ਼ਖਮੀ ਹੋ ਗਏ ਹਨ, ਜਿਨ੍ਹਾਂ ਵਿੱਚੋਂ ਅੱਠ ਗੰਭੀਰ ਜ਼ਖਮੀ ਹਨ। ਹੁਣ ਤੱਕ ਬਾਰਾਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਪ੍ਰਸ਼ਾਸਨ ਅਤੇ ਰੇਲਵੇ ਅਧਿਕਾਰੀ ਇਸ ਗੱਲ ਦੀ ਜਾਂਚ ਕਰ *ਬਾਕੀ ਸਫ਼ਾ 2 'ਤੇ

## ਕੈਨੇਡਾ ਨੇ ਨਵੇਂ ਵਰ੍ਹੇ 'ਚ ਡਿਪੋਰਟ ਕੀਤੇ 900 ਪ੍ਰਵਾਸੀ

* ਡਿਪੋਰਟੇਸ਼ਨ ਦਾ ਖਰਚਾ ਵੀ ਪ੍ਰਵਾਸੀਆਂ ਤੋਂ ਕੀਤਾ ਜਾ ਰਿਹਾ ਵਸੂਲ
* ਅਸਾਇਲਮ ਕਲੇਮ ਕਰਨ ਵਾਲੇ 15 ਹਜ਼ਾਰ ਲੋਕ ਮੁਲਕ 'ਚੋਂ ਕੱਢੇ




ਟੋਰਾਂਟੋ (ਪੰਜਾਬ ਸਟਾਰ ਬਿਊਰੋ): ਕੈਨੇਡਾ ਵਿਚੋਂ ਨਵੇਂ ਵਰ੍ਹੇ ਦੌਰਾਨ ਸੈਂਕੜੇ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦਾ ਐਲਾਨ ਕਰਦਿਆਂ ਸੀ.ਬੀ.ਐਸ.ਏ. ਨੇ ਕਿਹਾ ਹੈ ਕਿ ਮੁਲਕ ਵਾਸਤੇ ਖ਼ਤਰਾ ਬਣ ਚੁੱਕੇ ਵਿਦੇਸ਼ੀ ਨਾਗਰਿਕਾਂ ਨੂੰ ਤਰਜੀਹੀ ਆਧਾਰ 'ਤੇ ਦੇਸ਼ ਨਿਕਾਲਾ ਦਿਤਾ ਜਾ ਰਿਹਾ ਹੈ। 2026 ਦੌਰਾਨ 900 ਤੋਂ ਵੱਧ ਗੈਰਕਾਨੂੰਨੀ ਪ੍ਰਵਾਸੀ ਡਿਪੋਰਟ ਕੀਤੇ ਜਾ ਚੁੱਕੇ ਹਨ ਅਤੇ ਦਿਲਚਸਪ ਤੱਥ ਇਹ ਹੈ ਕਿ ਜ਼ਿਆਦਾਤਰ ਵਿਦੇਸ਼ੀ ਨਾਗਰਿਕਾਂ ਤੋਂ ਡਿਪੋਰਟੇਸ਼ਨ *ਬਾਕੀ ਸਫ਼ਾ 2 'ਤੇ

## ਕੈਨੇਡਾ: ਸਕੂਲ ਬੱਸ ਬੇਕਾਬੂ ਹੋ ਕੇ ਪਲਟੀ; ਡਰਾਈਵਰ ਤੇ 14 ਵਿਦਿਆਰਥੀ ਜ਼ਖ਼ਮੀ



ਬਰੈਂਪਟਨ (ਪੰਜਾਬ ਸਟਾਰ ਬਿਊਰੋ):: ਕੈਨੇਡਾ ਵਿਚ ਇਕ ਸਕੂਲ ਬੱਸ ਬੇਕਾਬੂ ਹੋ ਕੇ ਪਲਟ ਗਈ ਜਿਸ ਕਾਰਨ ਡਰਾਈਵਰ ਤੇ 14 ਵਿਦਿਆਰਥੀ ਜ਼ਖ਼ਮੀ ਹੋ ਗਏ ਜਿਨ੍ਹਾਂ ਵਿਚੋਂ ਚਾਰ ਜਣਿਆਂ ਦੀ ਗੰਭੀਰ ਹਾਲਤ ਨੂੰ ਵੇਖਦਿਆਂ ਹੈਲੀਕਾਪਟਰ ਰਾਹੀਂ ਵਿਨੀਪੈਗ ਦੇ ਹਸਪਤਾਲ ਲਿਜਾਇਆ ਗਿਆ। ਇਹ ਹਾਦਸਾ ਮੈਨੀਟੋਬਾ ਸੂਬੇ ਦੇ ਹਾਈਵੇਅ 10 'ਤੇ ਮੈਫ਼ੇਕਿੰਗ ਕਸਬੇ ਤੋਂ 13 ਕਿਲੋਮੀਟਰ ਦੱਖਣ ਵੱਲ ਉਸ ਵੇਲੇ ਵਾਪਰਿਆ ਜਦੋਂ *ਬਾਕੀ ਸਫ਼ਾ 2 'ਤੇ

## ਚੀਨ ਵੱਲੋਂ ਕੈਨੇਡਾ ਨੂੰ ਅਮਰੀਕੀ ਪ੍ਰਭਾਵ ਹੇਠੋਂ ਨਿਕਲਣ ਦਾ ਮਸ਼ਵਰਾ



ਕੈਨੇਡਾ (ਪੰਜਾਬ ਸਟਾਰ ਬਿਊਰੋ): ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਅੱਜ ਚੀਨ ਪਹੁੰਚ ਗਏ ਹਨ। ਚੀਨ ਇਸ ਦੌਰੇ ਨੂੰ ਅਮਰੀਕਾ ਦੇ ਪੁਰਾਣੇ ਸਹਿਯੋਗੀ ਕੈਨੇਡਾ ਨੂੰ ਆਪਣੇ ਵਿਰੋਧੀ ਤੋਂ ਥੋੜ੍ਹਾ ਦੂਰ ਕਰਨ ਦੇ ਇੱਕ ਮੌਕੇ ਵਜੋਂ ਦੇਖ ਰਿਹਾ ਹੈ। ਚੀਨ ਦੇ ਸਰਕਾਰੀ ਮੀਡੀਆ ਨੇ ਕੈਨੇਡਾ ਸਰਕਾਰ ਨੂੰ ਅਮਰੀਕਾ ਤੋਂ ਸੁਤੰਤਰ ਵਿਦੇਸ਼ ਨੀਤੀ ਅਪਣਾਉਣ ਦੀ ਅਪੀਲ ਕੀਤੀ ਹੈ ਜਿਸ ਨੂੰ ਉਹ 'ਰਣਨੀਤਕ ਖ਼ੁਦਮੁਖ਼ਤਾਰੀ' ਕਹਿ ਰਿਹਾ ਹੈ। ਕੈਨੇਡਾ ਲੰਬੇ ਸਮੇਂ ਤੋਂ ਭੂਗੋਲਿਕ ਅਤੇ ਹੋਰ ਕਈ ਪੱਖਾਂ ਤੋਂ ਅਮਰੀਕਾ ਦੇ ਸਭ ਤੋਂ ਨੇੜਲੇ ਸਹਿਯੋਗੀਆਂ ਵਿੱਚੋਂ ਇੱਕ ਰਿਹਾ ਹੈ ਪਰ ਪੇਈਚਿੰਗ ਨੂੰ ਉਮੀਦ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਦੇ ਆਰਥਿਕ ਹਮਲੇ ਅਤੇ ਹੁਣ ਦੂਜੇ ਦੇਸ਼ਾਂ ਵਿਰੁੱਧ ਫੌਜੀ ਕਾਰਵਾਈ, ਇਸ ਪੁਰਾਣੇ ਰਿਸ਼ਤੇ ਨੂੰ ਕਮਜ਼ੋਰ ਕਰ ਦੇਵੇਗੀ। ਚੀਨ ਦੀ ਸਰਕਾਰ ਸਾਬਕਾ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਦੀਆਂ ਉਨ੍ਹਾਂ ਕੋਸ਼ਿਸ਼ਾਂ ਤੋਂ ਵੀ ਨਾਰਾਜ਼ ਸੀ *ਬਾਕੀ ਸਫ਼ਾ 2 'ਤੇ

## ਪੰਜਾਬੀਆਂ ਦੀ ਕੈਨੇਡਾ 'ਚ ਸ਼ਰਮਨਾਕ ਹਰਕਤ

### ਚੋਰੀ ਦੇ ਇਲਜ਼ਾਮ 'ਚ ਬਰੈਂਪਟਨ ਤੋਂ 3 ਗ੍ਰਿਫ਼ਤਾਰ



ਬਰੈਂਪਟਨ (ਪੰਜਾਬ ਸਟਾਰ ਬਿਊਰੋ): ਕੈਨੇਡਾ ਦੇ ਬਰੈਂਪਟਨ ਵਿੱਚ ਪੁਲਿਸ ਨੇ ਇੱਕ ਸਰਗਰਮ ਵਾਹਨ ਚੋਰੀ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਪੰਜਾਬੀ ਮੂਲ ਦੇ ਤਿੰਨ ਕੈਨੇਡੀਅਨ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੀਲ ਰੀਜਨ ਪੁਲਿਸ ਕਮਰਸ਼ੀਅਲ ਆਟੋ ਕ੍ਰਾਈਮ ਟੀਮ ਨੇ ਇੱਕ ਯੋਜਨਾਬੱਧ ਛਾਪੇਮਾਰੀ ਦੌਰਾਨ ਸ਼ੱਕੀਆਂ ਤੋਂ ਤਿੰਨ ਚੋਰੀ ਕੀਤੇ ਵਾਹਨ ਵੀ ਬਰਾਮਦ ਕੀਤੇ ਹਨ। ਪੁਲਿਸ ਦੇ ਅਨੁਸਾਰ, ਇਹ ਗਿਰੋਹ ਲੰਬੇ ਸਮੇਂ ਤੋਂ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਸਰਗਰਮ ਸੀ ਅਤੇ ਚੋਰੀ, ਛੁਪਾਉਣ ਅਤੇ * ਬਾਕੀ ਸਫ਼ਾ 2 'ਤੇ

## ਯੂ.ਕੇ ਡਿਪੋਰਟ ਕਰ ਰਿਹਾ 12,300 ਗੈਰਕਾਨੂੰਨੀ ਇੰਮੀਗਰਾਂਟ

* ਟਰੰਪ ਦੀ ਤਰਜ਼ 'ਤੇ ਚੱਲ ਰਹੇ ਇੰਮੀਗ੍ਰੇਸ਼ਨ ਛਾਪੇ
* ਕਾਬੂ ਕੀਤੇ ਪ੍ਰਵਾਸੀਆਂ 'ਚ ਸੈਂਕੜੇ ਪੰਜਾਬੀ ਸ਼ਾਮਲ



ਲੰਡਨ (ਪੰਜਾਬ ਸਟਾਰ ਬਿਊਰੋ): ਟਰੰਪ ਦੀ ਤਰਜ਼ 'ਤੇ ਯੂ.ਕੇ. ਵਿਚ ਗੈਰਕਾਨੂੰਨੀ ਪ੍ਰਵਾਸੀਆਂ ਦੀ ਫੜੋ-ਫੜੀ ਤੇਜ਼ ਕਰਦਿਆਂ 12,300 ਵਿਦੇਸ਼ੀ ਨਾਗਰਿਕਾਂ ਨੂੰ ਕਾਬੂ ਕਰ ਕੇ ਡਿਪੋਰਟ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿਚੋਂ ਸੈਂਕੜੇ ਪੰਜਾਬੀ ਦੱਸੇ ਜਾ ਰਹੇ ਹਨ। ਇੰਮੀਗ੍ਰੇਸ਼ਨ ਵਿਭਾਗ ਵੱਲੋਂ ਜਾਰੀ ਇਹ ਅੰਕੜਾ ਸਾਬਕਾ ਕੰਜ਼ਰਵੇਟਿਵ ਸਰਕਾਰ ਵੇਲੇ ਹਿਰਾਸਤ ਵਿਚ ਲਏ ਪ੍ਰਵਾਸੀਆਂ ਦੇ ਮੁਕਾਬਲੇ 83 ਫ਼ੀ ਸਦੀ ਵੱਧ ਬਣਦਾ ਹੈ। ਮੀਡੀਆ ਰਿਪੋਰਟ ਮੁਤਾਬਕ ਗ੍ਰਿਫ਼ਤਾਰ ਕੀਤੇ 7 ਪ੍ਰਵਾਸੀਆਂ ਵਿਚੋਂ ਇਕ ਨੂੰ ਤੁਰਤ ਡਿਪੋਰਟ ਕੀਤਾ ਜਾ ਰਿਹਾ ਹੈ ਜਦਕਿ ਬਾਕੀ ਰਹਿੰਦੇ ਵਿਦੇਸ਼ੀ ਨਾਗਰਿਕਾਂ ਨੂੰ ਡਿਪੋਰਟ ਕਰਨ ਦੀ ਪ੍ਰਕਿਰਿਆ ਉਤੇ ਅਮਲ ਜਾਰੀ ਹੈ। ਗ੍ਰਹਿ ਵਿਭਾਗ ਦੇ ਅੰਕੜੇ ਦਰਸਾਉਂਦੇ ਹਨ ਕਿ ਮੁਲਕ ਵਿਚੋਂ ਕੱਢੇ ਵਿਦੇਸ਼ੀ ਨਾਗਰਿਕਾਂ ਦੀ ਗਿਣਤੀ ਵਿਚ 35 ਫ਼ੀ ਸਦੀ ਵਾਧਾ ਹੋਇਆ ਹੈ। ਗ੍ਰਹਿ ਮੰਤਰਾਲੇ ਵੱਲੋਂ ਇਕ ਵੀਡੀਓ ਵੀ ਜਾਰੀ ਕੀਤੀ ਗਈ ਹੈ ਜਿਸ ਵਿਚ ਗੈਰਕਾਨੂੰਨੀ ਤਰੀਕੇ ਨਾਲ * ਬਾਕੀ ਸਫ਼ਾ 2 'ਤੇ

## ਅਮਰੀਕਾ ਨੇ 1 ਲੱਖ ਤੋਂ ਵੱਧ ਵੀਜ਼ੇ ਕੀਤੇ ਰੱਦ

### -8,000 ਵਿਦਿਆਰਥੀ ਵੀ ਰੱਦ ਕੀਤੇ ਵੀਜ਼ਿਆਂ 'ਚ ਸ਼ਾਮਲ




ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ): ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ 1 ਲੱਖ ਤੋਂ ਵੱਧ ਵੀਜ਼ੇ ਰੱਦ ਕਰ ਦਿੱਤੇ ਗਏ ਹਨ, ਜਿਸ ਨਾਲ ਇਹ ਇੱਕ ਨਵਾਂ ਰਿਕਾਰਡ ਬਣਿਆ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਆਪਣੀ ਸਖ਼ਤ ਇਮੀਗ੍ਰੇਸ਼ਨ ਨੀਤੀ ਦੀ ਪਾਲਣਾ ਕਰ ਰਿਹਾ ਹੈ। ਅਸੀਂ ਅਮਰੀਕਾ ਨੂੰ ਸੁਰੱਖਿਅਤ ਰੱਖਣ ਲਈ ਜਰਾਇਮ ਪੇਸ਼ਾ ਲੋਕਾਂ ਨੂੰ ਦੇਸ਼ ਨਿਕਾਲਾ ਦੇਣਾ ਜਾਰੀ ਰੱਖਾਂਗੇ। *ਬਾਕੀ ਸਫ਼ਾ 2 'ਤੇ

## 75 ਮੁਲਕਾਂ ਨੂੰ ਵੀਜ਼ਾ ਨਹੀਂ ਦੇਵੇਗਾ ਅਮਰੀਕਾ, ਜਾਰੀ ਕੀਤੀ ਲਿਸਟ

(ਪੰਜਾਬ ਸਟਾਰ ਬਿਊਰੋ): ਅਮਰੀਕਾ ਨੇ ਦੁਨੀਆ ਤੇ ਇੱਕ ਹੋਰ ਬੰਬ ਸੁੱਟ ਦਿੱਤਾ ਹੈ। ਦਰਅਸਲ, ਤਾਜ਼ਾ ਹੁਕਮ ਅਨੁਸਾਰ ਹੁਣ 75 ਦੇਸ਼ਾਂ ਦੇ ਨਾਗਰਿਕਾਂ ਲਈ ਸਾਰੀਆਂ ਵੀਜ਼ਾ ਪ੍ਰਕਿਰਿਆਵਾਂ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਫੈਸਲਾ "ਬਿਨੈਕਾਰਾਂ ਦੀ ਸਖ਼ਤ ਜਾਂਚ" ਕਰਨ ਤੋਂ ਬਾਅਦ ਲਿਆ ਗਿਆ ਅਤੇ 21 ਜਨਵਰੀ ਤੋਂ ਲਾਗੂ ਹੋਵੇਗਾ। ਵਿਦੇਸ਼ ਵਿਭਾਗ ਦੇ ਇੱਕ ਮੈਮੋਰੰਡਮ ਦੇ ਅਨੁਸਾਰ, ਅਧਿਕਾਰੀਆਂ ਨੂੰ ਮੌਜੂਦਾ ਕਾਨੂੰਨ ਦੇ ਅਨੁਸਾਰ ਵੀਜ਼ਾ ਦੇਣ ਤੋਂ ਮਨਾ ਕਰਨਾ ਹੀ ਪਵੇਗਾ। ਇਸਦੇ ਨਾਲ ਹੀ ਬਿਨੈਕਾਰਾਂ ਦੀ ਸਕ੍ਰੀਨਿੰਗ ਅਤੇ ਮੁਲਾਂਕਣ ਵਿਧੀਆਂ ਦੀ ਸਮੀਖਿਆ ਅਤੇ ਮੁੜ ਜਾਂਚ ਕਰਨ ਦੀ ਲੋੜ ਹੋਵੇਗੀ। ਜਿਨ੍ਹਾਂ 75 ਦੇਸ਼ਾਂ ਲਈ ਅਮਰੀਕਾ ਨੇ ਵੀਜ਼ਾ




ਪ੍ਰਕਿਰਿਆ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ ਹੈ, ਉਨ੍ਹਾਂ ਵਿੱਚ ਰੂਸ ਅਤੇ * ਬਾਕੀ ਸਫ਼ਾ 2 'ਤੇ


ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888-864-3131
Jasbir Singh Hundal
Registered Credit Counsellor
www.MakeMeDebtFree.ca
416-502-3100
Unit #20 - 7015 Tranmere Drive, Mississauga, ON, L5S 1T7





BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents





FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
Harjit Brar
Sales Representative
416-417-6010
HOMELIFE
HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090
Vik Mehmi
Broker
416-500-6262

# ਪੇਜ ਇੱਕ ਦੀ ਬਾਕੀ

## ਵਿਸ਼ੇਸ਼ ਜਾਂਚ ਟੀਮ...

ਚੁੱਕੇ ਹਨ ਕਿ ਸਰੂਪਾਂ ਦਾ ਮਿਲਣਾ ਕੋਈ ਪ੍ਰਾਪਤੀ ਨਹੀਂ ਹੈ ਸਗੋਂ ਇਹ ਤਾਂ ਉਨ੍ਹਾਂ ਦਾ ਫ਼ਰਜ਼ ਸੀ। ਉਹ ਸਿਟ ਵੱਲੋਂ ਇਕੱਠੇ ਕੀਤੇ ਸਬੂਤਾਂ ਨੂੰ ਸਕੱਤਰੇਤ 'ਚ ਆਪਣੇ ਸਪੱਸ਼ਟੀਕਰਨ ਮੌਕੇ ਪੇਸ਼ ਕਰ ਸਕਦੇ ਹਨ। ਇਨ੍ਹਾਂ 'ਚ ਹੋਰ ਵੀ ਕਈ ਮਾਮਲਿਆਂ ਨਾਲ ਸਬੰਧਤ ਸਬੂਤ ਵੀ ਹੋ ਸਕਦੇ ਹਨ। ਸੂਤਰਾਂ ਮੁਤਾਬਕ ਸਤਿੰਦਰ ਸਿੰਘ ਕੋਹਲੀ ਦੀ ਗ੍ਰਿਫ਼ਤਾਰੀ ਮਗਰੋਂ ਪੁਲੀਸ ਦੇ ਹੱਥ ਅਹਿਮ ਸੁਰਾਗ ਲੱਗੇ ਹਨ ਜੋ ਸ਼੍ਰੋਮਣੀ ਕਮੇਟੀ 'ਚ ਕਥਿਤ ਧਾਂਦਲੀਆਂ ਵੱਲ ਉਂਗਲ ਕਰਦੇ ਹਨ।

ਦੂਜੇ ਪਾਸੇ ਸ਼੍ਰੋਮਣੀ ਕਮੇਟੀ ਨੇ ਲਾਪਤਾ ਸਰੂਪਾਂ ਦੇ ਮਾਮਲੇ 'ਚ ਕੇਸ ਦਰਜ ਹੋਣ ਅਤੇ ਵਿਸ਼ੇਸ਼ ਜਾਂਚ ਟੀਮ ਦੇ ਗਠਨ ਮਗਰੋਂ ਪੰਜਾਬ ਸਰਕਾਰ ਨੂੰ ਧਾਰਮਿਕ ਮਾਮਲਿਆਂ 'ਚ ਦਖ਼ਲ ਨਾ ਦੇਣ ਦੀ ਚਿਤਾਵਨੀ ਦਿੱਤੀ ਸੀ। ਚਾਰਟਰਡ ਅਕਾਊਂਟੈਂਟ ਸਤਿੰਦਰ ਸਿੰਘ ਕੋਹਲੀ ਦੀ ਗ੍ਰਿਫ਼ਤਾਰੀ ਮਗਰੋਂ ਹੀ ਮੁੱਖ ਮੰਤਰੀ ਨੂੰ ਅਕਾਲ ਤਖ਼ਤ ਸਾਹਿਬ ਸਕੱਤਰੇਤ 'ਚ ਸੱਦਿਆ ਗਿਆ ਹੈ। ਪਿਛਲੇ ਕੁੱਝ ਦਿਨਾਂ ਤੋਂ ਦੋਵੇਂ ਧਿਰਾਂ ਵੱਲੋਂ ਵੱਖੋ-ਵੱਖਰਾ ਸਿਆਸੀ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਿਸ਼ੇਸ਼ ਜਾਂਚ ਟੀਮ ਨੇ 328 ਸਰੂਪਾਂ ਦੀ ਜਾਂਚ ਅਤੇ ਉਨ੍ਹਾਂ ਨੂੰ ਲੱਭਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ ਜਿਨ੍ਹਾਂ ਦਾ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਵਿੱਚ ਜ਼ਿਕਰ ਨਹੀਂ ਸੀ। ਇਹ ਵੀ ਪਤਾ ਲੱਗਾ ਹੈ ਕਿ ਸਿਟ ਨੂੰ ਕੁਝ ਧਾਰਮਿਕ ਡੇਰਿਆਂ ਵਿੱਚ ਵੱਡੀ ਗਿਣਤੀ ਵਿੱਚ ਸਰੂਪ ਮੌਜੂਦ ਹੋਣ ਦੇ ਸੁਰਾਗ ਮਿਲੇ ਹਨ, ਜਿਨ੍ਹਾਂ ਵਿੱਚ ਬੰਗਾ ਤੋਂ ਇਲਾਵਾ ਬੱਛੋਆਣਾ (ਬੁਢਲਾਡਾ, ਮਾਨਸਾ) ਅਤੇ ਹੁਸਨਰ (ਗਿੱਦੜਬਾਹਾ, ਮੁਕਤਸਰ) ਸ਼ਾਮਲ ਹਨ। ਬੰਗਾ ਵਿੱਚ ਮਿਲੇ 169 ਸਰੂਪਾਂ ਵਿੱਚੋਂ ਸਿਰਫ਼ 30 ਸਰੂਪ ਹੀ ਅਜਿਹੇ ਮਿਲੇ ਹਨ ਜਿਨ੍ਹਾਂ ਦਾ ਰਿਕਾਰਡ ਮਿਲਿਆ ਹੈ। ਬਹੁਤ ਸਾਰੇ ਡੇਰਿਆਂ ਨੂੰ ਸਮੂਹਿਕ ਪਾਠਾਂ ਲਈ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਵੱਡੀ ਗਿਣਤੀ 'ਚ ਲੋੜ ਹੁੰਦੀ ਹੈ। ਜਾਂਚ ਟੀਮ ਦੇ ਅਧਿਕਾਰੀ ਆਖਦੇ ਹਨ ਕਿ ਡੇਰਿਆਂ ਨੂੰ ਸਰੂਪ ਪ੍ਰਾਪਤ ਕਰਨ ਵਿੱਚ ਮਦਦ ਕਰਨ ਵਾਲਿਆਂ ਦੀ ਭੂਮਿਕਾ ਦੀ ਜਾਂਚ ਵੀ ਕੀਤੀ ਜਾਵੇਗੀ।

## ਥਾਈਲੈਂਡ 'ਚ ਵੱਡਾ...

ਰਹੇ ਹਨ ਕਿ ਕਰੇਨ ਕਿਉਂ ਡਿੱਗੀ ਅਤੇ ਕੀ ਸੁਰੱਖਿਆ ਨਿਯਮਾਂ ਦੀ ਪਾਲਣਾ ਕੀਤੀ ਗਈ ਸੀ। ਇਸ ਦੁਖਦਾਈ ਘਟਨਾ ਕਾਰਨ ਸਥਾਨਕ ਲੋਕ ਅਤੇ ਪਰਿਵਾਰ ਸਦਮੇ ਵਿੱਚ ਹਨ। ਹਾਦਸੇ ਸੰਬੰਧੀ ਪੁਲਿਸ ਨੇ ਦੱਸਿਆ ਕਿ ਹਾਈ-ਸਪੀਡ ਰੇਲ ਪ੍ਰੋਜੈਕਟ 'ਤੇ ਕੰਮ ਚੱਲ ਰਿਹਾ ਸੀ। ਕੰਮ ਦੌਰਾਨ, ਇੱਕ ਕਰੇਨ ਇੱਕ ਰੇਲਗੱਡੀ ਦੇ ਡੱਬੇ 'ਤੇ ਡਿੱਗ ਗਈ। ਜਦੋਂ ਕਰੇਨ ਡਿੱਗੀ ਤਾਂ ਰੇਲਗੱਡੀ ਉੱਥੋਂ ਲੰਘ ਰਹੀ ਸੀ। ਟੱਕਰ ਕਾਰਨ ਰੇਲਗੱਡੀ ਪਟੜੀ ਤੋਂ ਉਤਰ ਗਈ ਅਤੇ ਇਸ ਦੌਰਾਨ ਥੋੜ੍ਹੀ ਅੱਗ ਵੀ ਲੱਗ ਗਈ। ਪੁਲਿਸ ਨੇ ਦੱਸਿਆ ਕਿ ਅੱਗ ਬੁਝਾ ਦਿੱਤੀ ਗਈ ਹੈ ਅਤੇ ਬਚਾਅ ਕਾਰਜ ਜਾਰੀ ਹਨ।

ਕਰੇਨ ਅਤੇ ਟ੍ਰੇਨ ਦੀ ਟੱਕਰ ਇੰਨੀ ਜ਼ਬਰਦਸਤ ਸੀ ਕਿ ਟ੍ਰੇਨ ਦੀ ਛੱਤ ਧੱਸ ਗਈ, ਖਿੜਕੀਆਂ ਟੁੱਟ ਗਈਆਂ ਅਤੇ ਧਾਤ ਦਾ ਢਾਂਚਾ ਬੁਰੀ ਤਰ੍ਹਾਂ ਮੁੜ ਗਿਆ। ਬਹੁਤ ਸਾਰੇ ਯਾਤਰੀ ਮਲਬੇ ਵਿੱਚ ਫਸ ਗਏ। ਮੈਡੀਕਲ ਟੀਮਾਂ ਅਤੇ ਬਚਾਅ ਕਰਮਚਾਰੀ ਭਾਰੀ ਉਪਕਰਨਾਂ ਦੀ ਵਰਤੋਂ ਕਰਕੇ ਫਸੇ ਯਾਤਰੀਆਂ ਨੂੰ ਬਚਾਉਣ ਲਈ ਕੰਮ ਕਰ ਰਹੇ ਹਨ। ਥਾਈਲੈਂਡ ਦੇ ਉਪ ਪ੍ਰਧਾਨ ਮੰਤਰੀ ਅਤੇ ਆਵਾਜਾਈ ਮੰਤਰੀ ਨੇ ਹਾਦਸੇ ਦੀ ਜਾਂਚ ਦੇ ਹੁਕਮ ਦਿੱਤੇ ਹਨ।

## ਕੈਨੇਡਾ ਨੇ ਨਵੇਂ ਵਰ੍ਹੇ...

ਦਾ ਖ਼ਰਚਾ ਵੀ ਵਸੂਲ ਕੀਤਾ ਜਾ ਰਿਹਾ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਕਿਹਾ ਹੈ ਕਿ ਮੁਲਕ ਛੱਡਣ ਦੇ ਹੁਕਮ ਜਾਰੀ ਹੋਣ ਮਗਰੋਂ 30 ਦਿਨ ਦੇ ਅੰਦਰ ਕੈਨੇਡਾ ਛੱਡਣਾ ਲਾਜ਼ਮੀ ਹੈ ਅਤੇ ਜੇ ਸਬੰਧਤ ਸ਼ਖ਼ਸ ਅਜਿਹਾ ਕਰਦਾ ਹੈ ਤਾਂ ਭਵਿੱਖ ਵਿਚ ਕੈਨੇਡਾ ਵਾਪਸੀ ਦੇ ਰਾਹ ਖੁੱਲ੍ਹੇ ਰਹਿੰਦੇ ਹਨ ਪਰ ਜੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਇਕ ਮਹੀਨੇ ਬਾਅਦ ਡਿਪਾਰਚਰ ਆਰਡਰ ਆਪਣੇ ਆਪ ਡਿਪੋਰਟੇਸ਼ਨ ਆਰਡਰ ਵਿਚ ਤਬਦੀਲ ਹੋ ਜਾਂਦਾ ਹੈ।

ਲੰਘੇ ਵਰ੍ਹੇ ਦੌਰਾਨ 10 ਲੱਖ ਤੋਂ ਵੱਧ ਵਿਦੇਸ਼ੀ ਨਾਗਰਿਕਾਂ ਦੇ ਟੈਂਪਰੇਰੀ ਵੀਜ਼ਾ ਖ਼ਤਮ ਹੋਏ ਅਤੇ ਇਨ੍ਹਾਂ ਵਿਚੋਂ ਵੱਡੀ ਗਿਣਤੀ ਲੋਕਾਂ ਨੇ ਵਾਪਸੀ ਦਾ ਰਾਹ ਚੁਣਿਆ ਪਰ ਸੀ.ਬੀ.ਐਸ.ਏ. ਦਾ ਮੰਨਣਾ ਹੈ ਕਿ ਹੁਣ ਵੀ ਗੈਰਕਾਨੂੰਨੀ ਤਰੀਕੇ ਨਾਲ ਮੌਜੂਦ ਲੋਕਾਂ ਦੀ ਗਿਣਤੀ ਕਈ ਲੱਖ ਹੋ ਸਕਦੀ ਹੈ। ਆਉਂਦੇ ਛੇ ਮਹੀਨੇ ਦੌਰਾਨ ਵੀ 9 ਲੱਖ ਤੋਂ ਵੱਧ ਵਿਦੇਸ਼ੀ ਨਾਗਰਿਕਾਂ ਦੇ ਵਰਕ ਪਰਮਿਟ ਖ਼ਤਮ ਹੋ ਜਾਣਗੇ ਅਤੇ ਕੈਨੇਡਾ ਵਿਚ ਰਹਿਣ ਲਈ ਇਨ੍ਹਾਂ ਨੂੰ ਘੱਟੋ ਘੱਟ ਵਿਜ਼ਟਰ ਵੀਜ਼ਾ ਲੋੜੀਂਦਾ ਹੋਵੇਗਾ। ਜੇ ਵਿਜ਼ਟਰ ਵੀਜ਼ਾ ਵੀ ਨਹੀਂ ਮਿਲਦਾ ਤਾਂ ਮੁਲਕ ਵਿਚ ਨਾਜਾਇਜ਼ ਤਰੀਕੇ ਨਾਲ ਮੌਜੂਦ ਵਿਦੇਸ਼ੀ ਨਾਗਰਿਕ ਹੀ ਮੰਨੇ ਜਾਣਗੇ ਜਿਨ੍ਹਾਂ ਨੂੰ ਫੜ ਕੇ ਡਿਪੋਰਟ ਕਰਨ ਦੀ ਜ਼ਿੰਮੇਵਾਰੀ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੀ ਬਣਦੀ ਹੈ।

ਕੈਨੇਡਾ ਸਰਕਾਰ ਵੱਲੋਂ ਇੰਮੀਗ੍ਰੇਸ਼ਨ ਨੀਤੀਆਂ ਵਿਚ ਵੱਡੀ ਤਬਦੀਲੀ ਦੇ ਮੱਦੇਨਜ਼ਰ ਪੀ.ਆਰ. ਮਿਲਣ ਦੇ ਰਾਹ ਬੇਹੱਦ ਤੰਗ ਹੋ ਚੁੱਕੇ ਹਨ ਅਤੇ ਆਰਜ਼ੀ ਵੀਜ਼ਿਆਂ ਨਾਲ ਲੱਖਾਂ ਵਿਦੇਸ਼ੀ ਨਾਗਰਿਕ ਸਮਾਂ ਨਹੀਂ ਲੰਘਾ ਸਕਣਗੇ ਅਤੇ ਆਖਰਕਾਰ ਜੁੱਲੀ-ਬਿਸਤਰਾ ਸਮੇਟਣਾ ਹੀ ਪਵੇਗਾ। ਦੱਸ ਦੇਈਏ ਕਿ ਬਗੈਰ ਇੰਮੀਗ੍ਰੇਸ਼ਨ ਸਟੇਟਸ ਵਾਲੇ ਹਜ਼ਾਰਾਂ ਪ੍ਰਵਾਸੀ ਅਸਾਇਲਮ ਕਲੇਮ ਦਾ ਰਾਹ ਚੁਣਦੇ ਹਨ ਪਰ 2025 ਦੇ ਅੰਕੜੇ ਦਰਸਾਉਂਦੇ ਹਨ ਕਿ ਸੀ.ਬੀ.ਐਸ.ਏ. ਵੱਲੋਂ ਡਿਪੋਰਟ ਵਿਦੇਸ਼ੀ ਨਾਗਰਿਕਾਂ ਵਿਚੋਂ 15 ਹਜ਼ਾਰ ਤੋਂ ਵੱਧ ਰਫ਼ਿਊਜੀ ਕਲੇਮ ਰੱਦ ਹੋਣ ਵਾਲੇ ਸਨ। ਇਸ ਤੋਂ ਇਲਾਵਾ ਵੱਖ ਵੱਖ ਅਪਰਾਧਕ ਮਾਮਲਿਆਂ ਵਿਚ ਘਿਰੇ 734 ਜਣਿਆਂ ਨੂੰ ਡਿਪੋਰਟ ਕੀਤਾ ਗਿਆ ਜਦਕਿ ਭਾਰਤੀ ਕਾਰੋਬਾਰੀਆਂ ਉਤੇ ਗੋਲੀਆਂ ਚਲਾਉਣ ਦੇ ਮਾਮਲੇ ਵਿਚ 6 ਜਣੇ ਕੈਨੇਡਾ ਵਿਚੋਂ ਕੱਢੇ ਗਏ।

## ਕੈਨੇਡਾ: ਸਕੂਲ ਬੱਸ ਬੇਕਾਬੂ...

ਸਕੂਲ ਬੱਸ ਦੇ ਡਰਾਈਵਰ ਨੇ ਇਕ ਹੋਰ ਬੱਸ ਨੂੰ ਓਵਰਟੇਕ ਕਰਨ ਦਾ ਯਤਨ ਕੀਤਾ ਪਰ ਰਫ਼ਤਾਰ ਜ਼ਿਆਦਾ ਹੋਣ ਕਰ ਕੇ ਇਹ ਬੱਸ ਬੇਕਾਬੂ ਹੋ ਗਈ ਅਤੇ ਖਤਾਨਾਂ ਵਿਚ ਪਲਟ ਗਈ। ਬੱਸ ਵਿਚ ਸਵਾਰ ਬੱਚੇ ਸਕੂਲ ਜਾ ਰਹੇ ਸਨ। ਸਵੈਨ ਵੈਲੀ ਸਕੂਲ ਡਿਵੀਜ਼ਨ ਨੇ ਦੱਸਿਆ ਕਿ ਹਾਦਸੇ ਵੇਲੇ ਬੱਸ ਵਿਚ 16 ਸਾਲ ਤੋਂ 18 ਸਾਲ ਉਮਰ ਦੇ 14 ਵਿਦਿਆਰਥੀ ਅਤੇ ਡਰਾਈਵਰ ਸਵਾਰ ਸੀ।

ਸਿਹਤ ਵਿਭਾਗ ਨੇ ਦੱਸਿਆ ਕਿ 15 ਜ਼ਖ਼ਮੀਆਂ ਨੂੰ ਸਵੈਨ ਵੈਲੀ ਹੈਲਥ ਸੈਂਟਰ ਭੇਜਿਆ ਗਿਆ ਅਤੇ ਇਨ੍ਹਾਂ ਵਿਚੋਂ ਚਾਰ ਜਣਿਆਂ ਨੂੰ ਏਅਰ ਲਿਫ਼ਟ ਕਰਦਿਆਂ ਵਿਨੀਪੈਗ ਦੇ ਚਿਲਡਰਨ ਹਸਪਤਾਲ ਅਤੇ ਐਡਲਟ ਐਮਰਜੈਂਸੀ ਸੈਂਟਰ ਵਿਚ ਦਾਖਲ ਕਰਵਾਇਆ ਗਿਆ। ਕਈ ਵਿਦਿਆਰਥੀਆਂ ਦੇ ਟਾਂਕੇ ਲੱਗੇ ਅਤੇ ਕਈ ਦੇ ਮੋਢੇ ਦੀ ਹੱਡੀ ਟੁੱਟ ਗਈ। ਹਾਦਸੇ ਬਾਰੇ ਪਤਾ ਲਗਦਿਆਂ ਹੀ ਮਾਪਿਆਂ ਵਿਚ ਘਬਰਾਹਟ ਪੈਦਾ ਹੋ ਗਈ ਅਤੇ ਉਹ ਆਪਣੇ ਬੱਚਿਆਂ ਨਾਲ ਮੁਲਾਕਾਤ ਕਰਨ ਪੁੱਜੇ। ਹਾਦਸੇ ਨੂੰ ਵੇਖਦਿਆਂ ਸਕੂਲ ਬੱਸਾਂ ਵਿਚ ਵੀ ਸੀਟ ਬੈਲਟ ਲਾਜ਼ਮੀ ਕੀਤੇ ਜਾਣ ਦੀ ਮੰਗ ਉੱਠ ਰਹੀ ਹੈ।

ਦੱਸ ਦੇਈਏ ਕਿ ਮੈਫ਼ੇਕਿੰਗ ਕਸਬਾ ਵਿਨੀਪੈਗ ਤੋਂ 541 ਕਿੱਲੋਮੀਟਰ ਉਤਰ ਪੱਛਮ ਵੱਲ ਹੈ ਅਤੇ ਆਰ.ਸੀ.ਐੱਮ.ਪੀ. ਦੇ ਫੋਰੈਂਸਿਕ ਮਾਹਿਰ ਹਾਦਸੇ ਦੀ ਡੂੰਘਾਈ ਨਾਲ ਪੜਤਾਲ ਕਰ ਰਹੇ ਹਨ। ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਇੱਕ ਬਿਆਨ ਵਿੱਚ ਕਿਹਾ ਕਿ ਸ਼ੁਰੂ ਵਿੱਚ ਵਿਨੀਪੈਗ ਦੇ ਹੈਲਥ ਸਾਇੰਸਿਜ਼ ਸੈਂਟਰ ਵਿੱਚ ਸਾਵਧਾਨੀ ਵਜੋਂ ਓਰੈਂਜ ਅਲਰਟ ਜਾਰੀ ਕੀਤਾ ਗਿਆ ਸੀ ਪਰ ਬਾਅਦ ਵਿੱਚ ਇਸ ਨੂੰ ਰੱਦ ਕਰ ਦਿੱਤਾ ਗਿਆ ਸੀ। ਬਿਆਨ ਵਿੱਚ ਕਿਹਾ ਗਿਆ ਹੈ ਕਿ ਮਰੀਜ਼ਾਂ ਦੀ ਨਿੱਜੀ ਜਾਣਕਾਰੀ ਨੂੰ ਦੇਖਦਿਆਂ ਹਾਦਸੇ ਵਿੱਚ ਜ਼ਖ਼ਮੀ ਹੋਏ ਲੋਕਾਂ ਦੀ ਹਾਲਤ ਬਾਰੇ ਕੋਈ ਹੋਰ ਅੱਪਡੇਟ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਸ਼ੁਕਰਗੁਜ਼ਾਰ ਹਨ ਕਿ ਇਸ ਘਟਨਾ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

## ਚੀਨ ਵੱਲੋਂ ਕੈਨੇਡਾ...

ਜਿਨ੍ਹਾਂ ਰਾਹੀਂ ਉਨ੍ਹਾਂ ਨੇ ਚੀਨ ਦਾ ਟਾਕਰਾ ਕਰਨ ਲਈ ਯੂਰੋਪ, ਆਸਟਰੇਲੀਆ, ਭਾਰਤ ਅਤੇ ਕੈਨੇਡਾ ਵਰਗੇ ਦੇਸ਼ਾਂ ਨਾਲ ਸਬੰਧ ਮਜ਼ਬੂਤ ਕੀਤੇ ਸਨ। ਹੁਣ ਚੀਨ ਨੂੰ ਇਨ੍ਹਾਂ ਸਬੰਧਾਂ ਨੂੰ ਕਮਜ਼ੋਰ ਕਰਨ ਦਾ ਇੱਕ ਮੌਕਾ ਨਜ਼ਰ ਆ ਰਿਹਾ ਹੈ। ਉਨ੍ਹਾਂ ਨੇ ਚੀਨ ਦਾ ਟਾਕਰਾ ਕਰਨ ਲਈ ਯੂਰੋਪ, ਆਸਟਰੇਲੀਆ, ਭਾਰਤ ਅਤੇ ਕੈਨੇਡਾ ਵਰਗੇ ਦੇਸ਼ਾਂ ਨਾਲ ਸਬੰਧ ਮਜ਼ਬੂਤ ਕੀਤੇ ਸਨ। ਹੁਣ ਚੀਨ ਨੂੰ ਇਨ੍ਹਾਂ ਸਬੰਧਾਂ ਨੂੰ ਕਮਜ਼ੋਰ ਕਰਨ ਦਾ ਇੱਕ ਮੌਕਾ ਨਜ਼ਰ ਆ ਰਿਹਾ ਹੈ। ਦੂਜੇ ਪਾਸੇ, ਮਾਰਕ ਕਾਰਨੀ ਨੇ ਵਪਾਰ 'ਤੇ ਧਿਆਨ ਕੇਂਦਰਿਤ ਕੀਤਾ ਹੈ। ਉਨ੍ਹਾਂ ਚੀਨ ਦੇ ਆਪਣੇ ਇਸ ਦੌਰੇ ਨੂੰ ਦੁਨੀਆ ਭਰ ਵਿੱਚ ਨਵੀਂ ਭਾਈਵਾਲੀ ਕਾਇਮ ਕਰਨ ਦੀ ਮੁਹਿੰਮ ਦਾ ਹਿੱਸਾ ਦੱਸਿਆ ਹੈ ਤਾਂ ਜੋ ਅਮਰੀਕੀ ਬਾਜ਼ਾਰ 'ਤੇ ਕੈਨੇਡਾ ਦੀ ਆਰਥਿਕ ਨਿਰਭਰਤਾ ਨੂੰ ਖ਼ਤਮ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਡੋਨਲਡ ਟਰੰਪ ਨੇ ਅਮਰੀਕਾ ਨੂੰ ਹੋਣ ਵਾਲੀ ਕੈਨੇਡਿਆਈ ਬਰਾਮਦ 'ਤੇ ਟੈਕਸ ਲਗਾ ਦਿੱਤੇ ਹਨ ਅਤੇ ਇਹ ਸੁਝਾਅ ਵੀ ਦਿੱਤਾ ਸੀ ਕਿ ਵਿਸ਼ਾਲ ਕੁਦਰਤੀ ਸਰੋਤਾਂ ਵਾਲਾ ਇਹ ਦੇਸ਼ ਅਮਰੀਕਾ ਦਾ 51ਵਾਂ ਰਾਜ ਬਣ ਸਕਦਾ ਹੈ।

## ਪੰਜਾਬੀਆਂ ਦੀ ਕੈਨੇਡਾ...

ਮੁੜ ਵਿਕਰੀ ਲਈ ਨਿਸ਼ਾਨਾ ਬਣਾਏ ਗਏ ਉੱਚ-ਅੰਤ ਦੀਆਂ ਕਾਰਾਂ ਦੇ ਨੈੱਟਵਰਕ ਵਿੱਚ ਸ਼ਾਮਲ ਸੀ। ਜਾਂਚ ਤੋਂ ਬਾਅਦ, ਪੁਲਿਸ ਨੇ ਮਜ਼ਬੂਤ ਸਬੂਤਾਂ ਦੇ ਆਧਾਰ 'ਤੇ ਛਾਪਾ ਮਾਰਿਆ। ਗ੍ਰਿਫ਼ਤਾਰ ਕੀਤੇ ਗਏ ਸ਼ੱਕੀਆਂ ਦੀ ਪਛਾਣ ਅੰਮ੍ਰਿਤਪਾਲ ਖੱਟੜਾ, ਗੁਰਤਾਸ ਭੁੱਲਰ ਅਤੇ ਮਨਦੀਪ ਕੌਰ ਵਜੋਂ ਹੋਈ ਹੈ। ਕਾਰਵਾਈ ਦੌਰਾਨ, ਪੁਲਿਸ ਨੇ ਤਿੰਨ ਚੋਰੀ ਹੋਏ ਵਾਹਨ, ਵਾਹਨ ਚੋਰੀ ਨਾਲ ਸਬੰਧਤ ਮਹੱਤਵਪੂਰਨ ਦਸਤਾਵੇਜ਼, ਇਲੈਕਟ੍ਰਾਨਿਕ ਉਪਕਰਣ ਅਤੇ ਚਾਬੀਆਂ ਬਰਾਮਦ ਕੀਤੀਆਂ। ਪੁਲਿਸ ਦਾ ਮੰਨਣਾ ਹੈ ਕਿ ਬਰਾਮਦ ਕੀਤੀਆਂ ਗਈਆਂ ਚੀਜ਼ਾਂ ਗਿਰੋਹ ਦੀਆਂ ਗਤੀਵਿਧੀਆਂ ਨੂੰ ਜੋੜਨ ਵਿੱਚ ਮਹੱਤਵਪੂਰਨ ਹੋਣਗੀਆਂ।

## ਯੂ.ਕੇ ਡਿਪੋਰਟ ਕਰ...

ਕੰਮ ਕਰ ਰਹੇ ਪ੍ਰਵਾਸੀਆਂ ਉਤੇ ਛਾਪਿਆਂ ਨੂੰ ਦਰਸਾਇਆ ਗਿਆ ਹੈ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਡਿਪੋਰਟੇਸ਼ਨ ਪ੍ਰਕਿਰਿਆ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸਾਡੀਆਂ ਕਮਿਊਨਿਟੀਜ਼ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਲਈ ਕੋਈ ਥਾਂ ਨਹੀਂ ਜਿਸ ਦੇ ਮੱਦੇਨਜ਼ਰ ਯੂ.ਕੇ. ਦੇ ਇਤਿਹਾਸ ਵਿਚ ਸਭ ਤੋਂ ਵੱਡੀ ਕਾਰਵਾਈ ਕੀਤੀ ਜਾ ਰਹੀ ਹੈ। ਪੂਰੇ ਮੁਲਕ ਵਿਚ ਛਾਪਿਆਂ ਦਾ ਸਿਲਸਿਲਾ ਚੱਲ ਰਿਹਾ ਹੈ ਅਤੇ ਯੂ.ਕੇ. ਦੀਆਂ ਸਰਹੱਦਾਂ ਨੂੰ ਮੁਕੰਮਲ ਤਰੀਕੇ ਨਾਲ ਸੁਰੱਖਿਅਤ ਬਣਾਏ ਜਾਣ ਤੱਕ ਕਾਰਵਾਈ ਜਾਰੀ ਰਹੇਗੀ। ਮਿਸਾਲ ਵਜੋਂ ਵੈਸਟ ਸਸੈਕਸ ਇਲਾਕੇ ਦੇ ਇਕ ਵੇਅਰ ਹਾਊਸ ਵਿਚ ਇੰਮੀਗ੍ਰੇਸ਼ਨ ਛਾਪੇ ਦੌਰਾਲ 13 ਜਣੇ ਕਾਬੂ ਕੀਤੇ ਗਏ ਜੋ ਗੈਰਕਾਨੂੰਨੀ ਤਰੀਕੇ ਨਾਲ ਕੰਮ ਕਰ ਰਹੇ ਸਨ ਜਿਨ੍ਹਾਂ ਵਿਚੋਂ 11 ਜਣਿਆਂ ਨੂੰ ਡਿਪੋਰਟ ਕੀਤੇ ਜਾ ਰਿਹਾ ਹੈ। ਸਿਰਫ਼ ਇਥੇ ਹੀ ਬੱਸ ਨਹੀਂ, ਸਵਿੰਡਨ ਵਿਖੇ ਇਕ ਕੰਸਟ੍ਰਕਸ਼ਨ ਸਾਈਟ ਤੋਂ 30 ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਇਹ ਵੀ ਜਲਦ ਡਿਪੋਰਟ ਕੀਤੇ ਜਾ ਰਹੇ ਹਨ। ਛਾਪਿਆਂ ਵਿਚ ਸ਼ਾਮਲ ਇੰਮੀਗ੍ਰੇਸ਼ਨ ਅਫ਼ਸਰਾਂ ਦੀ ਛਾਤੀ 'ਤੇ ਵੀਡੀਓ ਕੈਮਰੇ ਲੱਗੇ ਹੁੰਦੇ ਹਨ ਅਤੇ ਕਿਸੇ ਵੀ ਜਗ੍ਹਾ ਹੋਣ ਵਾਲੀ ਕਾਰਵਾਈ ਦੀ ਵੀਡੀਓ ਰਿਕਾਰਡ ਹੋ ਜਾਂਦੀ ਹੈ। ਇੰਮੀਗ੍ਰੇਸ਼ਨ, ਕੰਪਲਾਇੰਸ ਐਂਡ ਐਨਫ਼ੋਰਸਮੈਂਟ ਯੂਨਿਟ ਦੇ ਡਾਇਰੈਕਟਰ ਐਡੀ ਮੌਂਟਗੌਮਰੀ ਦਾ ਕਹਿਣਾ ਸੀ ਕਿ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚੋਂ ਗੈਰਕਾਨੂੰਨੀ ਪ੍ਰਵਾਸੀਆਂ, ਖਾਸ ਤੌਰ 'ਤੇ ਅਪਰਾਧੀਆਂ ਨੂੰ ਕੱਢਣ ਦਾ ਟੀਚਾ ਹਰ ਹੀਲੇ ਪੂਰਾ ਕੀਤਾ ਜਾਵੇਗਾ। ਯੂ.ਕੇ. ਵਿਚ ਗੈਰਕਾਨੂੰਨੀ ਤਰੀਕੇ ਨਾਲ ਕੰਮ ਕਰਨਾ ਆਪਣੇ ਆਪ ਵਿਚ ਗੰਭੀਰ ਅਪਰਾਧ ਹੈ ਅਤੇ ਇਹ ਅਪਰਾਧ ਕਰਨ ਵਾਲੇ ਹਰ ਵਿਦੇਸ਼ੀ ਨਾਗਰਿਕ ਨੂੰ ਡਿਪੋਰਟ ਕਰਨਾ ਲਾਜ਼ਮੀ ਹੈ।

ਦੂਜੇ ਪਾਸੇ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਗ੍ਰਹਿ ਮਾਮਲਿਆਂ ਬਾਰੇ ਆਲੋਚਕ ਕ੍ਰਿਸ ਫ਼ਿਲਿਪ ਨੇ ਕਿਹਾ ਕਿ ਗੈਰਕਾਨੂੰਨੀ ਤਰੀਕੇ ਨਾਲ ਕੰਮ ਕਰ ਰਹੇ ਪ੍ਰਵਾਸੀਆਂ ਦੀ ਤਨਖ਼ਾਹ ਜ਼ਬਤ ਹੋਣੀ ਚਾਹੀਦੀ ਹੈ ਅਤੇ ਬਗੈਰ ਕਿਸੇ ਦਲੀਲ ਤੋਂ ਡਿਪੋਰਟ ਕਰ ਦਿਤਾ ਜਾਵੇ। ਪਰ ਐਨੀ ਸਖ਼ਤੀ ਦੇ ਬਾਵਜੂਦ ਹੈਲਥਕੇਅਰ ਵੀਜ਼ਾ 'ਤੇ ਯੂ.ਕੇ. ਪੁੱਜੇ ਪ੍ਰਵਾਸੀ ਭਾਰਤੀ ਰੈਸਟੋਰੈਂਟਾਂ ਵਿਚ ਕੰਮ ਕਰਦੇ ਫੜੇ ਜਾ ਰਹੇ ਹਨ। ਹਾਲ ਹੀ ਵਿਚ 26 ਸਾਲ ਦੇ ਬੰਗਲਾਦੇਸ਼ੀ ਨਾਗਰਿਕ ਨੂੰ ਭਾਰਤੀ ਰੈਸਟੋਰੈਂਟ ਵਿਚ ਖਾਣਾ ਪਰੋਸਦਿਆਂ ਕਾਬੂ ਕੀਤਾ ਗਿਆ ਜੋ 2023 ਵਿਚ ਹੈਲਥ ਕੇਅਰ ਵੀਜ਼ਾ 'ਤੇ ਯੂ.ਕੇ. ਪੁੱਜਾ ਸੀ। ਇਜਾਜ਼ ਆਬਿਦ ਦਾ ਵੀਜ਼ਾ ਰੱਦ ਕਰ ਦਿਤਾ ਗਿਆ ਹੈ ਅਤੇ ਭਾਰਤੀ ਰੈਸਟੋਰੈਂਟ ਦੇ ਮਾਲਕ ਵਿਰੁੱਧ ਵੀ ਕਾਰਵਾਈ ਕੀਤੀ ਜਾ ਰਹੀ ਹੈ। ਯੂ.ਕੇ. ਸਰਕਾਰ ਵੱਲੋਂ 2020 ਵਿਚ ਹੈਲਥ ਕੇਅਰ ਵੀਜ਼ਾ ਆਰੰਭਿਆ ਗਿਆ ਅਤੇ ਹੁਣ ਤੱਕ 7 ਲੱਖ 60 ਹਜ਼ਾਰ ਵਿਦੇਸ਼ੀ ਨਾਗਰਿਕ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰ ਯੂ.ਕੇ. ਦਾਖਲ ਹੋ ਚੁੱਕੇ ਹਨ।

## ਅਮਰੀਕਾ ਨੇ 1 ਲੱਖ ਤੋਂ...

ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਰਹਿ ਕੇ ਦੂਜੇ ਦੇਸ਼ਾਂ ਦੀ ਹਮਾਇਤ ਕਰਨਾ ਵੱਡਾ ਅਪਰਾਧ ਗਿਣਿਆ ਜਾਵੇਗਾ। ਵਿਦੇਸ਼ ਵਿਭਾਗ ਦੇ ਪ੍ਰਿੰਸੀਪਲ ਡਿਪਟੀ ਬੁਲਾਰੇ ਟੌਮੀ ਪਿਗੋਟ ਨੇ ਕਿਹਾ ਕਿ ਵਿਦੇਸ਼ ਵਿਭਾਗ ਨੇ 1,00,000 ਤੋਂ ਵੱਧ ਵੀਜ਼ੇ ਰੱਦ ਕਰ ਦਿੱਤੇ ਹਨ, ਜਿਨ੍ਹਾਂ ਵਿਚ ਲਗਭਗ 8,000 ਵਿਦਿਆਰਥੀ ਵੀਜ਼ੇ ਵੀ ਸ਼ਾਮਲ ਹਨ। ਇਸ ਤੋਂ ਇਲਾਵਾ 2,500 ਵਿਸ਼ੇਸ਼ ਵੀਜ਼ੇ ਉਨ੍ਹਾਂ ਵਿਅਕਤੀਆਂ ਦੇ ਰੱਦ ਕੀਤੇ ਗਏ ਹਨ, ਜਿਨ੍ਹਾਂ ਦਾ ਅਪਰਾਧਿਕ ਕਿਰਦਾਰ ਸਾਹਮਣੇ ਆਇਆ ਹੈ।

ਅਮਰੀਕਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਕਿਹਾ ਕਿ ਇਸ ਵਿਚ ਹਜ਼ਾਰਾਂ ਵਿਦੇਸ਼ੀ ਨਾਗਰਿਕਾਂ ਦੇ ਰੱਦ ਕੀਤੇ ਗਏ ਵੀਜ਼ੇ ਸ਼ਾਮਲ ਹਨ, ਜਿਨ੍ਹਾਂ 'ਤੇ ਲੜਾਈ-ਝਗੜਾ, ਚੋਰੀ ਅਤੇ ਨਸ਼ੇ ਦੀ ਹਾਲਤ ਵਿਚ ਗੱਡੀ ਚਲਾਉਣ ਵਰਗੇ ਦੋਸ਼ ਲੱਗੇ ਹਨ। ਇੱਕ ਰਿਪੋਰਟ ਅਨੁਸਾਰ 2025 ਵਿਚ ਰੱਦ ਕੀਤੇ ਗਏ ਵੀਜ਼ਾ ਦੀ ਗਿਣਤੀ 2024 ਵਿਚ ਰੱਦ ਕੀਤੇ ਗਏ 40,000 ਵੀਜ਼ਾ ਨਾਲੋਂ ਦੁੱਗਣੀ ਤੋਂ ਵੀ ਵੱਧ ਹੈ, ਜੋ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਪ੍ਰਸ਼ਾਸਨ ਵੱਲੋਂ ਆਖਰੀ ਸਾਲ ਵਿਚ ਰੱਦ ਕੀਤੇ ਗਏ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 2025 ਵਿਚ ਰੱਦ ਕੀਤੇ ਗਏ ਵੀਜ਼ੇ ਜ਼ਿਆਦਾਤਰ ਕਾਰੋਬਾਰੀਆਂ ਅਤੇ ਸੈਲਾਨੀ ਯਾਤਰੀਆਂ ਦੇ ਸਨ, ਜੋ ਆਪਣੇ ਵੀਜ਼ਾ ਦੀ ਮਿਆਦ ਤੋਂ ਵੱਧ ਸਮੇਂ ਲਈ ਰਹੇ ਸਨ।

## 75 ਮੁਲਕਾਂ ਨੂੰ ਵੀਜ਼ਾ...

ਬ੍ਰਾਜ਼ੀਲ ਵਰਗੇ ਪ੍ਰਮੁੱਖ ਦੇਸ਼ ਸ਼ਾਮਲ ਹਨ।

ਜਾਣੋ ਕਿਹੜੇ ਹਨ ਇਹ 75 ਮੁਲਕ ਫੌਕਸ

ਨਿਊਜ਼ ਦੇ ਅਨੁਸਾਰ, ਰੂਸ ਅਤੇ ਬ੍ਰਾਜ਼ੀਲ ਤੋਂ ਇਲਾਵਾ, 75 ਦੇਸ਼ਾਂ ਦੀ ਸੂਚੀ ਵਿੱਚ ਥਾਈਲੈਂਡ, ਸੋਮਾਲੀਆ, ਈਰਾਨ, ਅਫਗਾਨਿਸਤਾਨ, ਨਾਈਜੀਰੀਆ, ਇਰਾਕ, ਮਿਸਰ ਅਤੇ ਯਮਨ ਵੀ ਸ਼ਾਮਲ ਹਨ, ਜਿਨ੍ਹਾਂ ਦੇ ਨਾਗਰਿਕਾਂ ਨੂੰ ਅਮਰੀਕੀ ਵੀਜ਼ਾ ਨਹੀਂ ਦਿੱਤਾ ਜਾਵੇਗਾ। ਇਹ ਨਿਯਮ 21 ਜਨਵਰੀ ਤੋਂ ਲਾਗੂ ਹੋਣਗੇ ਅਤੇ ਵਿਭਾਗ ਵੀਜ਼ਾ ਪ੍ਰਕਿਰਿਆ ਦਾ ਮੁੜ ਮੁਲਾਂਕਣ ਕਰਨ ਤੱਕ ਅਣਮਿੱਥੇ ਸਮੇਂ ਲਈ ਜਾਰੀ ਰਹੇਗੀ। ਨਵੰਬਰ 2025 ਵਿੱਚ, ਦੁਨੀਆ ਭਰ ਦੇ ਦੂਤਾਵਾਸਾਂ ਨੂੰ ਭੇਜੇ ਗਏ ਇੱਕ ਸਟੇਟ ਡਿਪਾਰਟਮੈਂਟ ਕੇਬਲ ਨੇ ਇਮੀਗ੍ਰੇਸ਼ਨ ਕਾਨੂੰਨ ਦੇ ਅਖੌਤੀ "ਜਨਤਕ ਚਾਰਜ" ਪ੍ਰਬੰਧ ਦੇ ਤਹਿਤ ਨਵੇਂ ਸਕ੍ਰੀਨਿੰਗ ਨਿਯਮਾਂ ਨੂੰ ਲਾਗੂ ਕਰਨ ਲਈ ਕੌਂਸਲਰ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਇਹ ਮਾਰਗਦਰਸ਼ਨ ਕੌਂਸਲਰ ਅਧਿਕਾਰੀਆਂ ਨੂੰ ਸਿਹਤ, ਉਮਰ, ਅੰਗਰੇਜ਼ੀ ਮੁਹਾਰਤ, ਵਿੱਤ, ਅਤੇ ਇੱਥੋਂ ਤੱਕ ਕਿ ਲੰਬੇ ਸਮੇਂ ਦੀ ਡਾਕਟਰੀ ਦੇਖਭਾਲ ਦੀ ਸੰਭਾਵੀ ਜ਼ਰੂਰਤ ਵਰਗੇ ਕਈ ਕਾਰਕਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਜਨਤਕ ਲਾਭਾਂ 'ਤੇ ਨਿਰਭਰ ਹੋਣ ਦੀ ਸੰਭਾਵਨਾ ਵਾਲੇ ਬਿਨੈਕਾਰਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰਨ ਦਾ ਨਿਰਦੇਸ਼ ਦਿੰਦਾ ਹੈ। ਬਜ਼ੁਰਗ ਜਾਂ ਜ਼ਿਆਦਾ ਭਾਰ ਵਾਲੇ ਬਿਨੈਕਾਰਾਂ ਨੂੰ ਇਨਕਾਰ ਕੀਤਾ ਜਾ ਸਕਦਾ ਹੈ, ਨਾਲ ਹੀ ਉਹ ਜਿਨ੍ਹਾਂ ਨੇ ਪਹਿਲਾਂ ਸਰਕਾਰੀ ਨਕਦ ਸਹਾਇਤਾ ਜਾਂ ਸੰਸਥਾਗਤ ਦੇਖਭਾਲ ਦੀ ਵਰਤੋਂ ਕੀਤੀ ਹੈ। ਵਿਦੇਸ਼ ਵਿਭਾਗ ਦੇ ਬੁਲਾਰੇ ਟੌਮੀ ਪਿਗੌਟ ਨੇ ਇੱਕ ਬਿਆਨ ਵਿੱਚ ਕਿਹਾ, "ਵਿਦੇਸ਼ ਵਿਭਾਗ ਆਪਣੇ ਲੰਬੇ ਸਮੇਂ ਤੋਂ ਚੱਲ ਰਹੇ ਅਧਿਕਾਰ ਦੀ ਵਰਤੋਂ ਸੰਭਾਵੀ ਪ੍ਰਵਾਸੀਆਂ ਨੂੰ ਅਯੋਗ ਠਹਿਰਾਉਣ ਲਈ ਕਰੇਗਾ ਜੋ ਅਮਰੀਕਾ ਲਈ ਜਨਤਕ ਚਾਰਜ ਬਣ ਜਾਣਗੇ ਅਤੇ ਅਮਰੀਕੀ ਲੋਕਾਂ ਦੀ ਉਦਾਰਤਾ ਦਾ ਫਾਇਦਾ ਉਠਾਉਣਗੇ।"

# ਕੈਨੇਡਾ ਦੇ ਸਰੀ 'ਚ ਪੰਜਾਬੀ ਕਾਰੋਬਾਰੀ ਦਾ ਬੇਰਹਿਮੀ ਨਾਲ ਕਤਲ

### ਅਣਪਛਾਤਿਆਂ ਨੇ ਵਾਰਦਾਤ ਨੂੰ ਦਿੱਤਾ ਅੰਜਾਮ



ਕੈਨੇਡਾ ਤੋਂ ਬਹੁਤ ਹੀ ਮੰਦਭਾਗੀ ਖਬਰ ਸਾਹਮਣੇ ਆਈ ਹੈ ਜਿਥੇ ਅੱਜ ਦੁਪਹਿਰ ਤਕਰੀਬਨ 12:05 'ਤੇ ਸਰੀ ਦੀ 176 ਸਟਰੀਟ ਅਤੇ 35 ਐਵੇਨਿਊ ਦੇ ਕੋਲ ਦਿਨ-ਦਿਹਾੜੇ ਗੋਲੀਆਂ ਮਾਰ ਕੇ ਸਰੀ ਦੇ ਇੱਕ ਨਾਮਵਰ ਕਾਰੋਬਾਰੀ ਨੂੰ ਅਣਪਛਾਤੇ ਹਮਲਾਵਰਾਂ ਨੇ ਮਾਰ ਮੁਕਾਇਆ, ਜਿਸਦੀ ਪਛਾਣ ਸਟੂਡੀਓ-12 ਦੇ ਮਾਲਕ ਬਿੰਦਰ ਗਰਚਾ (48) ਵਜੋਂ ਹੋਈ ਹੈ। ਵਾਰਦਾਤ ਮੌਕੇ 176 ਸਟਰੀਟ 'ਤੇ ਗੱਡੀਆਂ-ਟਰੱਕਾਂ ਦੀ ਪੂਰੀ ਗਹਿਮਾ-ਗਹਿਮੀ ਸੀ ਕਿਉਂਕਿ ਇਹੀ ਸੜਕ ਅੱਗੇ ਜਾ ਕੇ ਅਮਰੀਕਨ ਸਰਹੱਦ ਨਾਲ ਜੁੜਦੀ ਹੈ। ਇਹ ਵਾਰਦਾਤ ਉਸਦੇ ਫਾਰਮ ਦੇ ਗੇਟ ਲਾਗੇ ਵਾਪਰੀ। ਵੈਸੇ ਉਸਦੀ ਰਿਹਾਇਸ਼ ਸ਼ਹਿਰ ਵਿੱਚ ਹੈ।

ਪੁਲਿਸ ਨੂੰ ਇੱਕ ਸਾੜੀ ਗਈ ਕਾਰ 189 ਸਟਰੀਟ ਅਤੇ 40 ਐਵੇਨਿਊ ਕੋਲੋਂ ਮਿਲੀ ਹੈ, ਜੋ ਇਸ ਘਟਨਾ ਨਾਲ ਜੁੜੀ ਜਾਪਦੀ ਹੈ।

ਸਰੀ-ਵੈਨਕੂਵਰ ਇਲਾਕੇ 'ਚ ਵਿਆਹਾਂ-ਪਾਰਟੀਆਂ ਦੀ ਵੀਡੀਓਗ੍ਰਾਫੀ-ਫੋਟੋਗ੍ਰਾਫੀ ਵਿੱਚ ਬਿੰਦਰ ਗਰਚਾ ਬਹੁਤ ਵੱਡਾ ਨਾਮ ਸੀ, ਜੋ ਕਈ ਸਾਲਾਂ ਤੋਂ ਭਾਈਚਾਰੇ ਨਾਲ ਜੁੜਿਆ ਹੋਇਆ ਬਹੁਤ ਹੀ ਨਿੱਘਾ ਤੇ ਮਿਲਾਪੜਾ ਇਨਸਾਨ ਸੀ। ਅੱਜ ਤੱਕ ਕਦੇ ਵੀ ਕਿਸੇ ਕੋਲੋਂ ਉਸ ਬਾਰੇ ਕਦੇ ਵੀ ਕੁਝ ਮਾੜਾ ਨਹੀਂ ਸੁਣਿਆ। ਪੰਜਾਬ ਦੇ ਪਿੰਡ ਮੱਲ੍ਹਾ ਬੇਦੀਆਂ (ਸ਼ਹੀਦ ਭਗਤ ਸਿੰਘ ਨਗਰ) ਤੋਂ ਪਰਵਾਸ ਕਰਕੇ ਕੈਨੇਡਾ ਆਇਆ ਬਿੰਦਰ ਗਰਚਾ ਸਥਨਕ ਐਮਪ੍ਰੈਸ ਬੈਂਕੁਇਟ ਹਾਲ (ਪਾਇਲ ਬਿਜ਼ਨਸ ਸੈਂਟਰ) ਅਤੇ ਸਟੂਡੀਓ-12 ਲਿਮੋਜ਼ੀਨ ਦਾ ਵੀ ਮਾਲਕ ਸੀ। ਉਹ ਆਪਣੇ ਪਿੱਛੇ ਦੋ ਬੇਟੀਆਂ, ਇੱਕ ਬੇਟਾ, ਸੁਪਤਨੀ ਤੇ ਮਾਂ-ਬਾਪ ਸਮੇਤ ਆਪਣੇ ਦੋਸਤਾਂ ਤੇ ਗਾਹਕਾਂ ਦਾ ਬਹੁਤ ਹੀ ਵੱਡਾ ਘੇਰਾ ਛੱਡ ਗਿਆ ਹੈ।

# ਮਰਨ ਵਾਲਿਆਂ ਦੀ ਗਿਣਤੀ 2,500 ਤੋਂ ਪਾਰ, 18,000 ਤੋਂ ਵੱਧ ਗ੍ਰਿਫ਼ਤਾਰ

## ਮਨੁੱਖੀ ਅਧਿਕਾਰ ਸੰਸਥਾ ਨੇ ਜਾਰੀ ਕੀਤੇ ਭਿਆਨਕ ਅੰਕੜੇ; ਇੰਟਰਨੈੱਟ ਪਾਬੰਦੀਆਂ ਕਾਰਨ ਦੁਨੀਆ ਤੋਂ ਕੱਟਿਆ ਇਰਾਨ



ਇਰਾਨ ਵਿੱਚ ਚੱਲ ਰਹੇ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਨੇ ਬੇਹੱਦ ਹਿੰਸਕ ਰੂਪ ਧਾਰ ਲਿਆ ਹੈ। ਅਮਰੀਕਾ ਸਥਿਤ ਮਨੁੱਖੀ ਅਧਿਕਾਰ ਸੰਸਥਾ 'ਹਿਊਮਨ ਰਾਈਟਸ ਐਕਟੀਵਿਸਟ ਨਿਊਜ਼ ਏਜੰਸੀ' (HRANA) ਦੀ ਤਾਜ਼ਾ ਰਿਪੋਰਟ ਅਨੁਸਾਰ, ਪ੍ਰਦਰਸ਼ਨਕਾਰੀਆਂ ਵਿਰੁੱਧ ਕੀਤੀ ਗਈ ਸਖ਼ਤ ਕਾਰਵਾਈ ਵਿੱਚ ਹੁਣ ਤੱਕ ਮਰਨ ਵਾਲਿਆਂ ਦੀ ਗਿਣਤੀ ਵਧ ਕੇ 2,571 ਤੱਕ ਪਹੁੰਚ ਗਈ ਹੈ। ਇਹ ਅੰਕੜਾ ਇਰਾਨ ਵਿੱਚ ਹੁਣ ਤੱਕ ਹੋਏ ਕਿਸੇ ਵੀ ਅੰਦੋਲਨ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ, ਜੋ ਸਥਿਤੀ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ।

ਸੰਸਥਾ ਵੱਲੋਂ ਜਾਰੀ ਵੇਰਵਿਆਂ ਮੁਤਾਬਕ, ਮਾਰੇ ਗਏ ਲੋਕਾਂ ਵਿੱਚ 2,403 ਪ੍ਰਦਰਸ਼ਨਕਾਰੀ ਅਤੇ 147 ਸਰਕਾਰੀ ਸੁਰੱਖਿਆ ਕਰਮੀ ਸ਼ਾਮਲ ਹਨ। ਬੇਹੱਦ ਦੁਖਦਾਈ ਗੱਲ ਇਹ ਹੈ ਕਿ ਇਸ ਹਿੰਸਾ ਦੀ ਲਪੇਟ ਵਿੱਚ ਆ ਕੇ 12 ਬੱਚਿਆਂ ਅਤੇ 9 ਅਜਿਹੇ ਆਮ ਨਾਗਰਿਕਾਂ ਦੀ ਵੀ ਜਾਨ ਗਈ ਹੈ, ਜੋ ਇਨ੍ਹਾਂ ਪ੍ਰਦਰਸ਼ਨਾਂ ਦਾ ਹਿੱਸਾ ਵੀ ਨਹੀਂ ਸਨ।

ਰਿਪੋਰਟ ਵਿੱਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਹੁਣ ਤੱਕ 18,000 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ, ਜਿਸ ਕਾਰਨ ਦੇਸ਼ ਦੀਆਂ ਜੇਲ੍ਹਾਂ ਵਿੱਚ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਖਦਸ਼ਾ ਹੋਰ ਵਧ ਗਿਆ ਹੈ।

ਇਰਾਨੀ ਸਰਕਾਰ ਨੇ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਪੂਰੇ ਦੇਸ਼ ਵਿੱਚ ਇੰਟਰਨੈੱਟ ਸੇਵਾਵਾਂ 'ਤੇ ਪਾਬੰਦੀ ਲਗਾਈ ਹੋਈ ਹੈ। ਇਸ ਬਲੈਕਆਊਟ ਕਾਰਨ ਬਾਹਰਲੀ ਦੁਨੀਆ ਲਈ ਉੱਥੋਂ ਦੀ ਸਹੀ ਸਥਿਤੀ ਦਾ ਅੰਦਾਜ਼ਾ ਲਗਾਉਣਾ ਬੇਹੱਦ ਮੁਸ਼ਕਲ ਹੋ ਰਿਹਾ ਹੈ। ਇਰਾਨ ਸਰਕਾਰ ਨੇ ਅਜੇ ਤੱਕ ਅਧਿਕਾਰਤ ਤੌਰ 'ਤੇ ਮੌਤਾਂ ਦੀ ਗਿਣਤੀ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਹੈ ਪਰ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਕਾਰਕੁਨਾਂ ਰਾਹੀਂ ਮਿਲ ਰਹੀਆਂ ਸੂਚਨਾਵਾਂ ਇੱਕ ਵੱਡੀ ਮਨੁੱਖੀ ਤ੍ਰਾਸਦੀ ਵੱਲ ਇਸ਼ਾਰਾ ਕਰ ਰਹੀਆਂ ਹਨ। ਇਹ ਅੰਕੜੇ ਅਜਿਹੇ ਸਮੇਂ ਸਾਹਮਣੇ ਆਏ ਹਨ ਜਦੋਂ ਅਮਰੀਕਾ ਸਣੇ ਕਈ ਦੇਸ਼ ਇਰਾਨ 'ਤੇ ਸਖ਼ਤ ਆਰਥਿਕ ਅਤੇ ਫੌਜੀ ਦਬਾਅ ਬਣਾਉਣ ਦੀ ਗੱਲ ਕਰ ਰਹੇ ਹਨ। ਜਿੱਥੇ ਇੱਕ ਪਾਸੇ ਰਾਸ਼ਟਰਪਤੀ ਟਰੰਪ ਨੇ 'ਨਤੀਜੇ ਭੁਗਤਣ' ਦੀ ਚੇਤਾਵਨੀ ਦਿੱਤੀ ਹੈ, ਉੱਥੇ ਹੀ ਦੂਜੇ ਪਾਸੇ ਵਧਦੀ ਹਿੰਸਾ ਨੇ ਕੌਮਾਂਤਰੀ ਭਾਈਚਾਰੇ ਨੂੰ ਸੋਚਾਂ ਵਿੱਚ ਪਾ ਦਿੱਤਾ ਹੈ।

## ਇਰਾਨ ਨੇ ਆਪਣਾ ਹਵਾਈ ਖੇਤਰ ਮੁੜ ਖੋਲ੍ਹਿਆ

ਅਮਰੀਕਾ ਦੀ ਇਰਾਨ ਖ਼ਿਲਾਫ਼ ਸੰਭਾਵੀ ਫੌਜੀ ਕਾਰਵਾਈ ਕਾਰਨ ਇਰਾਨ ਨੇ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਸੀ ਤੇ ਪੰਜ ਘੰਟੇ ਦੇ ਬੰਦ ਹੋਣ ਤੋਂ ਬਾਅਦ ਇਰਾਨ ਨੇ ਆਪਣਾ ਹਵਾਈ ਖੇਤਰ ਮੁੜ ਖੋਲ੍ਹ ਦਿੱਤਾ ਹੈ। ਇਸ ਤੋਂ ਪਹਿਲਾਂ ਇਰਾਨ ਨੇ ਆਪਣਾ ਹਵਾਈ ਖੇਤਰ ਵਪਾਰਕ ਉਡਾਣਾਂ ਲਈ ਬੰਦ ਕਰ ਦਿੱਤਾ ਸੀ ਤੇ ਇਸ ਸਬੰਧੀ ਹੁਕਮਾਂ ਨੂੰ ਅੱਜ ਸਵੇਰੇ ਬਿਨਾਂ ਕਿਸੇ ਸਪੱਸ਼ਟੀਕਰਨ ਦੇ ਹੋਰ ਵਧਾ ਦਿੱਤਾ। ਇਹ ਫੈਸਲਾ ਅਮਰੀਕਾ ਦੇ ਸੰਭਾਵੀ ਹਮਲੇ ਦੇ ਮੱਦੇਨਜ਼ਰ ਕੀਤਾ ਗਿਆ। ਇਸ ਤੋਂ ਪਹਿਲਾਂ ਇਰਾਨ ਨੇ ਦੇਰ ਰਾਤ ਇਨ੍ਹਾਂ ਉਡਾਣਾਂ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਸੀ। ਦੂਜੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਅਮਰੀਕਾ ਦੀ ਚਿਤਾਵਨੀ ਤੋਂ ਬਾਅਦ ਉਥੇ ਫਾਂਸੀ ਦੇਣ ਦੇ ਮਾਮਲੇ ਰੁਕ ਗਏ ਹਨ ਤੇ ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਕਚੀ ਨੇ ਕਿਹਾ ਕਿ ਇਰਾਨ ਵਲੋਂ ਲੋਕਾਂ ਨੂੰ ਫਾਂਸੀ ਦੇਣ ਦੀ ਕੋਈ ਯੋਜਨਾ ਨਹੀਂ ਹੈ। ਦੂਜੇ ਪਾਸੇ ਇਰਾਨੀ ਸਰਕਾਰ ਨੇ ਆਪਣੇ ਹਵਾਈ ਖੇਤਰ ਨੂੰ ਬੰਦ ਕਰਨ ਦੇ ਫੈਸਲੇ ਦਾ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਸੀ। ਇਰਾਨ ਨੇ ਬੁੱਧਵਾਰ ਦੇਰ ਰਾਤ ਜ਼ਿਆਦਾਤਰ ਉਡਾਣਾਂ ਲਈ ਆਪਣਾ ਹਵਾਈ ਖੇਤਰ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਜਿਸ ਕਾਰਨ ਏਅਰਲਾਈਨਾਂ ਨੇ ਕਈ ਉਡਾਣਾਂ ਨੂੰ ਰੱਦ ਕਰ ਦਿੱਤਾ ਹੈ ਤੇ ਕਈ ਏਅਰਲਾਈਨ ਨੇ ਆਪਣੇ ਰੂਟ ਬਦਲ ਲਏ ਹਨ ਜਿਸ ਕਾਰਨ ਯਾਤਰੀਆਂ ਨੂੰ ਦੇਰੀ ਦਾ ਸਾਹਮਣਾ ਕਰਨਾ ਪਿਆ। ਇਹ ਖੇਤਰ ਸੰਯੁਕਤ ਰਾਜ ਅਮਰੀਕਾ ਦੀ ਸੰਭਾਵੀ ਫੌਜੀ ਕਾਰਵਾਈ ਦੇ ਮੱਦੇਨਜ਼ਰ ਬੰਦ ਕੀਤਾ ਗਿਆ ਹੈ। ਇਰਾਨ ਨੇ ਨੋਟਿਸ ਵਿੱਚ ਕਿਹਾ ਕਿ ਉਸ ਨੇ 5:15 ਵਜੇ ET (2215 GMT) 'ਤੇ ਇਰਾਨ ਵਿਚ ਆਉਣ ਤੇ ਜਾਣ ਵਾਲੀਆਂ ਅੰਤਰਰਾਸ਼ਟਰੀ ਉਡਾਣਾਂ ਨੂੰ ਛੱਡ ਕੇ ਸਾਰੀਆਂ ਉਡਾਣਾਂ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਹੈ। ਇਹ ਪਾਬੰਦੀ ਅੰਦਾਜ਼ਨ 7:30 pm ET, ਜਾਂ 0030 GMT ਤੱਕ ਦੋ ਘੰਟਿਆਂ ਤੋਂ ਵੱਧ ਸਮੇਂ ਲਈ ਰਹਿਣ ਲਈ ਨਿਰਧਾਰਤ ਕੀਤੀ ਗਈ ਸੀ ਪਰ ਬਾਅਦ ਵਿੱਚ ਇਸ ਨੂੰ ਵਧਾ ਦਿੱਤਾ ਗਿਆ।










## ਲੁਧਿਆਣਾ : ਗੁਰਦੁਆਰਾ ਸਾਹਿਬ 'ਚ ਲੰਗਰ ਖਾਣਾ ਲੋਕਾਂ ਨੂੰ ਪਿਆ ਮਹਿੰਗਾ, 30 ਤੋਂ 40 ਲੋਕ ਹੋਏ ਬੀਮਾਰ



ਲੁਧਿਆਣਾ ਦੇ ਨਾਲ ਲੱਗਦੇ ਪਿੰਡ ਇਆਲੀ ਕਲਾਂ ਸੰਗਰਾਂਦ ਦੇ ਮੌਕੇ ਗੁਰਦੁਆਰਾ ਸਾਹਿਬ ਦੇ ਵਿੱਚ ਮੱਥਾ ਟੇਕਣ ਤੋਂ ਬਾਅਦ ਚਾਹ ਨਾਲ ਲਗਾਏ ਗਏ ਗਜਰੇਲੇ ਦਾ ਲੰਗਰ ਖਾਣ ਨਾਲ 30 ਤੋਂ 40 ਲੋਕਾਂ ਦੀ ਹਾਲਤ ਕਾਫੀ ਗੰਭੀਰ ਹੋ ਗਈ ਜਿਨਾਂ ਨੂੰ ਤੁਰੰਤ ਨਜ਼ਦੀਕ ਹਸਪਤਾਲ ਲਿਆਂਦਾ ਗਿਆ, ਜਿਥੇ ਕਿ ਡਾਕਟਰਾਂ ਨੇ ਦੱਸਿਆ ਕਿ ਸਾਰੇ ਮਰੀਜ਼ ਕਾਫੀ ਗੰਭੀਰ ਹਾਲਤ ਵਿੱਚ ਆਏ ਜਿਨਾਂ ਨੂੰ ਉਲਟੀਆਂ ਟੱਟੀਆਂ ਲੱਗੀਆਂ ਸਨ। ਫਿਲਹਾਲ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ ਤੇ ਕੀ ਕਾਰਨ ਹੈ ਇਸ ਸਬੰਧੀ ਜਾਂਚ ਤੋਂ ਬਾਅਦ ਪਤਾ ਲੱਗੇਗਾ ਗਜਰੇਲਾ ਖਾਣ ਤੋਂ ਬਾਅਦ ਬੀਮਾਰ ਹੋਏ ਮਰੀਜ਼ਾਂ ਨੇ ਕਿਹਾ ਕਿ ਉਹ ਸੰਗਰਾਂਦ ਮੌਕੇ ਗੁਰਦੁਆਰਾ ਸਾਹਿਬ ਵਿੱਚ ਮੱਥਾ ਟੇਕਣ ਗਏ ਸੀ ਉਸ ਤੋਂ ਬਾਅਦ ਚਾਹ ਦੇ ਨਾਲ ਗਜਰੇਲਾ ਖਾਧਾ। ਤੁਰੰਤ ਉਨ੍ਹਾਂ ਦੇ ਪੇਟ ਵਿੱਚ ਦਰਦ ਹੋਣ ਲੱਗਿਆ। ਉਲਟੀਆਂ ਆਉਣ ਲੱਗੀਆਂ ਤੇ ਉਹਨਾਂ ਦੇ ਰਿਸ਼ਤੇਦਾਰ ਉਹਨਾਂ ਨੂੰ ਹਸਪਤਾਲ ਵਿੱਚ ਲੈ ਕੇ ਆਏ ਹਨ ਇਸ ਦਾ ਕੀ ਕਾਰਨ ਰਿਹਾ, ਇਸ ਬਾਰੇ ਹਜੇ ਤੱਕ ਕਿਸੇ ਨੂੰ ਨਹੀਂ ਪਤਾ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਪੰਜਾਬ 'ਚ ਹੱਡ ਚੀਰਵੀਂ ਠੰਢ ਨੇ ਕੱਢੇ ਵੱਟ

ਪੰਜਾਬ ਅਤੇ ਚੰਡੀਗੜ੍ਹ ਦੇ ਲੋਕਾਂ ਨੂੰ ਦੋ ਹੋਰ ਦਿਨਾਂ ਤੱਕ ਸੀਤ ਲਹਿਰ ਦਾ ਸਾਹਮਣਾ ਕਰਨਾ ਪਵੇਗਾ। ਮੌਸਮ ਵਿਭਾਗ ਅਨੁਸਾਰ, ਅੱਜ (ਵੀਰਵਾਰ) ਪੰਜਾਬ ਲਈ ਸੀਤ ਲਹਿਰ ਅਤੇ ਸੰਘਣੀ ਧੁੰਦ ਲਈ ਔਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਬੁੱਧਵਾਰ ਨੂੰ ਬਠਿੰਡਾ ਅਤੇ ਫ਼ਰੀਦਕੋਟ ਵਿੱਚ ਸਭ ਤੋਂ ਘੱਟ ਤਾਪਮਾਨ 3.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸ ਦੌਰਾਨ, ਮੌਸਮ ਵਿਭਾਗ ਦੇ ਅਨੁਸਾਰ, 16 ਤਰੀਕ ਤੋਂ ਪਹਾੜਾਂ ਵਿੱਚ ਬਰਫ਼ਬਾਰੀ ਅਤੇ ਪੰਜਾਬ ਵਿੱਚ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਅਗਲੇ ਹਫ਼ਤੇ ਵੀ ਮੀਂਹ ਅਤੇ ਗੜੇ ਪੈਣ ਦੀ ਸੰਭਾਵਨਾ ਹੈ। ਚੰਡੀਗੜ੍ਹ ਹਵਾਈ ਅੱਡੇ 'ਤੇ ਧੁੰਦ ਕਾਰਨ ਬੁੱਧਵਾਰ ਰਾਤ 10 ਵਜੇ ਤੱਕ ਕੁੱਲ 22 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ।

# ਮਾਮਲੇ ਨੂੰ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਇਕੱਤਰਤਾ 'ਚ ਵਿਚਾਰਿਆ ਜਾਵੇਗਾ: ਗੜਗੱਜ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅੱਜ ਅਕਾਲ ਤਖ਼ਤ ਸਾਹਿਬ ਸਕੱਤਰੇਤ 'ਤੇ ਪੇਸ਼ ਹੋਏ। ਉਨ੍ਹਾਂ ਨੂੰ ਅਕਾਲ ਤਖਤ ਦੇ ਜਥੇਦਾਰ ਨੇ ਸਿੱਖ ਮਾਮਲਿਆਂ ਵਿਚ ਬਿਆਨਬਾਜ਼ੀ ਤੇ ਵੀਡੀਓ ਮਾਮਲੇ ਵਿਚ ਸਪਸ਼ਟੀਕਰਨ ਦੇਣ ਲਈ ਸੱਦਿਆ ਗਿਆ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਸਕੱਤਰੇਤ ਤੋਂ ਬਾਹਰ ਆਉਣ ਤੋਂ ਬਾਅਦ ਕਿਹਾ ਕਿ ਉਹ ਨਿਮਾਣੇ ਸਿੱਖ ਵਜੋਂ ਅਕਾਲ ਤਖਤ 'ਤੇ ਪੇਸ਼ ਹੋਏ ਤੇ ਉਨ੍ਹਾਂ ਕਦੇ ਵੀ ਅਕਾਲ ਤਖਤ ਨੂੰ ਚੁਣੌਤੀ ਨਹੀਂ ਦਿੱਤੀ। ਮੁੱਖ ਮੰਤਰੀ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਕਿਹਾ ਕਿ ਇਸ ਮਾਮਲੇ 'ਤੇ ਵਾਇਰਲ ਹੋਈ ਵੀਡੀਓ ਫਰਜ਼ੀ ਹੈ ਜਿਸ ਦੀ ਦੇਸ਼ ਵਿਚ ਕਿਤੋਂ ਵੀ ਜਾਂਚ ਕਰਵਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਵੀਡੀਓ ਤਿਆਰ ਕੀਤੀਆਂ ਜਾ ਰਹੀਆਂ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਥੇਦਾਰ ਨਾਲ ਗੱਲਬਾਤ ਤੋਂ ਬਾਅਦ ਮੀਡੀਆ ਨੂੰ ਸਪਸ਼ਟ ਕੀਤਾ ਹੈ। ਕਿ ਉਨ੍ਹਾਂ ਦੀ ਸਦਭਾਵਨਾ ਵਾਲੇ ਮਾਹੌਲ ਵਿੱਚ ਗੱਲਬਾਤ ਹੋਈ। ਉਨ੍ਹਾਂ ਕੋਲੋਂ ਜੋ ਕੁਝ ਵੀ ਪੁੱਛਿਆ ਗਿਆ ਸੀ ਉਨ੍ਹਾਂ ਉਸ ਬਾਰੇ ਸਪਸ਼ਟ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਜਥੇਦਾਰ ਨੂੰ 25 ਤੋਂ 30 ਹਜ਼ਾਰ ਪੰਨਿਆਂ ਵਾਲੀਆਂ ਕੁਝ ਫਾਈਲਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਵਿੱਚ ਕੁਝ ਸ਼ਿਕਾਇਤਾਂ ਵੀ ਹਨ। ਵੀਡੀਓ ਸਬੰਧੀ ਮੁੱਖ ਮੰਤਰੀ ਨੇ ਆਖਿਆ ਕਿ ਇਹ ਜਾਅਲੀ ਵੀਡੀਓ ਹੈ, ਉਹ ਜਿੱਥੇ ਵੀ ਚਾਹੁਣ ਇਸ ਦੀ ਜਾਂਚ ਕਰਵਾ ਸਕਦੇ ਹਨ।



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਗੱਲਬਾਤ ਤੋਂ ਬਾਅਦ ਸਕੱਤਰੇਤ ਤੋਂ ਬਾਹਰ ਆ ਗਏ ਹਨ। ਉਨ੍ਹਾਂ ਲਗਪਗ 45 ਮਿੰਟ ਜਥੇਦਾਰ ਨਾਲ ਗੱਲਬਾਤ ਕੀਤੀ। ਮੁੱਖ ਮੰਤਰੀ 11. 40 ਵਜੇ ਸਕੱਤਰੇਤ ਪੁੱਜੇ ਸਨ ਜਦੋਂ ਕਿ ਜਥੇਦਾਰ ਲਗਪਗ 12 ਵਜੇ ਸਕੱਤਰੇਤ ਪੁੱਜੇ ਸਨ। ਇਸ ਦੌਰਾਨ ਸ੍ਰੀ ਅਕਾਲ ਤਖਤ ਸਕੱਤਰੇਤ ਦੇ ਬਾਹਰ ਵੱਡੀ ਗਿਣਤੀ ਵਿੱਚ ਸੁਰੱਖਿਆ ਫੋਰਸ ਤਾਇਨਾਤ ਕੀਤੀ ਗਈ ਹੈ। ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਤੇ ਗਏ ਸਪਸ਼ਟੀਕਰਨ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਆਖਿਆ ਕਿ ਮੁੱਖ ਮੰਤਰੀ ਨੇ ਮੰਨਿਆ ਹੈ ਕਿ ਉਨ੍ਹਾਂ ਵਲੋਂ ਸਿੱਖ ਸਿਧਾਂਤਾਂ, ਪਰੰਪਰਾਵਾਂ ਤੇ ਮਰਿਆਦਾ ਬਾਰੇ ਕੀਤੀ ਗਈ ਬਿਆਨਬਾਜ਼ੀ ਠੀਕ ਨਹੀਂ ਸੀ। ਇਸ ਤੋਂ ਪਹਿਲਾਂ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਸੀ ਕਿ ਮੁੱਖ ਮੰਤਰੀ ਕੁਝ ਦਸਤਾਵੇਜ਼ ਵੀ ਆਪਣੇ ਨਾਲ ਲੈ ਕੇ ਆਏ ਹਨ, ਜੋ ਅਕਾਲ ਤਖਤ ਦੇ ਜਥੇਦਾਰ ਨੂੰ ਪੇਸ਼ ਕਰਨਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੋਲੋਂ ਜੋ ਵੀ ਸਵਾਲ ਪੁੱਛੇ ਜਾਣਗੇ ਉਹ ਉਨ੍ਹਾਂ ਦਾ ਜਵਾਬ ਦੇਣਗੇ। ਮੁੱਖ ਮੰਤਰੀ ਨਿਮਾਣੇ ਸਿੱਖ ਵਜੋਂ ਪੇਸ਼ ਹੋਣ ਲਈ ਪਹੁੰਚੇ ਹਨ। ਮੁੱਖ ਮੰਤਰੀ ਪੇਸ਼ੀ ਤੋਂ ਬਾਅਦ ਸਮੁੱਚੀ ਕਾਰਵਾਈ ਬਾਰੇ ਮੀਡੀਆ ਨੂੰ ਦੱਸਣਗੇ। ਸ੍ਰੀ ਧਾਲੀਵਾਲ ਤੇ ਬਲਤੇਜ ਪੰਨੂ ਨੂੰ ਅੰਦਰ ਜਾਣ ਦੀ ਆਗਿਆ ਨਹੀਂ ਦਿੱਤੀ ਗਈ। ਉਹ ਸਕੱਤਰੇਤ ਦੇ ਬਾਹਰ ਹੀ ਬੈਠੇ ਰਹੇ।

ਇਸ ਤੋਂ ਪਹਿਲਾਂ ਸਕੱਤਰੇਤ ਦੇ ਇੱਕ ਅਧਿਕਾਰੀ ਨੇ ਦੱਸਿਆ ਸੀ ਕਿ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਨਿਰਦੇਸ਼ਾਂ ਅਨੁਸਾਰ ਤਿਆਰੀਆਂ ਕੀਤੀਆਂ ਗਈਆਂ ਹਨ। ਸਕੱਤਰੇਤ ਆਮ ਤੌਰ 'ਤੇ ਸਵੇਰੇ 9.30 ਵਜੇ ਖੁੱਲ੍ਹਦਾ ਹੈ। ਜਥੇਦਾਰ ਦੀ ਮੁੱਖ ਮੰਤਰੀ ਨਾਲ ਮੁਲਾਕਾਤ ਲਈ ਵਿਸ਼ੇਸ਼ ਸਟਾਫ਼ ਦੀ ਤਾਇਨਾਤੀ ਸਮੇਤ ਸਾਰੇ ਪ੍ਰਬੰਧ ਕੀਤੇ ਗਏ ਹਨ।

ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਨੇ ਕਿਹਾ ਸੀ ਕਿ ਭਗਵੰਤ ਮਾਨ ਲਈ ਸਮਾਂ ਸਵੇਰ 10 ਵਜੇ ਦੀ ਥਾਂ ਸ਼ਾਮ 4:30 ਵਜੇ ਕੀਤਾ ਗਿਆ ਹੈ ਪਰ ਜਥੇਦਾਰ ਨੂੰ ਸੰਬੋਧਨ ਹੁੰਦਿਆਂ ਭਗਵੰਤ ਮਾਨ ਨੇ ਕਿਹਾ ਸੀ, 'ਮੇਰਾ 15 ਜਨਵਰੀ ਨੂੰ ਕੋਈ ਹੋਰ ਰੁਝੇਵਾਂ ਨਹੀਂ, ਮੈਂ ਰਾਸ਼ਟਰਪਤੀ ਦੇ ਦਫ਼ਤਰ ਵਿਖੇ ਵੀ ਸੂਚਨਾ ਦੇ ਦਿੱਤੀ ਹੈ। 15 ਜਨਵਰੀ ਦਾ ਦਿਨ ਆਪ ਜੀ ਦੇ ਆਦੇਸ਼ ਮੁਤਾਬਿਕ ਪੂਰੀ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੈ। ਸਮਾਂ ਬਦਲਣ ਸਬੰਧੀ ਕੋਈ ਵੀ ਅਧਿਕਾਰਤ ਪੱਤਰ ਜਾਂ ਬਿਆਨ ਮੇਰੇ ਜਾਂ ਦਫ਼ਤਰ ਵੱਲੋਂ ਜਾਰੀ ਨਹੀਂ ਕੀਤਾ ਗਿਆ।

## ਤਜਰਬੇ ਛੱਡੋ, ਅਕਾਲੀ ਦਲ ਨੂੰ ਮੁੜ ਸੱਤਾ 'ਚ ਲਿਆਓ: ਸੁਖਬੀਰ

### 'ਆਪ' ਸਰਕਾਰ ਨੂੰ ਨਿਸ਼ਾਨੇ 'ਤੇ ਲਿਆ; ਚੋਣਾਂ ਤੋਂ ਪਹਿਲਾਂ ਹੀ ਦਿੱਤੀਆਂ ਗਾਰੰਟੀਆਂ




ਮੇਲਾ ਮਾਘੀ ਮੌਕੇ ਚਾਲ੍ਹੀ ਮੁਕਤਿਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ 2027 ਵਿੱਚ ਆਪੋ-ਆਪਣੀ ਸਰਕਾਰ ਬਣਨ ਦੇ ਦਾਅਵੇ ਕਰਦਿਆਂ ਪੰਜਾਬੀਆਂ ਨੂੰ ਆਪੋ-ਆਪਣੇ ਹੱਕ ਵਿੱਚ ਭੁਗਤਾਉਣ ਲਈ ਤਰ੍ਹਾਂ-ਤਰ੍ਹਾਂ ਦੇ ਸਬਜ਼ਬਾਗ ਵਿਖਾਏ ਗਏ। ਭਾਵੇਂ ਭਾਜਪਾ ਤੇ ਅਕਾਲੀ ਦਲ ਨੇ ਰਲ ਕੇ ਚੋਣਾਂ ਲੜਨ ਦੀ ਕੋਈ ਗੱਲ ਨਹੀਂ ਕੀਤੀ ਪਰ ਸਿਆਸੀ ਵਿਰੋਧੀ ਵਾਂਗ ਇਕ-ਦੂਜੇ ਉਪਰ ਕੋਈ ਸ਼ਬਦੀ ਵਾਰ ਵੀ ਨਹੀਂ ਕੀਤਾ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਤਾਂ ਆਪਣੇ ਭਾਸ਼ਣ 'ਚ ਭਾਜਪਾ ਦਾ ਨਾਮ ਤੱਕ ਵੀ ਨਹੀਂ ਲਿਆ। ਦੋਵੇਂ ਪਾਰਟੀਆਂ ਨੇ ਦਾਅਵਾ ਕੀਤਾ ਕਿ ਪੰਜਾਬ ਇਸ ਵੇਲੇ ਬਹੁਤ ਖਤਰਨਾਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਸੁਖਬੀਰ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਪੰਜਾਬ ਏਜੰਸੀਆਂ ਦੇ ਖਤਰਨਾਕ ਦੌਰ 'ਚ ਫਸਿਆ ਹੋਇਆ ਹੈ, ਆਰਥਿਕ ਤੌਰ 'ਤੇ ਤਬਾਹ ਹੋ ਰਿਹਾ ਹੈ ਅਤੇ ਸੂਬੇ 'ਚ ਐਮਰਜੈਂਸੀ ਵਰਗੇ ਹਾਲਾਤ ਹਨ। ਸਰਕਾਰ ਬਣਾਉਣ ਦਾ ਜ਼ੋਰਦਾਰ ਦਾਅਵਾ ਪੇਸ਼ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ, ''ਹੱਥ ਜੋੜ ਕੇ ਬੇਨਤੀ ਹੈ ਕਿ ਆਪਣੀ ਮਾਂ ਪਾਰਟੀ ਨੂੰ ਵਾਪਸ ਲੈ ਕੇ ਆਓ ਅਤੇ ਤਜਰਬੇ ਛੱਡ ਦਿਓ।'' ਉਨ੍ਹਾਂ ਦਰਜਨ ਭਰ ਗਾਰੰਟੀਆਂ ਦਿੰਦਿਆਂ ਕਿਹਾ ਕਿ ਜੇ ਅਗਾਮੀ ਵਿਧਾਨ ਸਭਾ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਦੀ ਹੈ ਤਾਂ 10 ਦਿਨਾਂ 'ਚ ਹੀ ਸਾਰੀਆਂ ਗਾਰੰਟੀਆਂ ਪੂਰੀਆਂ ਕਰ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਹਰੇਕ ਜ਼ਿਲ੍ਹੇ ਵਿੱਚ ਇਕ ਮੈਡੀਕਲ ਕਾਲਜ ਖੋਲ੍ਹਿਆ ਜਾਵੇਗਾ ਜਿਥੇ 50 ਫ਼ੀਸਦੀ ਸੀਟਾਂ 'ਤੇ ਲੋੜਵੰਦ ਵਿਦਿਆਰਥੀਆਂ ਨੂੰ ਅੱਧੀ ਫੀਸ 'ਤੇ ਪੜ੍ਹਾਈ ਕਰਵਾਈ ਜਾਵੇਗੀ। ਸਰਕਾਰ ਬਣਨ ਦੇ 10 ਦਿਨਾਂ ਦੇ ਅੰਦਰ-ਅੰਦਰ ਬਾਰਡਰ ਖੇਤਰ ਦੇ ਕਿਸਾਨਾਂ ਦੀਆਂ ਜ਼ਮੀਨਾਂ ਦੇ ਪੱਕੇ ਹੱਲ ਅਤੇ ਲੋੜਵੰਦ ਕਿਸਾਨਾਂ ਨੂੰ ਟਿਊਬਵੈੱਲ ਕੁਨੈਕਸ਼ਨ ਦਿੱਤੇ ਜਾਣਗੇ। ਇਸ ਦੇ ਨਾਲ ਹੀ ਅੰਡਰ ਗਰਾਊਂਡ ਪਾਈਪਾਂ ਰਾਹੀਂ ਹਰੇਕ ਖੇਤ ਨੂੰ ਪਾਣੀ ਦਿੱਤਾ ਜਾਵੇਗਾ, ਸਰਹੰਦ ਨਹਿਰ 'ਦੇ ਲੱਗੇ ਲਿਫਟ ਪੰਪ ਬੰਦ ਨਹੀਂ ਹੋਣਗੇ, ਕਾਂਗਰਸ ਰਾਜ ਦੌਰਾਨ ਇੰਦਰਾ ਗਾਂਧੀ ਵੱਲੋਂ ਧੱਕੇ ਨਾਲ ਬਣਾਈ ਰਾਜਸਥਾਨ ਫੀਡਰ ਬੰਦ ਕਰਵਾ ਕੇ ਉਸ ਦਾ ਪਾਣੀ ਪੰਜਾਬ ਨੂੰ ਦਿੱਤਾ ਜਾਵੇਗਾ, ਸਾਰੀਆਂ ਜ਼ਮੀਨਾਂ ਦੇ ਇੰਤਕਾਲ ਅਤੇ ਲਾਲ ਡੋਰੇ ਅੰਦਰਲੀ ਜ਼ਮੀਨ ਦੀ ਰਜਿਸਟਰੀ ਕਰਨ ਦੇ ਹੁਕਮ ਜਾਰੀ ਕੀਤੇ ਜਾਣਗੇ।

## ਭਾਜਪਾ ਦੀ ਕਾਨਫ਼ਰੰਸ 'ਚ ਭਰਵਾਂ ਇਕੱਠ



ਭਾਜਪਾ ਵੱਲੋਂ ਪੰਜਾਬ 'ਚ ਪਹਿਲੀ ਵਾਰ ਮੇਲਾ ਮਾਘੀ ਮੌਕੇ ਕੀਤੀ ਕਾਨਫਰੰਸ 'ਚ ਲੋਕਾਂ ਦਾ ਭਰਵਾਂ ਇਕੱਠ ਰਿਹਾ। ਕਾਨਫਰੰਸ ਵਿੱਚ ਸੱਤ ਜ਼ਿਲ੍ਹਿਆਂ ਮੁਕਤਸਰ, ਫ਼ਾਜ਼ਿਲਕਾ, ਫ਼ਰੀਦਕੋਟ, ਮੋਗਾ, ਬਠਿੰਡਾ ਸ਼ਹਿਰੀ ਅਤੇ ਦਿਹਾਤੀ ਤੋਂ ਲੋਕ ਆਏ। ਇਸ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਦਾਅਵਾ ਕੀਤਾ ਕਿ ਜਿਸ ਸੂਬੇ ਵਿੱਚ ਵੀ ਭਾਜਪਾ ਦੀ ਸਰਕਾਰ ਬਣੀ ਹੈ, ਉਹ ਤਰੱਕੀ 'ਤੇ ਹੈ। ਹਰਿਆਣਾ ਦਾ ਪੰਜਾਬ ਨਾਲ ਮੁਕਾਬਲਾ ਕਰਦਿਆਂ ਕਿਹਾ ਕਿ ਚੋਣਾਂ ਵੇਲੇ ਉਨ੍ਹਾਂ 217 ਵਾਅਦੇ ਕੀਤੇ ਸੀ ਤੇ ਇਕ ਸਾਲ ਵਿੱਚ ਹੀ 53 ਪੂਰੇ ਕਰ ਦਿੱਤੇ ਹਨ। ਇਹ ਤਾਂ ਹੀ ਸੰਭਵ ਹੈ ਜੇ ਡਬਲ ਇੰਜਣ ਵਾਲੀ ਸਰਕਾਰ ਹੈ। ਹਮੀਰਪੁਰ ਤੋਂ ਭਾਜਪਾ ਦੇ ਸੰਸਦ ਮੈਂਬਰ ਅਨੁਰਾਗ ਠਾਕੁਰ ਨੇ ਕਿਹਾ ਕਿ ਪੰਜਾਬ ਨੂੰ ਬਚਾਉਣ ਲਈ ਨਸ਼ਿਆਂ ਗੈਂਗਸਟਰਾਂ, ਭ੍ਰਿਸ਼ਟਾਚਾਰ ਆਦਿ ਖ਼ਿਲਾਫ਼ ਲੜਨਾ ਪਵੇਗਾ। ਅਰਵਿੰਦ ਕੇਜਰੀਵਾਲ ਪੰਜਾਬ ਦਾ ਪੈਸਾ ਖ਼ਰਚ ਕਰ ਰਿਹਾ ਹੈ।

ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਵੀ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਪੰਜਾਬ ਵਿੱਚ ਪਹਿਲੀ ਵਾਰ ਸਰਕਾਰੀ ਬੱਸਾਂ ਨੂੰ ਪਾਰਟੀ ਰੈਲੀਆਂ ਲਈ ਵਰਤਿਆ ਜਾ ਰਿਹਾ ਹੈ। ਪੁਲੀਸ 'ਤੇ ਲੋਕਾਂ ਨੂੰ ਵਿਰੋਧੀ ਪਾਰਟੀ ਦੀਆਂ ਕਾਨਫਰੰਸਾਂ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਦਬਾਅ ਪਾਇਆ ਜਾ ਰਿਹਾ ਹੈ। ਮੁੱਖ ਮੰਤਰੀ ਵਿਦੇਸ਼ ਦੌਰਿਆਂ 'ਤੇ ਪੰਜਾਬ ਦਾ ਪੈਸਾ ਖ਼ਰਚ ਕਰ ਰਹੇ ਹਨ।

ਭਾਜਪਾ ਪੰਜਾਬ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ 'ਆਪ' ਸਰਕਾਰ ਨੇ ਸੂਬੇ ਦੇ ਹਾਲਾਤ ਵਿਗਾੜ ਦਿੱਤੇ ਹਨ। ਇਸ ਮੌਕੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਸਾਬਕਾ ਸੰਸਦ ਮੈਂਬਰ ਪ੍ਰਨੀਤ ਕੌਰ, ਸਾਬਕਾ ਮੰਤਰੀ ਮਨਪ੍ਰੀਤ ਬਾਦਲ, ਵਿਧਾਇਕ ਸੰਦੀਪ ਜਾਖੜ, ਗੋਰਾ ਪਠੇਲਾ ਤੇ ਗੁਰਚਰਨ ਸਿੰਘ ਸੰਧੂ ਮੌਜੂਦ ਸਨ।

## ਪੰਥਕ ਧਿਰਾਂ ਇਕੱਠੀਆਂ ਹੋ ਕੇ ਚੋਣ ਲੜਨ: ਮਾਨ

### ਮਾਘੀ ਮੇਲੇ ਮੌਕੇ ਅਕਾਲੀ ਦਲ (ਅੰਮ੍ਰਿਤਸਰ) ਦੀ ਕਾਨਫਰੰਸ; ਸਿੱਖਾਂ 'ਤੇ ਹੋ ਰਹੇ ਜ਼ੁਲਮਾਂ ਖਿਲਾਫ਼ ਸਿਆਸੀ ਚੁੱਪ 'ਤੇ ਚੁੱਕੇ ਸਵਾ



ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪੰਜਾਬ ਵਿਧਾਨ ਸਭਾ 2027 ਦੀਆਂ ਚੋਣਾਂ ਸਮੇਂ ਸਾਰੀਆਂ ਪੰਥਕ ਧਿਰਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਮੇਲਾ ਮਾਘੀ ਮੌਕੇ ਡੇਰਾ ਭਾਈ ਮਸਤਾਨ ਸਿੰਘ ਵਿੱਚ ਪਾਰਟੀ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਅਤੇ ਸਿੱਖ ਕੌਮ ਦੇ ਭਲੇ ਦਾ ਇਹੀ ਇੱਕੋ-ਇੱਕ ਰਾਹ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਾਰੀਆਂ ਪਾਰਟੀਆਂ ਬੇਸ਼ੱਕ ਆਪੋ-ਆਪਣਾ ਏਜੰਡਾ ਰੱਖਣ, ਪਰ ਚੋਣਾਂ ਮਿਲ ਕੇ ਲੜਨ।

ਉਨ੍ਹਾਂ ਕਿਹਾ ਕਿ ਅਕਾਲੀ ਦਲ (ਅੰਮ੍ਰਿਤਸਰ) ਇਸ ਏਕਤਾ ਲਈ ਬਾਕੀ ਪੰਥਕ ਧਿਰਾਂ ਨਾਲ ਰਾਬਤਾ ਕਾਇਮ ਕਰ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼-ਵਿਦੇਸ਼ ਵਿੱਚ ਸਿੱਖਾਂ 'ਤੇ ਹੋ ਰਹੇ ਜ਼ੁਲਮਾਂ ਵਿਰੁੱਧ ਭਾਰਤ ਅਤੇ ਪੰਜਾਬ ਸਰਕਾਰ ਦੇ ਨਾਲ-ਨਾਲ ਵਿਰੋਧੀ ਧਿਰ ਦੇ ਆਗੂ ਵੀ ਚੁੱਪ ਹਨ। ਉਨ੍ਹਾਂ ਪ੍ਰਤਾਪ ਸਿੰਘ ਬਾਜਵਾ, ਰਾਜਾ ਵੜਿੰਗ ਅਤੇ ਸੁਖਬੀਰ ਸਿੰਘ ਬਾਦਲ ਸਮੇਤ ਸ਼੍ਰੋਮਣੀ ਕਮੇਟੀ ਦੀ ਚੁੱਪ 'ਤੇ ਸਵਾਲ ਚੁੱਕੇ। ਅਮਰੀਕਾ ਵੱਲੋਂ ਵੈਨੇਜ਼ੁਏਲਾ 'ਤੇ ਕੀਤੀ ਕਾਰਵਾਈ ਨੂੰ ਜਾਇਜ਼ ਠਹਿਰਾਉਂਦਿਆਂ ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਇਰਾਨ ਨਾਲ ਵੀ ਇਸੇ ਤਰ੍ਹਾਂ ਨਜਿੱਠਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇ ਅਮਰੀਕਾ ਦੀ ਦੁਨੀਆ 'ਤੇ ਅਜ਼ਾਰੇਦਾਰੀ ਕਾਇਮ ਹੋ ਜਾਵੇ ਤਾਂ ਸਿੱਖਾਂ ਲਈ ਆਜ਼ਾਦ ਰਾਜ ਦੀ ਸੰਭਾਵਨਾ ਬਣ ਸਕਦੀ ਹੈ।

**'ਵਾਰਿਸ ਪੰਜਾਬ ਦੇ' ਵੱਲੋਂ ਸਾਰੀਆਂ ਸੀਟਾਂ 'ਤੇ ਚੋਣ ਲੜਨ ਦਾ ਐਲਾਨ**

ਮੇਲਾ ਮਾਘੀ ਮੌਕੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਜਥੇਬੰਦੀ 'ਵਾਰਿਸ ਪੰਜਾਬ ਦੇ' ਨੇ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਚੋਣ ਲੜਨ ਦਾ ਐਲਾਨ ਕੀਤਾ ਹੈ। ਮਲੋਟ ਰੋਡ 'ਤੇ ਹੋਈ ਕਾਨਫਰੰਸ ਦੌਰਾਨ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ (ਖਡੂਰ ਸਾਹਿਬ) ਅਤੇ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਕਿਹਾ ਕਿ ਪੰਜਾਬ ਦੇ ਭਲੇ ਲਈ ਸਿਆਸੀ ਮੈਦਾਨ ਵਿੱਚ ਨਿੱਤਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ 25 ਫਰਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤੱਕ 'ਬੰਦੀ ਛੋੜ ਖ਼ਾਲਸਾ ਵਹੀਰ' ਸਜਾਈ ਜਾਵੇਗੀ। ਅੰਮ੍ਰਿਤਪਾਲ ਸਿੰਘ 'ਤੇ ਲੱਗੇ ਐੱਨ ਐੱਸ ਏ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ 10 ਫਰਵਰੀ ਨੂੰ ਰੋਸ ਮਾਰਚ ਕੀਤਾ ਜਾਵੇਗਾ। ਇਹ ਮਾਰਚ ਚੰਡੀਗੜ੍ਹ ਪਹੁੰਚ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਦਾ ਘਿਰਾਓ ਕਰੇਗਾ।

## ਮੇਲਾ ਮਾਘੀ: ਕੜਾਕੇ ਦੀ ਠੰਢ 'ਚ ਦੇਸ਼-ਵਿਦੇਸ਼ ਤੋਂ ਪੁੱਜੇ ਸ਼ਰਧਾਲੂ



ਕੜਾਕੇ ਦੀ ਠੰਢ ਅਤੇ ਸੰਘਣੀ ਧੁੰਦ ਦੇ ਬਾਵਜੂਦ 13 ਜਨਵਰੀ ਦੀ ਅੱਧੀ ਰਾਤ ਤੋਂ ਲੈ ਕੇ ਅੱਜ ਸਾਰਾ ਦਿਨ ਵੱਡੀ ਗਿਣਤੀ ਸੰਗਤ ਨੇ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰ ਕੇ ਚਾਲੀ ਮੁਕਤਿਆਂ ਦੀ ਸ਼ਹਾਦਤ ਨੂੰ ਸਿਜਦਾ ਕੀਤਾ। ਇੱਥੇ ਪੰਜਾਬ ਤੇ ਗੁਆਂਢੀ ਸੂਬਿਆਂ ਤੋਂ ਇਲਾਵਾ ਵਿਦੇਸ਼ਾਂ ਤੋਂ ਵੀ ਸੰਗਤ ਪੁੱਜੀ ਹੋਈ ਹੈ। ਸੰਗਤ ਪਵਿੱਤਰ ਸਰੋਵਰ 'ਚ ਇਸ਼ਨਾਨ ਤੋਂ ਬਾਅਦ ਦਰਬਾਰ ਸਾਹਿਬ ਕੰਪਲੈਕਸ ਵਿੱਚ ਬਣੇ ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਤੰਬੂ ਸਾਹਿਬ, ਮਾਈ ਭਾਗੋ ਅਤੇ ਸ਼ਹੀਦ ਗੰਜ ਸਾਹਿਬ ਵਿੱਚ ਨਤਮਸਤਕ ਹੋਈ। ਇਸ ਦੌਰਾਨ ਭਾਈ ਮਹਾਂ ਸਿੰਘ ਦੀਵਾਨ ਹਾਲ ਵਿੱਚ ਢਾਡੀ ਦਰਬਾਰ ਚੱਲਦਾ ਰਿਹਾ। ਇਸ ਦੇ ਨਾਲ ਹੀ ਸਿੱਖ ਇਤਿਹਾਸ ਨਾਲ ਸਬੰਧਤ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ। ਦਰਬਾਰ ਸਾਹਿਬ ਕਮੇਟੀ ਨੇ ਠੰਢ ਦੇ ਮੱਦੇਨਜ਼ਰ ਪਰਿਕਰਮਾ 'ਚ ਮੈਟ ਵਿਛਾਏ ਹੋਏ ਸਨ ਅਤੇ ਸੰਗਤ ਨੂੰ ਰਜਾਈਆਂ ਦਿੱਤੀਆਂ ਗਈਆਂ। ਥਾਂ-ਥਾਂ ਚਾਹ ਅਤੇ ਪਕੌੜਿਆਂ ਦੇ ਲੰਗਰ ਵੀ ਚੱਲ ਰਹੇ ਸਨ। ਇਸੇ ਤਰ੍ਹਾਂ ਗੁਰਦੁਆਰਾ ਟਿੱਬੀ ਸਾਹਿਬ ਦੇ ਸਰੋਵਰ ਵਿੱਚ ਵੀ ਸੰਗਤ ਨੇ ਇਸ਼ਨਾਨ ਕੀਤਾ। ਇਸੇ ਦੌਰਾਨ ਨਿਹੰਗ ਸਿੰਘਾਂ ਨੇ ਦਰਜਨ ਛਾਉਣੀਆਂ 'ਚ ਟਿਕਾਣੇ ਕੀਤੇ ਹੋਏ ਹਨ। ਬੁੱਢਾ ਦਲ, ਤਰਨਾ ਦਲ, ਬਾਬਾ ਬਿਧੀ ਚੰਦ, ਬਾਬਾ ਹਰੀਆ ਵੇਲਾਂ ਵਾਲੇ, ਭਿੱਖੀਵਿੰਡ ਸਣੇ ਹੋਰ ਦਰਜਨਾਂ ਦਲਾਂ ਦੇ ਨਿਹੰਗ ਸਿੰਘ ਇੱਥੇ ਪਹੁੰਚੇ ਹੋਏ ਹਨ। ਨਿਹੰਗ ਛਾਉਣੀਆਂ 'ਚ ਦਸਮ ਗ੍ਰੰਥ ਦੇ ਅਖੰਡ ਪਾਠ ਸ਼ੁਰੂ ਹੋ ਗਏ ਹਨ, ਜਿਨ੍ਹਾਂ ਦੇ ਭੋਗ ਭਲਕੇ ਪਾਏ ਜਾਣਗੇ। ਨਿਹੰਗ ਅਵਤਾਰ ਸਿੰਘ ਨੇ ਦੱਸਿਆ ਕਿ ਆਦਿ ਬਾਣੀ ਮਨ ਨੂੰ ਕਾਬੂ ਕਰਨ ਵਾਸਤੇ ਅਤੇ ਦਸਮ ਬਾਣੀ ਜੋਸ਼ ਪੈਦਾ ਕਰਨ ਵਾਸਤੇ ਰਚੀ ਗਈ ਹੈ। 15 ਜਨਵਰੀ ਨੂੰ ਨਿਹੰਗ ਸਿੰਘ ਹੋਲਾ ਮੁਹੱਲਾ ਵਿੱਚ ਸ਼ਾਮਲ ਹੋ ਕੇ ਗਤਕੇ ਤੇ ਘੋੜ ਸਵਾਰੀ ਦੇ ਕਰਤੱਬ ਦਿਖਾਉਣਗੇ। ਦਰਬਾਰ ਸਾਹਿਬ ਦੇ ਮੈਨੇਜਰ ਨਿਰਮਲ ਸਿੰਘ ਨੇ ਦੱਸਿਆ ਕਿ ਠੰਢ ਦੇ ਬਾਵਜੂਦ ਸੰਗਤ ਲਗਾਤਾਰ ਪੁੱਜ ਰਹੀ ਹੈ। ਕਮੇਟੀ ਨੇ ਕੜਾਹ ਪ੍ਰਸ਼ਾਦ ਦੀ ਦੇਗ ਵਾਸਤੇ 15 ਵਾਧੂ ਕਾਊਂਟਰ ਅਤੇ 300 ਸੇਵਾਦਾਰ ਲਾਏ ਗਏ ਹਨ। ਚਾਲੀ ਮੁਕਤਿਆਂ ਦੀ ਯਾਦ ਵਿੱਚ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿੱਚ ਅਖੰਡ ਪਾਠ ਦਾ ਭੋਗ ਪਾਇਆ। 15 ਜਨਵਰੀ ਨੂੰ ਗੇਟ ਨੰਬਰ 4 ਤੋਂ ਨਗਰ ਕੀਰਤਨ ਆਰੰਭ ਹੋ ਕੇ ਗੁਰਦੁਆਰਾ ਸ੍ਰੀ ਟਿੱਬੀ ਸਾਹਿਬ, ਗੁਰਦੁਆਰਾ ਦਾਤਣਸਰ ਸਾਹਿਬ ਹੁੰਦਾ ਹੋਇਆ ਵਾਪਸ ਦਰਬਾਰ ਸਾਹਿਬ ਪੁੱਜੇਗਾ।

## ਸਿਆਸੀ ਸੇਵਾ 'ਚ ਰਹੀਆਂ ਸਰਕਾਰੀ ਬੱਸਾਂ

ਪੀ ਆਰ ਟੀ ਸੀ/ਰੋਡਵੇਜ਼ ਦੀਆਂ ਲਾਰੀਆਂ ਅੱਜ ਸੱਤਾਧਾਰੀ ਧਿਰ ਦੀ ਸ੍ਰੀ ਮੁਕਤਸਰ ਸਾਹਿਬ ਵਿੱਚ ਸਿਆਸੀ ਕਾਨਫਰੰਸ ਦੀ 'ਸੇਵਾ' ਵਿੱਚ ਲੱਗੀਆਂ ਰਹੀਆਂ। ਇਸ ਕਾਰਨ ਲੋਕ ਬੱਸ ਅੱਡਿਆਂ ਵਿੱਚ ਸਰਕਾਰੀ ਬੱਸਾਂ ਦੀ ਉਡੀਕ ਕਰਦੇ ਰਹੇ। ਜ਼ਿਲ੍ਹੇ ਦੇ ਸਾਰੇ ਉਪ ਮੰਡਲਾਂ ਤੇ ਕਸਬਿਆਂ ਦੇ ਬੱਸ ਅੱਡਿਆਂ ਵਿੱਚ ਸਵਾਰੀਆਂ ਖ਼ੁਆਰ ਹੁੰਦੀਆਂ ਰਹੀਆਂ। ਸਥਾਨਕ ਜ਼ਿਲ੍ਹਾ ਹੈਡਕੁਆਰਟਰ ਦੇ ਬੱਸ ਅੱਡੇ ਵਿੱਚ ਪੀ ਆਰ ਟੀ ਸੀ ਦੀ ਕੋਈ ਬੱਸ ਨਜ਼ਰ ਨਹੀਂ ਆਈ। ਇੱਥੇ ਜਿਵੇਂ ਹੀ ਕੋਈ ਵਿਰਲੀ-ਟਾਵੀਂ ਸਰਕਾਰੀ ਬੱਸ ਅੱਡੇ 'ਚ ਦਾਖ਼ਲ ਹੁੰਦੀ ਸੀ ਤਾਂ ਸਵਾਰੀਆਂ ਇੱਕ-ਦੂਜੇ ਤੋਂ ਅੱਗੇ ਹੋ ਕੇ ਚੜ੍ਹਨ ਦੀ ਕੋਸ਼ਿਸ਼ ਕਰਦੀਆਂ। ਸਰਕਾਰੀ ਬੱਸਾਂ ਦੀ ਗ਼ੈਰਹਾਜ਼ਰੀ ਵਿੱਚ ਸਭ ਤੋਂ ਜ਼ਿਆਦਾ ਦਿੱਕਤ ਔਰਤਾਂ ਨੂੰ ਆਈ ਕਿਉਂਕਿ ਉਨ੍ਹਾਂ ਨੂੰ ਅੱਜ ਪ੍ਰਾਈਵੇਟ ਬੱਸਾਂ ਵਿੱਚ ਕਿਰਾਇਆ ਦੇ ਕੇ ਸਫ਼ਰ ਕਰਨਾ ਪਿਆ।

ਸਥਾਨਕ ਬੱਸ ਅੱਡਾ ਅੱਜ ਸਰਕਾਰੀ ਬੱਸਾਂ ਬਿਨਾਂ ਸੁੰਨਸਾਨ ਪਿਆ ਸੀ। ਸਿਰਫ਼ ਪ੍ਰਾਈਵੇਟ ਕੰਪਨੀਆਂ ਦੀਆਂ ਬੱਸਾਂ ਹੀ ਚੱਲਦੀਆਂ ਨਜ਼ਰ ਆ ਰਹੀਆਂ ਸਨ। ਮੁਸਾਫ਼ਿਰਾਂ ਨੂੰ ਪ੍ਰਾਈਵੇਟ ਬੱਸਾਂ ਦਾ ਵੀ ਲੰਮਾ ਸਮਾਂ ਇੰਤਜ਼ਾਰ ਕਰਨਾ ਪਿਆ। ਇਸ ਮੌਕੇ ਮੁਸਾਫ਼ਿਰਾਂ ਨੇ ਕਿਹਾ ਕਿ ਭਾਵੇਂ ਕਿਸੇ ਵੀ ਤਰ੍ਹਾਂ ਦਾ ਸਰਕਾਰੀ ਸਮਾਗਮ ਜਾਂ ਸਿਆਸੀ ਰੈਲੀ ਹੋਵੇ ਪਰ ਸਰਕਾਰ ਨੂੰ ਲੋਕਾਂ ਦੀ ਸਹੂਲਤ ਦਾ ਖ਼ਿਆਲ ਰੱਖਣਾ ਚਾਹੀਦਾ ਹੈ।

## ਅਮਰੀਕਾ 'ਚ ਭਾਰਤੀ ਮਹਿਲਾ ਦੀ ਦਰਿੰਦਗੀ, ਆਪਣੇ ਹੀ ਬੱਚਿਆਂ ਨੂੰ ਬੇਰਹਿਮੀ ਨਾਲ ਉਤਾਰਿਆ ਮੌਤ ਦੇ ਘਾਟ



ਨਿਊ ਜਰਸੀ ਦੇ ਹਿਲਸਬਰੋ ਵਿੱਚ ਇੱਕ ਦੁਖਦਾਈ ਘਟਨਾ ਵਾਪਰੀ ਹੈ। 35 ਸਾਲਾ ਭਾਰਤੀ-ਅਮਰੀਕੀ ਔਰਤ ਪ੍ਰਿਯਥਰਸਿਨੀ ਨਟਰਾਜਨ ਨੂੰ ਉਸਦੇ ਦੋ ਛੋਟੇ ਪੁੱਤਰਾਂ ਦੇ ਕਤਲ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਸਮਰਸੈੱਟ ਕਾਉਂਟੀ ਦੇ ਵਕੀਲ ਜੌਨ ਮੈਕਡੋਨਲਡ ਦੇ ਅਨੁਸਾਰ, ਬੱਚਿਆਂ ਦੇ ਪਿਤਾ ਨੇ 13 ਜਨਵਰੀ, 2026 ਨੂੰ ਸ਼ਾਮ 6:45 ਵਜੇ 911 'ਤੇ ਫ਼ੋਨ ਕੀਤਾ। ਉਸਨੇ ਦੱਸਿਆ ਕਿ ਕੰਮ ਤੋਂ ਘਰ ਵਾਪਸ ਆਉਣ 'ਤੇ, ਉਸਨੇ ਆਪਣੇ 5 ਅਤੇ 7 ਸਾਲ ਦੇ ਪੁੱਤਰਾਂ ਨੂੰ ਬੇਹੋਸ਼ ਪਾਇਆ ਅਤੇ ਕਿਹਾ ਕਿ ਉਸਦੀ ਪਤਨੀ ਨੇ ਬੱਚਿਆਂ ਨਾਲ ਕੁਝ ਕੀਤਾ ਹੈ।

**ਬੈੱਡਰੂਮ ਵਿੱਚ ਮ੍ਰਿਤ ਮਿਲੇ ਬੱਚੇ**

ਜਦੋਂ ਪੁਲਿਸ ਘਟਨਾ ਸਥਾਨ 'ਤੇ ਪਹੁੰਚੀ, ਤਾਂ ਪਿਤਾ ਅਤੇ ਉਸਦੀ ਪਤਨੀ, ਪ੍ਰਿਯਥਰਸਿਨੀ ਨਟਰਾਜਨ ਦੋਵੇਂ ਮੌਜੂਦ ਸਨ। ਦੋਵੇਂ ਬੱਚੇ ਇੱਕ ਬੈੱਡਰੂਮ ਵਿੱਚ ਮ੍ਰਿਤਕ ਪਾਏ ਗਏ। ਮੈਡੀਕਲ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਉਨ੍ਹਾਂ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੂੰ ਮੌਕੇ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਨਟਰਾਜਨ ਨੇ ਬੱਚਿਆਂ ਦਾ ਕਤਲ ਕੀਤਾ ਸੀ, ਜਿਸ ਕਾਰਨ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

**ਨਟਰਾਜਨ ਵਿਰੁੱਧ ਗੰਭੀਰ ਦੋਸ਼**

ਨਟਰਾਜਨ 'ਤੇ ਫ਼ਰਸਟ ਡਿਗਰੀ ਦੇ ਕਤਲ ਦੇ ਦੋ ਦੋਸ਼ ਅਤੇ ਗੈਰ-ਕਾਨੂੰਨੀ ਉਦੇਸ਼ ਲਈ ਹਥਿਆਰ ਰੱਖਣ ਦੇ ਇੱਕ ਦੋਸ਼, ਥਰਡ-ਡਿਗਰੀ ਦੇ ਗੰਭੀਰ ਦੋਸ਼ ਲਗਾਏ ਗਏ ਹਨ। ਨਟਰਾਜਨ ਨੂੰ ਹਿਲਸਬਰੋ ਪੁਲਿਸ ਨੇ ਗ੍ਰਿਫਤਾਰ ਕੀਤਾ ਸੀ ਅਤੇ ਉਸਨੂੰ ਮੁਕੱਦਮੇ ਦੀ ਸੁਣਵਾਈ ਲਈ ਸਮਰਸੈੱਟ ਕਾਉਂਟੀ ਜੇਲ੍ਹ ਵਿੱਚ ਰੱਖਿਆ ਗਿਆ ਹੈ। ਇਸ ਮਾਮਲੇ ਦੀ ਜਾਂਚ ਹਿਲਸਬਰੋ ਟਾਊਨਸ਼ਿਪ ਪੁਲਿਸ ਦੇ ਜਾਸੂਸਾਂ, ਸਮਰਸੈੱਟ ਕਾਉਂਟੀ ਪ੍ਰੌਸੀਕਿਊਟਰ ਆਫਿਸ ਮੇਜਰ ਕ੍ਰਾਈਮਜ਼ ਯੂਨਿਟ, ਕ੍ਰਾਈਮ ਸੀਨ ਇਨਵੈਸਟੀਗੇਸ਼ਨ ਯੂਨਿਟ, ਅਤੇ ਨਿਊ ਜਰਸੀ ਨੌਰਦਰਨ ਰੀਜਨਲ ਮੈਡੀਕਲ ਐਗਜ਼ਾਮੀਨਰ ਆਫਿਸ ਦੇ ਜਾਂਚਕਰਤਾਵਾਂ ਦੁਆਰਾ ਕੀਤੀ ਜਾ ਰਹੀ ਹੈ।

**ਪੁਲਿਸ ਨੇ ਨਹੀਂ ਦਿੱਤੇ ਬੱਚਿਆਂ ਦੇ ਨਾਮ**

ਬੱਚਿਆਂ ਦੀ ਪਛਾਣ ਅਤੇ ਮੌਤ ਦੇ ਕਾਰਨ ਸਮੇਤ ਤਰੀਕੇ ਦਾ ਪਤਾ ਲਗਾਉਣ ਲਈ ਉੱਤਰੀ ਖੇਤਰੀ ਮੈਡੀਕਲ ਐਗਜ਼ਾਮੀਨਰ ਆਫਿਸ ਦੁਆਰਾ ਪੋਸਟਮਾਰਟਮ ਜਾਂਚ ਕੀਤੀ ਜਾਵੇਗੀ। ਬੱਚਿਆਂ ਦੇ ਨਾਮ ਅਜੇ ਜਾਰੀ ਨਹੀਂ ਕੀਤੇ ਗਏ ਹਨ ਅਤੇ ਜਾਂਚ ਜਾਰੀ ਹੈ।









# ਅਮਰੀਕਾ 'ਚ ਛੇ ਲੋਕਾਂ ਦੀ ਹੱਤਿਆ ਦੇ ਦੋਸ਼ੀ ਨੇ ਅਦਾਲਤ 'ਚ ਖ਼ੁਦ ਨੂੰ ਦੱਸਿਆ ਬੇਕਸੂਰ



ਅਮਰੀਕੀ ਰਾਜ ਮਿਸੀਸਿਪੀ ਦੇ ਉੱਤਰ-ਪੂਰਬੀ ਹਿੱਸੇ ਵਿੱਚ ਕਲੇ ਕਾਉਂਟੀ ਦੇ ਪੇਂਡੂ ਖੇਤਰ ਵਿੱਚ ਇੱਕ ਭਿਆਨਕ ਹਿੰਸਕ ਘਟਨਾ ਵਿੱਚ ਛੇ ਲੋਕਾਂ ਦੀ ਮੌਤ ਹੋ ਗਈ ਸੀ। ਮ੍ਰਿਤਕਾਂ ਵਿੱਚ ਇੱਕ 7 ਸਾਲ ਦੀ ਕੁੜੀ ਵੀ ਸ਼ਾਮਿਲ ਸੀ। ਇੱਕ 24 ਸਾਲਾ ਵਿਅਕਤੀ, ਡਾਰਿਕਾ ਐਮ. ਮੂਰ, 'ਤੇ ਕਤਲ ਦਾ ਦੋਸ਼ ਲਗਾਇਆ ਗਿਆ ਸੀ। ਜਦੋਂ ਪੁਲਿਸ ਨੇ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਤਾਂ ਮੂਰ ਨੇ ਅਦਾਲਤ ਵਿੱਚ ਆਪਣੇ ਆਪ ਨੂੰ ਬੇਕਸੂਰ ਐਲਾਨ ਦਿੱਤਾ। ਰਿਪੋਰਟਾਂ ਦੇ ਅਨੁਸਾਰ, ਕਲੇਅ ਕਾਉਂਟੀ ਅਦਾਲਤ ਵਿੱਚ ਸੁਣਵਾਈ ਦੌਰਾਨ ਮੂਰ ਨੇ ਕੁੱਲ 11 ਸੰਗੀਨ ਦੋਸ਼ਾਂ ਵਿੱਚ ਆਪਣੇ ਆਪ ਨੂੰ ਦੋਸ਼ੀ ਨਹੀਂ ਮੰਨਿਆ ਹੈ। ਇਨ੍ਹਾਂ ਵਿੱਚ ਕਤਲ, ਬੱਚੇ ਦੀ ਹੱਤਿਆ ਦੀ ਕੋਸ਼ਿਸ਼, ਜਿਨਸੀ ਹਮਲੇ ਦੀ ਕੋਸ਼ਿਸ਼, ਚੋਰੀ ਅਤੇ ਮੋਟਰ ਵਾਹਨ ਚੋਰੀ ਸ਼ਾਮਲ ਹਨ। ਕਿਉਂਕਿ ਉਸ 'ਤੇ ਮੌਤ ਦੀ ਸਜ਼ਾ ਦਾ ਦੋਸ਼ ਹੈ, ਇਸ ਲਈ ਉਹ ਮਿਸੀਸਿਪੀ ਰਾਜ ਦੇ ਕਾਨੂੰਨ ਤਹਿਤ ਜ਼ਮਾਨਤ ਲਈ ਯੋਗ ਨਹੀਂ ਹੈ।

ਮੂਰ ਨੇ ਅਦਾਲਤ ਵਿੱਚ ਖੁਦ ਨੂੰ ਬੇਕਸੂਰ ਦੱਸਿਆ, ਅਤੇ ਜੱਜ ਨੇ ਮਾਨਸਿਕ ਮੁਲਾਂਕਣ ਦਾ ਹੁਕਮ ਦਿੱਤਾ ਹੈ। ਮੂਰ ਵੱਲੋਂ ਅਜੇ ਤੱਕ ਕੋਈ ਵਕੀਲ ਪੇਸ਼ ਨਹੀਂ ਹੋਇਆ ਹੈ। ਜ਼ਿਲ੍ਹਾ ਅਟਾਰਨੀ ਸਕਾਟ ਕੋਲਮ ਨੇ ਵੀ ਪੁੱਛਗਿੱਛ ਦਾ ਤੁਰੰਤ ਜਵਾਬ ਨਹੀਂ ਦਿੱਤਾ ਹੈ।

ਅਧਿਕਾਰੀਆਂ ਦੇ ਅਨੁਸਾਰ, ਮੂਰ ਨੇ ਪਿਛਲੇ ਹਫ਼ਤੇ ਸ਼ੁੱਕਰਵਾਰ ਦੇਰ ਰਾਤ ਤਿੰਨ ਵੱਖ-ਵੱਖ ਥਾਵਾਂ 'ਤੇ ਤਿੰਨ ਲੋਕਾਂ 'ਤੇ ਹਮਲਾ ਕੀਤਾ, ਜਿਨ੍ਹਾਂ ਵਿੱਚ ਉਸਦਾ ਪਿਤਾ (67 ਸਾਲਾ ਗਲੇਨ ਮੂਰ), ਭਰਾ (33 ਸਾਲਾ ਕੁਇੰਟਨ ਮੂਰ), ਚਾਚਾ (55 ਸਾਲਾ ਵਿਲੀ ਐਡ ਗਾਈਨਸ), ਇੱਕ 12 ਸਾਲਾ ਚਚੇਰੀ ਭੈਣ (ਮਿਕਿਲੀਆ ਗਿਨੀਜ਼), ਇੱਕ ਸਥਾਨਕ ਅਪੋਸਟੋਲਿਕ ਚਰਚ ਦੇ ਇੱਕ ਪਾਦਰੀ (ਬੈਰੀ ਬ੍ਰੈਡਲੀ), ਅਤੇ ਪਾਦਰੀ ਦੇ ਭਰਾ (ਸੈਮੂਅਲ ਬ੍ਰੈਡਲੀ) ਦਾ ਕਤਲ ਕਰ ਦਿੱਤਾ ਸੀ। ਕਲੇਅ ਕਾਉਂਟੀ ਸ਼ੈਰਿਫ਼ ਐਡੀ ਸਕਾਟ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਸਬੂਤ ਅਤੇ ਗਵਾਹ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਮੂਰ ਇਕੱਲਾ ਹੀ ਗੋਲੀਬਾਰੀ ਕਰਨ ਵਾਲਾ ਸੀ। ਕਿਸੇ ਹੋਰ ਦੇ ਜ਼ਖਮੀ ਹੋਣ ਦੀ ਕੋਈ ਰਿਪੋਰਟ ਨਹੀਂ ਹੈ। ਪੁਲਿਸ ਨੇ ਸਥਾਨਿਕ, ਰਾਜ ਅਤੇ ਸੰਘੀ ਏਜੰਸੀਆਂ ਦੀ ਮਦਦ ਨਾਲ ਮੂਰ ਨੂੰ ਇੱਕ ਚੌਕੀ ਤੋਂ ਗ੍ਰਿਫਤਾਰ ਕੀਤਾ ਹੈ। ਅਧਿਕਾਰੀ ਅਜੇ ਵੀ ਇਸ ਘਟਨਾ ਦੇ ਪਿੱਛੇ ਦੇ ਉਦੇਸ਼ ਦੀ ਜਾਂਚ ਕਰ ਰਹੇ ਹਨ, ਜਿਸ ਨੂੰ ਹਾਲ ਹੀ ਦੇ ਸਾਲਾਂ

# ਚਰਨਜੀਤ ਸਿੰਘ ਬਰਾੜ ਨੇ 'ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ' ਦੇ ਸਾਰੇ ਅਹੁਦਿਆਂ ਅਤੇ ਮੁੱਢਲੀ ਮੈਂਬਰਸ਼ਿਪ ਤੋਂ ਦਿੱਤਾ ਅਸਤੀਫ਼ਾ



ਅੰਮ੍ਰਿਤਸਰ : ਚਰਨਜੀਤ ਸਿੰਘ ਬਰਾੜ ਨੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸਾਰੇ ਅਹੁਦਿਆਂ ਅਤੇ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਪਾਰਟੀ ਨੂੰ ਲਿਖੇ ਪੱਤਰ ਵਿਚ ਚਰਨਜੀਤ ਸਿੰਘ ਬਰਾੜ ਨੇ ਕਿਹਾ, ਸਤਿਕਾਰਯੋਗ ਭਰਤੀ ਕਰਤਾ ਡੈਲੀਗੇਟ ਸਹਿਬਾਨ ਅਤੇ ਹਰੇਕ ਵਰਕਰ ਤੋਂ ਮੁਆਫ਼ੀ ਚਾਹੁੰਦਾ ਹੋਇਆ ਬੜੇ ਹੀ ਭਰੇ ਮਨ ਨਾਲ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸਾਰੇ ਅਹੁਦਿਆਂ ਅਤੇ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਰਿਹਾਂ ਹਾਂ। ਭਾਵੇਂ ਕਿ ਆਪਣੇ ਹੱਥੀ ਮਕਾਨ ਬਣਾ ਕੇ ਛੱਡਣਾਂ ਬਹੁਤ ਔਖਾ ਹੁੰਦਾ ਹੈ ਪਰ ਹਾਲਾਤ ਹੀ ਅਜਿਹੇ ਬਣ ਗਏ ਹਨ ਕਿ ਕੋਈ ਚਾਰਾ ਨਹੀ ਬਚਿਆ। ਮੈਨੂੰ ਇਸ ਗੱਲ ਦਾ ਗਹਿਰਾ ਅਹਿਸਾਸ ਹੈ ਕਿ ਪੰਜ ਮੈਂਬਰੀ ਭਰਤੀ ਕਮੇਟੀ ਰਾਹੀਂ ਕਰਵਾਈ ਗਈ ਭਰਤੀ ਲਈ ਮੈ ਬਹੁਤ ਹੀ ਉਤਸ਼ਾਹਿਤ ਤਰੀਕੇ ਨਾਲ ਦਿਨ ਰਾਤ ਮਿਹਨਤ ਕਰਕੇ ਤੁਹਾਡੇ ਵਿਚੋਂ ਬਹੁਤ ਸਾਰਿਆਂ ਨੂੰ ਵਾਸਤਾ ਪਾ ਕੇ ਵੀ ਭਰਤੀ ਕਰਵਾਈ ਸੀ ਤੇ ਖ਼ਾਸ ਕਰ ਮਾਲਵੇ ਵਿਚ ਬਾਦਲ ਪਰਿਵਾਰ ਦਾ ਆਪਣਾਂ ਨਿੱਜੀ ਦਬਾਅ ਹੋਣ ਦੇ ਬਾਵਜੂਦ ਵੀ ਮਾਲਵੇ ਸਮੇਤ ਸਾਰੇ ਹੀ ਪੰਜਾਬ ਅਤੇ ਪੰਜਾਬ ਤੋ ਬਾਹਰ ਵੀ ਭਰਤੀ ਕਰਕੇ ਡੈਲੀਗੇਟ ਸਹਿਬਾਨ ਦੀ ਚੋਣ ਕਰਵਾਈ। ਜਿਸ ਨਾਲ ਸਭ ਨੂੰ ਆਸ ਬੱਝੀ ਕਿ ਪੰਥ ਤੇ ਪੰਜਾਬ ਪ੍ਰਸਤ ਨਵੀ ਨਰੋਈ ਲੀਡਰਸ਼ਿਪ ਚੁਣ ਕੇ ਪਾਰਟੀ ਦੀ ਪੁਨਰ ਸੁਰਜੀਤੀ ਹੋਵੇਗੀ।

ਪਰ ਬੜੇ ਭਰੇ ਮਨ ਨਾਲ ਕਹਿਣਾ ਪੈ ਰਿਹਾ ਹੈ ਕਿ ਜਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਵੱਲੋ ਸਿਧਾਂਤਕ ਤੌਰ 'ਤੇ ਬੜੀਆਂ ਵੱਡੀਆਂ ਕੁਤਾਹੀਆਂ ਕੀਤੀਆਂ ਸਨ, ਜਿਸ ਕਰਕੇ ਮੇਰੇ ਪਰਿਵਾਰ ਦੀ ਮੁੱਢ ਤੋਂ ਹੀ ਬਾਦਲ ਪਰਿਵਾਰ ਨਾਲ ਸਿਆਸੀ ਤੌਰ 'ਤੇ ਬਣੀ ਪਰਿਵਾਰਕ ਸਾਂਝ ਨੂੰ ਵੀ ਛੱਡਿਆ ਸੀ। ਭਾਵੇਂ ਪਾਰਟੀ ਪ੍ਰਧਾਨ ਨਾਲ ਸਿਧਾਂਤਕ ਵਿਚਾਰਾਂ ਦੇ ਵਖਰੇਵਿਆਂ ਦੇ ਬਾਵਜੂਦ ਉਥੇ ਜਾਤੀ ਤੌਰ 'ਤੇ ਇੱਜ਼ਤ ਮਾਣ ਵਿੱਚ ਕੋਈ ਕਮੀ ਨਹੀਂ ਸੀ। ਪਰ ਸਿਧਾਂਤਕ ਤੌਰ 'ਤੇ ਆਈਆਂ ਵੱਡੀਆਂ ਊਣਤਾਈਆਂ ਕਰਕੇ ਸਾਰਾ ਕੁਝ ਖੁਦ ਛੱਡ ਕੇ ਸੁਧਾਰ ਵੱਲ ਨੂੰ ਹੋ ਤੁਰਿਆ ਸੀ। ਪਰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਨਵੀਂ ਪਾਰਟੀ ਦੀ ਪੁਨਰ ਸੁਰਜੀਤੀ ਵਿੱਚ ਵੀ ਸਿਧਾਂਤਾਂ 'ਤੇ ਪਹਿਰਾ ਨਹੀਂ ਦਿੱਤਾ ਜਾ ਰਿਹਾ ਹੈ। ਇੱਥੋਂ ਤੱਕ ਕਿ ਮਿਤੀ 11 ਅਗਸਤ ਨੂੰ ਪਾਰਟੀ ਪ੍ਰਧਾਨ ਦੀ ਚੋਣ ਤੋਂ ਬਾਅਦ ਪੰਜ ਮਹੀਨੇ ਵਿੱਚ ਕਿਸੇ ਵੀ ਲੋਕ ਮੁੱਦਿਆਂ ਲਈ ਧਰਤੀ ਤੇ ਕਿਤੇ ਵੀ ਲੜਦੇ ਨਜ਼ਰ ਨਹੀਂ ਆਏ ਅਤੇ ਨਾ ਹੀ ਪਾਰਟੀ ਨੂੰ ਕੋਈ ਵੀ ਠੋਸ ਪ੍ਰੋਗਰਾਮ ਦਿੱਤਾ ਗਿਆ। ਜਿਸ ਕਰਕੇ ਭਰਤੀ ਕਰਨ ਵਾਲੇ ਹਰੇਕ ਵਰਕਰ ਦਾ ਮਨੋਬਲ ਲਗਭਗ ਟੁੱਟ ਚੁੱਕਿਆ ਹੈ।

# ਮੁੱਖ ਮੰਤਰੀ ਵੱਲੋਂ ਦਿੱਤੇ ਸਪੱਸ਼ਟੀਕਰਨ ਨੂੰ ਪੰਜ ਸਿੰਘ ਸਾਹਿਬਾਨ ਦੀ ਆਗਾਮੀ ਇਕੱਤਰਤਾ 'ਚ ਵਿਚਾਰਿਆ ਜਾਵੇਗਾ: ਜਥੇਦਾਰ



ਅੰਮ੍ਰਿਤਸਰ: ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆਪਣਾ ਸਪੱਸ਼ਟੀਕਰਨ ਦੇਣ ਲਈ ਅੱਜ ਸ੍ਰੀ ਅਕਾਲ ਤਖਤ ਸਾਹਿਬ ਸਕੱਤਰੇਤ ਵਿਖੇ ਪਹੁੰਚੇ। ਇਸ ਦੌਰਾਨ ਉਨ੍ਹਾਂ ਨਾਲ ਬਹੁਤ ਹੀ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਹੋਈ। ਜਥੇਦਾਰ ਨੇ ਕਿਹਾ ਕਿ ਸਪੱਸ਼ਟੀਕਰਨ ਨੂੰ ਸਿੰਘ ਸਾਹਿਬਾਨ ਦੀ ਆਗਾਮੀ ਹੋਣ ਵਾਲੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨਾਲ ਸਿੱਖ ਰਹਿਤ ਮਰਿਆਦਾ ਬਾਰੇ ਵੀ ਗੱਲਬਾਤ ਹੋਈ, ਜਿਸ ਦੌਰਾਨ ਉਨ੍ਹਾਂ ਮੰਨਿਆ ਕਿ ਉਨ੍ਹਾਂ ਨੂੰ ਸਿੱਖ ਰਹਿਤ ਮਰਿਆਦਾ ਬਾਰੇ ਬਹੁਤੀ ਜਾਣਕਾਰੀ ਨਹੀਂ ਹੈ। ਜਥੇਦਾਰ ਨੇ ਮੁੱਖ ਮੰਤਰੀ ਦੀ ਵਾਇਰਲ ਵੀਡੀਓ ਬਾਰੇ ਕਿਹਾ ਕਿ ਉਹ ਦੋ ਲੈਬਾਂ ਦੱਸਣ ਅਤੇ ਅਸੀਂ ਇਸ ਦੀ ਜਾਂਚ ਕਰਵਾਵਾਂਗੇ, ਤਾਂ ਜੋ ਸਚਾਈ ਸਾਹਮਣੇ ਆ ਸਕੇ।

## ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਿਮਰਤਾ ਸਹਿਤ ਸਪੱਸ਼ਟੀਕਰਨ ਦੇਣਾ ਇੱਕ ਸ਼ਲਾਘਾਯੋਗ ਕਦਮ : ਕਰਨੈਲ ਸਿੰਘ ਪੀਰ ਮੁਹੰਮਦ



ਅੰਮ੍ਰਿਤਸਰ: ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਮੁੱਖ ਬੁਲਾਰੇ ਸ. ਕਰਨੈਲ ਸਿੰਘ ਪੀਰ ਮੁਹੰਮਦ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਿੱਖਾਂ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਨਿਮਰਤਾ ਸਹਿਤ ਆਪਣਾ ਸਪੱਸ਼ਟੀਕਰਨ ਦੇਣ ਦੇ ਫੈਸਲੇ ਦਾ ਭਰਵਾਂ ਸਵਾਗਤ ਕੀਤਾ ਹੈ। ਪੀਰ ਮੁਹੰਮਦ ਨੇ ਇਸ ਨੂੰ ਪੰਥਕ ਰਿਵਾਇਤਾਂ ਅਤੇ ਸੰਸਥਾਵਾਂ ਦੀ ਮਰਿਆਦਾ ਨੂੰ ਬਰਕਰਾਰ ਰੱਖਣ ਵਾਲਾ ਇੱਕ ਸ਼ੁਭ ਕਦਮ ਦੱਸਿਆ ਹੈ।

**ਬਿਆਨ ਦੇ ਮੁੱਖ ਅੰਸ਼:**

* ਸੰਸਥਾ ਦੀ ਸਰਵਉੱਚਤਾ: ਸ. ਪੀਰ ਮੁਹੰਮਦ ਨੇ ਕਿਹਾ ਕਿ, "ਸ੍ਰੀ ਅਕਾਲ ਤਖ਼ਤ ਸਾਹਿਬ ਹਰ ਸਿੱਖ ਲਈ ਸਰਵਉੱਚ ਹੈ। ਚਾਹੇ ਕੋਈ ਕਿਸੇ ਵੀ ਉੱਚੇ ਅਹੁਦੇ 'ਤੇ ਕਿਉਂ ਨਾ ਹੋਵੇ, ਉਹ ਤਖ਼ਤ ਸਾਹਿਬ ਦੀ ਮਰਿਆਦਾ ਅਤੇ ਹੁਕਮਾਂ ਤੋਂ ਉੱਪਰ ਨਹੀਂ ਹੈ। ਮੁੱਖ ਮੰਤਰੀ ਵੱਲੋਂ ਦਿਖਾਈ ਗਈ ਇਹ ਨਿਮਰਤਾ ਪੰਥਕ ਪਰੰਪਰਾਵਾਂ ਦੇ ਅਨੁਕੂਲ ਹੈ।"
* ਸ਼ਲਾਘਾਯੋਗ ਕਦਮ: ਉਨ੍ਹਾਂ ਕਿਹਾ ਕਿ ਜਦੋਂ ਵੀ ਕਿਸੇ ਆਗੂ ਜਾਂ ਸਖ਼ਸ਼ੀਅਤ ਤੋਂ ਕੋਈ ਭੁੱਲ-ਚੁੱਕ ਹੁੰਦੀ ਹੈ ਜਾਂ ਕੋਈ ਸ਼ੰਕਾ ਪੈਦਾ ਹੁੰਦਾ ਹੈ, ਤਾਂ ਉਸ ਦਾ ਹੱਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਪੇਸ਼ ਹੋ ਕੇ ਹੀ ਨਿਕਲਦਾ ਹੈ। ਭਗਵੰਤ ਮਾਨ ਵੱਲੋਂ ਦਿੱਤਾ ਗਿਆ ਸਪੱਸ਼ਟੀਕਰਨ ਇੱਕ ਸਾਰਥਕ ਪਹਿਲ ਹੈ।
* ਪੰਥਕ ਮਰਿਆਦਾ ਦਾ ਸਤਿਕਾਰ: ਪੀਰ ਮੁਹੰਮਦ ਨੇ ਉਮੀਦ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਸਾਰੇ ਸਿਆਸੀ ਆਗੂ ਦਲ-ਗਤ ਰਾਜਨੀਤੀ ਤੋਂ ਉੱਪਰ ਉੱਠ ਕੇ ਪੰਥਕ ਸੰਸਥਾਵਾਂ ਦੇ ਸਤਿਕਾਰ ਨੂੰ ਇਸੇ ਤਰ੍ਹਾਂ ਮੁੱਖ ਰੱਖਣਗੇ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਿਮਰਤਾ ਨਾਲ ਸਪੱਸ਼ਟੀਕਰਨ ਦੇਣਾ ਕਿਸੇ ਦੀ ਹਾਰ ਨਹੀਂ, ਸਗੋਂ ਗੁਰੂ ਘਰ ਦੀਆਂ ਰਵਾਇਤਾਂ ਦੀ ਜਿੱਤ ਹੈ। ਮੈਂ ਮੁੱਖ ਮੰਤਰੀ ਭਗਵੰਤ ਮਾਨ ਦੇ ਇਸ ਕਦਮ ਦੀ ਸ਼ਲਾਘਾ ਕਰਦਾ ਹਾਂ।"

# ਸਿੰਘਾਪੁਰ ਦੀ ਸੰਸਦ ਨੇ ਪੰਜਾਬੀ ਮੂਲ ਦੇ ਪ੍ਰੀਤਮ ਸਿੰਘ ਨੂੰ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਲਈ ਅਯੋਗ ਐਲਾਨਿਆ



ਸਿੰਗਾਪੁਰ: ਸਿੰਗਾਪੁਰ ਪਾਰਲੀਮੈਂਟ ਨੇ ਬੁੱਧਵਾਰ ਨੂੰ ਇੱਕ ਪਾਸ ਕੀਤਾ ਜਿਸ ਵਿੱਚ ਵਰਕਰਜ਼ ਪਾਰਟੀ ਦੇ ਮੁਖੀ ਪ੍ਰੀਤਮ ਸਿੰਘ ਦੇ ਵਿਵਹਾਰ 'ਤੇ ਅਫਸੋਸ ਜ਼ਾਹਰ ਕੀਤਾ ਗਿਆ ਅਤੇ ਭਾਰਤੀ ਮੂਲ ਦੇ ਇਸ ਸਿਆਸਤਦਾਨ ਨੂੰ ਵਿਰੋਧੀ ਧਿਰ ਦੇ ਅਹੁਦੇ ਲਈ ਅਯੋਗ ਐਲਾਨ ਦਿੱਤਾ ਹੈ। ਇਹ ਫੈਸਲਾ ਤਿੰਨ ਘੰਟੇ ਤੋਂ ਵੱਧ ਚੱਲੀ ਬਹਿਸ ਤੋਂ ਬਾਅਦ ਲਿਆ ਗਿਆ। ਸੱਤਾਧਾਰੀ ਪੀਪਲਜ਼ ਐਕਸ਼ਨ ਪਾਰਟੀ ਦੇ ਮੈਂਬਰ ਆਫ ਪਾਰਲੀਮੈਂਟ ਅਤੇ ਨਾਮਜ਼ਦ ਸੰਸਦ ਮੈਂਬਰਾਂ ਨੇ ਇਸ ਮਤੇ ਦੇ ਹੱਕ ਵਿੱਚ ਵੋਟ ਪਾਈ, ਜਦਕਿ ਵਰਕਰਜ਼ ਪਾਰਟੀ ਦੇ ਸੰਸਦ ਮੈਂਬਰਾਂ ਵੱਲੋਂ ਵਿਰੋਧ 'ਚ ਵੋਟ ਪਾਈ ਗਈ।

ਹਾਊਸ ਦੇ ਲੀਡਰ ਇੰਦਰਾਣੀ ਰਾਜਾ ਵੱਲੋਂ ਲਿਆਂਦੇ ਗਏ ਮਤੇ 'ਤੇ ਬਹਿਸ ਤੋਂ ਬਾਅਦ ਆਈ। ਬਹਿਸ ਦੀ ਸ਼ੁਰੂਆਤ ਵਿੱਚ ਆਪਣੇ ਭਾਸ਼ਣ ਵਿੱਚ ਇੰਦਰਾਣੀ ਨੇ ਕਿਹਾ ਕਿ ਪ੍ਰੀਤਮ ਸਿੰਘ ਦੇ ਕੰਮਾਂ ਵਿੱਚ ਕਈ ਝੂਠ ਸ਼ਾਮਲ ਸਨ ਅਤੇ ਉਨ੍ਹਾਂ ਦਾ ਵਿਵਹਾਰ ਲੀਡਰਸ਼ਿਪ ਦੀ ਨਾਕਾਮੀ ਨੂੰ ਦਰਸਾਉਂਦਾ ਹੈ। ਮਾਮਲੇ ਦੀ ਗੰਭੀਰਤਾ 'ਤੇ ਜ਼ੋਰ ਦਿੰਦੇ ਹੋਏ ਇੰਦਰਾਣੀ ਨੇ ਕਿਹਾ ਕਿ ਪ੍ਰੀਤਮ ਸਿੰਘ ਦੀ ਗਲਤੀ ਛੋਟੀ ਨਹੀਂ ਹੈ ਅਤੇ ਇਸ ਵਿੱਚ ਇੱਕ ਜੂਨੀਅਰ ਸੰਸਦ ਮੈਂਬਰ ਨੂੰ ਗਲਤ ਕੰਮ ਕਰਨ ਲਈ ਗਾਈਡ ਕਰਨਾ ਸ਼ਾਮਲ ਹੈ। ਜ਼ਿਕਰਯੋਗ ਹੈ ਕਿ ਪ੍ਰੀਤਮ ਸਿੰਘ ਜੋ ਵਰਕਰਜ਼ ਪਾਰਟੀ ਦੇ ਸੈਕਟਰੀਜਨਰਲ ਵੀ ਹਨ, ਨੂੰ ਪਿਛਲੇ ਸਾਲ ਫਰਵਰੀ ਵਿੱਚ ਪਾਰਲੀ ਮੈਂਟਰੀ ਪੈਨਲ ਨੂੰ ਝੂਠ ਬੋਲਣ ਦੇ ਆਰੋਪ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਜਦਕਿ ਪ੍ਰੀਤਮ ਸਿੰਘ ਨੇ ਕਿਹਾ ਕਿ ਉਹ ਇਸ ਗੱਲ ਨਾਲ ਸਹਿਮਤ ਨਹੀਂ ਹਨ ਕਿ ਉਨ੍ਹਾਂ ਦਾ ਵਿਵਹਾਰ ਅਪਮਾਨਜਨਕ ਅਤੇ ਅਯੋਗ ਸੀ।

# ਰਾਜਾ ਵੜਿੰਗ ਵੱਲੋਂ ਸ਼ਹੀਦੀ ਮੇਲਿਆਂ ਦੌਰਾਨ ਸਿਆਸੀ ਕਾਨਫ਼ਰੰਸਾਂ ਕਰਨ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਪਸ਼ਟੀਕਰਨ ਦੀ ਮੰਗ

ਚੰਡੀਗੜ੍ਹ: ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਹੈ ਕਿ ਸ੍ਰੀ ਫ਼ਤਹਿਗੜ੍ਹ ਸਾਹਿਬ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਸ਼ਹੀਦੀ ਮੇਲਿਆਂ ਦੌਰਾਨ ਰਾਜਨੀਤਿਕ ਪਾਰਟੀਆਂ ਵੱਲੋਂ ਸਿਆਸੀ ਕਾਨਫਰੰਸਾਂ ਕਰਨ ਦੇ ਮਸਲੇ 'ਤੇ ਸਪਸ਼ਟੀਕਰਨ ਦਿੱਤਾ ਜਾਵੇ। ਇੱਥੇ ਜਾਰੀ ਇੱਕ ਬਿਆਨ ਵਿੱਚ, ਵੜਿੰਗ ਨੇ ਕਿਹਾ ਹੈ ਕਿ ਦਸੰਬਰ 2017 ਵਿੱਚ ਤਤਕਾਲੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਨੇ ਸਿਆਸੀ ਪਾਰਟੀਆਂ ਨੂੰ ਅਜਿਹੇ ਗੰਭੀਰ ਤੇ ਪਾਵਨ ਧਾਰਮਿਕ ਮੌਕਿਆਂ ਉੱਪਰ ਸਿਆਸੀ ਕਾਨਫਰੰਸਾਂ ਨਾ ਕਰਨ ਦੀ ਅਪੀਲ ਕੀਤੀ ਸੀ। ਉਨ੍ਹਾਂ ਨੇ ਸਵਾਲ ਕੀਤਾ ਕਿ ਫਿਰ ਅੱਜ ਸ੍ਰੀ ਮੁਕਤਸਰ ਸਾਹਿਬ ਦੇ ਮਾਘੀ ਮੇਲੇ ਦੌਰਾਨ ਸੱਤਾਧਾਰੀ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਸਿਆਸੀ ਕਾਨਫਰੰਸਾਂ ਕਿਵੇਂ ਕੀਤੀਆਂ? ਉਨ੍ਹਾਂ ਨੇ ਪੁੱਛਿਆ ਕਿ ਕੀ ਸ੍ਰੀ ਅਕਾਲ ਤਖ਼ਤ ਸਾਹਿਬ ਇਸਨੂੰ ਲੈ ਕੇ ਕਾਰਵਾਈ ਕਰਨਗੇ? ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦਾ ਪੂਰਾ ਸਨਮਾਨ ਕਰਦੇ ਹੋਏ, ਕਾਂਗਰਸ ਪਾਰਟੀ ਨੇ 2017 ਤੋਂ ਬਾਅਦ ਕੋਈ ਵੀ ਸਿਆਸੀ ਕਾਨਫਰੰਸ ਨਹੀਂ ਕੀਤੀ ਹੈ।

# ਅਮਰੀਕਾ 'ਚ ਸੜਕਾਂ 'ਤੇ ਉੱਤਰੀਆਂ ਨਰਸਾਂ




ਨਿਊਯਾਰਕ ਸਿਟੀ ਵਿੱਚ ਨਰਸਾਂ ਪਿਛਲੇ ਤਿੰਨ ਦਿਨਾਂ ਤੋਂ ਹੜਤਾਲ 'ਤੇ ਹਨ, ਅਤੇ ਅਜਿਹਾ ਲਗਦਾ ਹੈ ਕਿ ਇਹ ਹੜਤਾਲ ਹੋਰ ਵੀ ਲੰਮੀ ਹੋ ਸਕਦੀ ਹੈ। ਹੜਤਾਲ ਤੋਂ ਪ੍ਰਭਾਵਿਤ ਵੱਡੇ ਹਸਪਤਾਲਾਂ ਦੇ ਪ੍ਰਸ਼ਾਸਨ ਨੇ ਅਜੇ ਤੱਕ ਯੂਨੀਅਨ ਨਾਲ ਗੱਲਬਾਤ ਨਹੀਂ ਕੀਤੀ ਹੈ। ਹੜਤਾਲੀ ਨਰਸਾਂ ਨੇ ਬ੍ਰੋਂਕਸ ਦੇ ਇੱਕ ਹਸਪਤਾਲ ਵਿੱਚ ਇੱਕ ਰੈਲੀ ਕੀਤੀ, ਜਿੱਥੇ ਉਨ੍ਹਾਂ ਦੇ ਆਗੂਆਂ ਨੇ ਹਸਪਤਾਲ ਪ੍ਰਬੰਧਕਾਂ ਨੂੰ ਨਿਸ਼ਾਨਾ ਬਣਾਇਆ। ਨਰਸਾਂ ਦਾ ਕਹਿਣਾ ਹੈ ਕਿ ਹਸਪਤਾਲ ਪ੍ਰਬੰਧਕ ਆਪਣੀਆਂ ਇਕਰਾਰਨਾਮੇ ਦੀਆਂ ਮੰਗਾਂ ਨੂੰ ਗਲਤ ਢੰਗ ਨਾਲ ਪੇਸ਼ ਕਰ ਰਹੇ ਹਨ।

ਨਿਊਯਾਰਕ ਸਟੇਟ ਨਰਸ ਐਸੋਸੀਏਸ਼ਨ ਨਾਲ ਜੁੜੀਆਂ ਲਗਭਗ 15,000 ਨਰਸਾਂ ਹੜਤਾਲ 'ਤੇ ਗਈਆਂ। ਨਰਸਾਂ ਦੀਆਂ ਮੰਗਾਂ ਹਸਪਤਾਲ ਤੋਂ ਹਸਪਤਾਲ ਵਿੱਚ ਵੱਖਰੀਆਂ ਹੁੰਦੀਆਂ ਹਨ, ਪਰ ਯੂਨੀਅਨ ਦਾ ਕਹਿਣਾ ਹੈ ਕਿ ਮੈਂਬਰਾਂ ਦੀਆਂ ਮੁੱਖ ਚਿੰਤਾਵਾਂ ਸਿਹਤ ਸੰਭਾਲ, ਸੁਰੱਖਿਅਤ ਸਟਾਫਿੰਗ ਅਤੇ ਕੰਮ ਵਾਲੀ ਥਾਂ 'ਤੇ ਹਿੰਸਾ ਹਨ। ਨਰਸਾਂ ਦਾ ਕਹਿਣਾ ਹੈ ਕਿ ਬਹੁਤ ਸਾਰੇ ਹਸਪਤਾਲ ਐਮਰਜੈਂਸੀ ਕਮਰਿਆਂ ਵਿੱਚ ਭੀੜ-ਭੜੱਕੇ ਦਾ ਸਾਹਮਣਾ ਕਰ ਰਹੇ ਹਨ, ਜਿਸ ਨਾਲ ਉਨ੍ਹਾਂ ਦਾ ਕੰਮ ਦਾ ਬੋਝ ਅਸਹਿ ਹੋ ਰਿਹਾ ਹੈ। ਮਰੀਜ਼ਾਂ ਅਤੇ ਸਟਾਫ ਨੂੰ ਸੁਰੱਖਿਅਤ ਰੱਖਣ ਲਈ ਡਾਕਟਰੀ ਸਹੂਲਤਾਂ ਨੂੰ ਬਿਹਤਰ ਸੁਰੱਖਿਆ ਉਪਾਵਾਂ ਦੀ ਲੋੜ ਹੈ। ਹਸਪਤਾਲਾਂ ਦਾ ਕਹਿਣਾ ਹੈ ਕਿ ਉਹ ਨਰਸਾਂ ਨੂੰ ਤਨਖਾਹ ਵਧਾਉਣ ਲਈ ਤਿਆਰ ਹਨ, ਪਰ ਯੂਨੀਅਨ ਦੀਆਂ ਤਨਖਾਹ ਦੀਆਂ ਮੰਗਾਂ ਬਹੁਤ ਜ਼ਿਆਦਾ ਹਨ। ਉਨ੍ਹਾਂ ਨੇ ਉਨ੍ਹਾਂ ਨੂੰ ਬਹੁਤ ਜ਼ਿਆਦਾ ਅਤੇ ਗੈਰ-ਵਾਜਬ ਦੱਸਿਆ ਹੈ।

# ਕੈਨੇਡਾ 'ਚ ਸੋਨੇ ਦੀ ਸਭ ਤੋਂ ਵੱਡੀ ਚੋਰੀ ਨਾਲ ਸਬੰਧਤ 1 ਵਿਅਕਤੀ ਟੋਰਾਂਟੋ ਹਵਾਈ ਅੱਡੇ 'ਤੇ ਗ੍ਰਿਫ਼ਤਾਰ

ਟੋਰਾਂਟੋ : ਕੈਨੇਡਾ ਦੇ ਪੀਲ ਖੇਤਰ ਵਿਚ ਪੁਲਿਸ ਨੇ ਦੇਸ਼ ਵਿਚ ਸੋਨੇ ਦੀ ਸਭ ਤੋਂ ਵੱਡੀ ਚੋਰੀ ਨਾਲ ਸਬੰਧਤ ਇਕ ਜਣੇ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਪ੍ਰਾਜੈਕਟ 24ਕੇ ਸਬੰਧੀ ਜਾਂਚ ਵਿਚ ਲੋੜੀਂਦਾ ਸੀ। ਇਹ ਮਾਮਲਾ 2.2 ਕਰੋੜ ਡਾਲਰ ਤੋਂ ਵੱਧ ਮੁੱਲ ਦੀਆਂ ਸੋਨੇ ਦੀਆਂ ਬਾਰਾਂ ਦੀ ਚੋਰੀ ਨਾਲ ਸਬੰਧਤ ਹੈ। ਇਹ ਦੇਸ਼ ਦੇ ਇਤਿਹਾਸ ਵਿਚ ਸੋਨੇ ਦੀ ਸਭ ਤੋਂ ਵੱਡੀ ਚੋਰੀ ਹੈ। ਪੀਲ ਖੇਤਰੀ ਪੁਲਿਸ ਦੀ ਵੈੱਬਸਾਈਟ 'ਤੇ ਕਿਹਾ ਗਿਆ ਹੈ ਕਿ 43 ਸਾਲਾ ਅਰਸਲਾਨ ਚੌਧਰੀ ਨੂੰ ਸੋਮਵਾਰ ਨੂੰ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਸ ਵੇਲੇ ਗ੍ਰਿਫਤਾਰ ਕੀਤਾ ਗਿਆ, ਜਦੋਂ ਉਹ ਦੁਬਈ, ਸੰਯੁਕਤ ਅਰਬ ਅਮੀਰਾਤ ਤੋਂ ਇੱਕ ਉਡਾਣ ਰਾਹੀਂ ਇੱਥੇ ਆਇਆ। ਪੁਲਿਸ ਨੇ ਕਿਹਾ ਹੈ ਕਿ ਚੌਧਰੀ ਦਾ ਕੋਈ ਪੱਕਾ ਪਤਾ ਨਹੀਂ ਹੈ। ਪਹਿਲਾਂ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਉਹ ਮਿਸੀਸਾਗਾ ਨਾਲ ਸਬੰਧਤ ਹੈ। ਉਸ 'ਤੇ $5,000 ਤੋਂ ਵੱਧ ਦੀ ਚੋਰੀ, ਜਾਇਦਾਦ 'ਤੇ ਕਬਜ਼ਾ ਕਰਨ ਅਤੇ ਇੱਕ ਹੋਰ ਜਣੇ ਨਾਲ ਵਾਰਦਾਤ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਗਾਏ ਗਏ ਹਨ। ਚੌਧਰੀ ਨੂੰ ਬਰੈਂਪਟਨ ਵਿਚ ਓਨਟਾਰੀਓ ਕੋਰਟ ਆਫ਼ ਜਸਟਿਸ ਵਿਚ ਪੇਸ਼ ਕੀਤਾ ਗਿਆ।

ਇਹ ਮਾਮਲਾ 17 ਅਪ੍ਰੈਲ, 2023 ਦਾ ਹੈ, ਜਦੋਂ ਸਵਿਟਜ਼ਰਲੈਂਡ ਦੇ ਜ਼ਿਊਰਿਕ ਤੋਂ ਇੱਕ ਉਡਾਣ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸਾਮਾਨ ਲੈ ਕੇ ਉਤਰੀ, ਜਿਸ ਵਿਚ 400 ਕਿਲੋ ਦੇ .9999-ਸ਼ੁੱਧ ਸੋਨੇ ਦੀ ਖੇਪ ਸੀ। ਇਸ ਵਿਚ 6,600 ਸੋਨੇ ਦੀਆਂ ਬਾਰਾਂ ਸਨ, ਜਿਨ੍ਹਾਂ ਦਾ ਮੁੱਲ $20 ਮਿਲੀਅਨ ਤੋਂ ਵੱਧ ਸੀ। ਇਸ ਖੇਪ ਨੂੰ ਹਵਾਈ ਅੱਡੇ 'ਤੇ ਉਤਾਰਿਆ ਗਿਆ ਸੀ



ਅਤੇ ਇੱਕ ਵੱਖਰੇ ਸਥਾਨ 'ਤੇ ਲਿਜਾਇਆ ਗਿਆ ਸੀ ਪਰ ਕੁਝ ਘੰਟਿਆਂ ਬਾਅਦ ਹੀ ਇਸ ਸਾਮਾਨ ਦੇ ਗਾਇਬ ਹੋਣ ਦੀ ਰਿਪੋਰਟ ਮਿਲੀ।

ਪੁਲਿਸ ਨੇ ਚੋਰੀ ਤੋਂ ਬਾਅਦ ਜਾਂਚ ਸ਼ੁਰੂ ਕੀਤੀ ਤੇ ਇਸ ਮਾਮਲੇ ਵਿਚ ਦਸ ਵਿਅਕਤੀਆਂ ਦੀ ਪਛਾਣ ਕੀਤੀ, ਜਿਨ੍ਹਾਂ ਨੂੰ ਵਾਰੰਟ ਜਾਰੀ ਕੀਤੇ ਗਏ ਤੇ 21 ਤੋਂ ਵੱਧ ਦੋਸ਼ ਲਗਾਏ ਗਏ। ਇਸ ਮਾਮਲੇ ਵਿਚ ਦੋ ਵਿਅਕਤੀ ਹਾਲੇ ਵੀ ਫਰਾਰ ਹਨ, ਜਿਨ੍ਹਾਂ ਵਿਚ ਬਰੈਂਪਟਨ ਤੋਂ 33 ਸਾਲਾ ਸਿਮਰਨ ਪ੍ਰੀਤ ਪਨੇਸਰ ਸ਼ਾਮਲ ਹੈ, ਜੋ ਏਅਰ ਕੈਨੇਡਾ ਦਾ ਸਾਬਕਾ ਕਰਮਚਾਰੀ ਸੀ। ਪਨੇਸਰ ਭਾਰਤ ਵਿਚ ਰਹਿ ਰਿਹਾ ਮੰਨਿਆ ਜਾਂਦਾ ਹੈ।

ਇਸ ਮਾਮਲੇ ਦਾ ਇਕ ਹੋਰ ਮੁਲਜ਼ਮ 36 ਸਾਲਾ ਪ੍ਰਸਾਥ ਪਰਮਾਲਿੰਗਮ ਹੈ, ਜੋ ਬਰੈਂਪਟਨ ਦਾ ਰਹਿਣ ਵਾਲਾ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਦੇ ਇਤਿਹਾਸ ਦੀ ਸਭ ਤੋਂ ਵੱਡੀ ਸੋਨੇ ਦੀ ਚੋਰੀ ਦਾ ਮਸ਼ਕੂਕ ਸਿਮਰਨ ਪ੍ਰੀਤ ਪਨੇਸਰ ਚੰਡੀਗੜ੍ਹ ਦੇ ਬਾਹਰਵਾਰ ਆਪਣੇ ਪਰਿਵਾਰ ਨਾਲ ਰਹਿ ਰਿਹਾ ਸੀ। ਪਨੇਸਰ 2.2 ਕਰੋੜ ਕੈਨੇਡੀਅਨ ਡਾਲਰ (ਕਰੀਬ 135 ਕਰੋੜ ਰੁਪਏ) ਮੁੱਲ ਦੀਆਂ ਸੋਨੇ ਦੀਆਂ ਬਾਰਜ਼ ਦੀ ਚੋਰੀ ਵਿਚ ਸ਼ਾਮਲ ਸੀ। ਪਨੇਸਰ ਏਅਰ ਕੈਨੇਡਾ ਦਾ ਸਾਬਕਾ ਮੈਨੇਜਰ ਹੈ। ਕੈਨੇਡੀਅਨ ਪੁਲਿਸ ਵੱਲੋਂ ਉਸ ਦੀ ਭਾਲ ਕੀਤੀ ਜਾ ਰਹੀ ਸੀ। ਹੁਣ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਪਨੇਸਰ ਆਪਣੇ ਪਰਿਵਾਰ ਨਾਲ ਚੰਡੀਗੜ੍ਹ ਨਜ਼ਦੀਕ ਰਹਿ ਰਿਹਾ ਸੀ। 'ਦਿ ਫਿਫਥ ਅਸਟੇਟ' ਵੱਲੋਂ ਕੀਤੀ ਗਈ ਸਾਂਝੀ ਜਾਂਚ ਤੋਂ ਪਤਾ ਲੱਗਾ ਹੈ ਕਿ ਸਿਮਰਨ ਪ੍ਰੀਤ ਪਨੇਸਰ ਚੰਡੀਗੜ੍ਹ ਦੇ ਬਾਹਰਵਾਰ ਆਪਣੇ ਪਰਿਵਾਰ ਨਾਲ ਕਿਰਾਏ ਦੇ ਮਕਾਨ ਵਿਚ ਰਹਿ ਰਿਹਾ ਸੀ। ਪਨੇਸਰ ਦੀ ਪਤਨੀ ਪ੍ਰੀਤੀ ਪਨੇਸਰ ਸਾਬਕਾ ਮਿਸ ਇੰਡੀਆ ਯੂਗਾਂਡਾ, ਗਾਇਕਾ ਅਤੇ ਅਦਾਕਾਰਾ ਹੈ।



# ਫਾਜ਼ਿਲਕਾ 'ਚ ਹੋਵੇਗਾ ਪੰਜਾਬ ਦਾ ਰਾਜ ਪੱਧਰੀ ਗਣਤੰਤਰ ਦਿਵਸ ਸਮਾਰੋਹ

ਫਾਜ਼ਿਲਕਾ: ਇਸ ਸਾਲ ਸੀਮਾਵਰਤੀ ਜ਼ਿਲ੍ਹਾ ਫਾਜ਼ਿਲਕਾ ਪੰਜਾਬ ਦੇ ਗਣਤੰਤਰ ਦਿਵਸ ਦਾ ਸਭ ਤੋਂ ਵੱਡਾ ਕੇਂਦਰ ਬਣਨ ਜਾ ਰਿਹਾ ਹੈ। ਪੰਜਾਬ ਸਰਕਾਰ ਨੇ 77ਵੇਂ ਗਣਤੰਤਰ ਦਿਵਸ ਦਾ ਰਾਜ ਪੱਧਰੀ ਸਮਾਰੋਹ ਪਟਿਆਲਾ ਦੀ ਬਜਾਏ ਫਾਜ਼ਿਲਕਾ ਵਿੱਚ ਕਰਵਾਉਣ ਦਾ ਫੈਸਲਾ ਕੀਤਾ ਹੈ, ਜਿਸ ਨਾਲ ਪੂਰੇ ਜ਼ਿਲ੍ਹੇ ਵਿੱਚ ਉਤਸ਼ਾਹ ਅਤੇ ਤਿਆਰੀਆਂ ਦਾ ਮਾਹੌਲ ਬਣ ਗਿਆ ਹੈ।

ਰਾਜਪਾਲ ਗੁਲਾਬ ਚੰਦ ਕਟਾਰੀਆ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਸ਼ਹੀਦ ਭਗਤ ਸਿੰਘ ਸਟੇਡੀਅਮ ਵਿੱਚ ਤਿਰੰਗਾ ਝੰਡਾ ਲਹਿਰਾਉਣਗੇ। ਪ੍ਰਸ਼ਾਸਨ ਸੁਰੱਖਿਆ ਪ੍ਰਬੰਧ, ਪਰੇਡ ਅਤੇ ਝਾਂਕੀਆਂ ਦੀਆਂ ਤਿਆਰੀਆਂ ਨੂੰ ਲੈ ਕੇ ਪੂਰੀ ਤਰ੍ਹਾਂ ਸਰਗਰਮ ਹੋ ਚੁੱਕਾ ਹੈ। ਰਾਜ ਪੱਧਰੀ ਸਮਾਰੋਹ ਦੀ ਘੋਸ਼ਣਾ ਨਾਲ ਹੀ ਫਾਜ਼ਿਲਕਾ ਜ਼ਿਲ੍ਹਾ ਪ੍ਰਸ਼ਾਸਨ ਨੇ ਜੰਗੀ ਪੱਧਰ 'ਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸੀਮਾਵਰਤੀ ਜ਼ਿਲ੍ਹਾ ਹੋਣ ਕਾਰਨ ਫਾਜ਼ਿਲਕਾ ਅਕਸਰ ਵੱਡੇ ਰਾਜ ਪੱਧਰੀ ਸਮਾਰੋਹਾਂ ਤੋਂ ਵੰਝਿਆ ਰਹਿੰਦਾ ਸੀ, ਇਸ ਲਈ ਇਸ ਆਯੋਜਨ ਨੂੰ ਜ਼ਿਲ੍ਹੇ ਲਈ ਇੱਕ ਵੱਡੀ ਪਹਿਚਾਣ ਅਤੇ ਮਹੱਤਵਪੂਰਨ ਮੌਕੇ ਵਜੋਂ ਦੇਖਿਆ ਜਾ ਰਿਹਾ ਹੈ।

**ਬਾਰਡਰ ਏਰੀਆ ਲਈ 'ਮਾਣ ਦੀ ਗੱਲ': ਕਰਨ ਗਿਲਹੋਤਰਾ**

ਪ੍ਰਸਿੱਧ ਸਮਾਜਸੇਵੀ ਕਰਨ ਗਿਲਹੋਤਰਾ ਨੇ ਰਾਜ ਪੱਧਰੀ ਗਣਤੰਤਰ ਦਿਵਸ ਸਮਾਰੋਹ ਨੂੰ ਫਾਜ਼ਿਲਕਾ ਵਿੱਚ ਕਰਵਾਉਣ ਦੇ ਫੈਸਲੇ ਨੂੰ ਇਤਿਹਾਸਕ ਕਦਮ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸੀਮਾਵਰਤੀ ਖੇਤਰਾਂ ਵਿੱਚ ਰਹਿੰਦੇ ਲੋਕਾਂ ਦੀਆਂ ਭਾਵਨਾਵਾਂ ਅਤੇ ਉਨ੍ਹਾਂ ਦੇ ਯੋਗਦਾਨ ਦਾ ਸਨਮਾਨ ਹੈ। ਗਿਲਹੋਤਰਾ ਨੇ ਕਿਹਾ ਕਿ ਫਾਜ਼ਿਲਕਾ ਦੇ ਲੋਕ ਸਾਲਾਂ ਤੋਂ ਦੇਸ਼ ਦੀ ਸੁਰੱਖਿਆ, ਸ਼ਾਂਤੀ ਅਤੇ ਸਰਹੱਦ ਦੀ ਨਿਗਰਾਨੀ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਆ ਰਹੇ ਹਨ। ਅਜਿਹੇ ਵਿੱਚ ਇੱਥੇ ਗਣਤੰਤਰ ਦਿਵਸ ਵਰਗਾ ਵੱਡਾ ਸਮਾਰੋਹ ਕਰਵਾਉਣਾ ਪੂਰੇ ਖੇਤਰ ਦੇ ਹੌਸਲੇ ਨੂੰ ਮਜ਼ਬੂਤ ਕਰਨ ਵਾਲਾ ਕਦਮ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਸਰਕਾਰੀ ਸਮਾਰੋਹ ਨਹੀਂ, ਸਗੋਂ ਬਾਰਡਰ ਬੈਲਟ ਲਈ ਮਾਣ ਅਤੇ 'ਮਾਣ ਦੀ ਗੱਲ' ਹੈ, ਜਿਸ ਨਾਲ ਫਾਜ਼ਿਲਕਾ ਦੀ ਪਹਿਚਾਣ ਰਾਜ ਅਤੇ ਰਾਸ਼ਟਰੀ ਪੱਧਰ 'ਤੇ ਹੋਰ ਮਜ਼ਬੂਤ ਹੋਵੇਗੀ। ਕਰਨ ਗਿਲਹੋਤਰਾ ਨੇ ਦੱਸਿਆ ਕਿ ਮਾਣਯੋਗ ਰਾਜਪਾਲ ਜੀ ਦੇ ਸਵਾਗਤ ਲਈ ਕਰਨ ਗਿਲਹੋਤਰਾ ਫਾਊਂਡੇਸ਼ਨ ਦੀ ਟੀਮ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਉਨ੍ਹਾਂ ਮੁਤਾਬਕ ਮਾਣਯੋਗ ਰਾਜਪਾਲ ਜੀ 25 ਜਨਵਰੀ ਨੂੰ ਫਾਜ਼ਿਲਕਾ ਪਹੁੰਚਣਗੇ ਅਤੇ ਸ਼ਹਿਰ ਵਿੱਚ ਉਨ੍ਹਾਂ ਦੇ ਸਨਮਾਨ ਵਿੱਚ ਕਈ ਸਮਾਜਿਕ ਪ੍ਰੋਗਰਾਮ ਵੀ ਆਯੋਜਿਤ ਕੀਤੇ ਜਾਣਗੇ, ਜਿਨ੍ਹਾਂ ਦੀ ਅਧਿਆਕਸ਼ਤਾ ਮਾਣਯੋਗ ਰਾਜਪਾਲ ਜੀ ਖੁਦ ਕਰਨਗੇ।

# ਹੁਣ ਪੰਜਾਬ ਦੇ ਕਈ ਸਕੂਲਾਂ ਨੂੰ ਮਿਲੀ ਬੰਬ ਨਾਲ ਉਡਾਉਣ ਦੀ ਧਮਕੀ, ਬੱਚਿਆਂ ਨੂੰ ਭੇਜਿਆ ਗਿਆ ਘਰ



ਪੰਜਾਬ ਦੀਆਂ ਅਦਾਲਤਾਂ ਤੋਂ ਬਾਅਦ ਇੱਕ ਵਾਰ ਫਿਰ ਹੁਣ ਕਈ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਅੰਮ੍ਰਿਤਸਰ ਤੇ ਮੋਗਾ ਦੇ ਸਕੂਲਾਂ ਨੂੰ ਈਮੇਲ ਰਾਹੀਂ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ। ਧਮਕੀ ਮਿਲਣ ਮਗਰੋਂ ਸਕੂਲ ਪ੍ਰਸ਼ਾਸਨ ਤੇ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਫੈਲ ਗਿਆ ਤੇ ਪੁਲਿਸ ਨੂੰ ਸੂਚਨਾ ਦਿੱਤੀ ਗਈ। ਇਹ ਸੁਨੇਹਾ ਅੰਮ੍ਰਿਤਸਰ ਦੇ ਮਿਹਰਬਾਨਪੁਰਾ ਪਿੰਡ ਦੇ ਇੱਕ ਸਰਕਾਰੀ ਸਕੂਲ ਦੇ ਅਧਿਕਾਰਤ ਈਮੇਲ ਆਈਡੀ 'ਤੇ ਭੇਜਿਆ ਗਿਆ ਸੀ, ਜਿਸ ਵਿੱਚ ਸਕੂਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਸੀ ਅਤੇ ਸਕੂਲ ਵਿੱਚ ਰਾਸ਼ਟਰੀ ਗੀਤ ਗਾਉਣ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਗਈ ਸੀ। ਮੋਗਾ ਦੇ ਦੋ ਨਿੱਜੀ ਸਕੂਲਾਂ ਡੀਐੱਨ ਮਾਡਲ ਸਕੂਲ, ਕੋਟਈਸੇ ਖਾਂ ਤੇ ਕੈਂਬ੍ਰਿਜ ਸਕੂਲ ਨੂੰ ਸਵੇਰੇ 8.36 ਵਜੇ ਧਮਕੀ ਵਾਲਾ ਈਮੇਲ ਆਇਆ। ਧਮਕੀ ਮਿਲਣ 'ਤੇ ਪੁਲਿਸ ਪ੍ਰਸ਼ਾਸਨ ਤੁਰੰਤ ਹਰਕਤ ਵਿੱਚ ਆਇਆ ਅਤੇ ਸੁਰੱਖਿਆ ਕਾਰਨਾਂ ਕਰਕੇ ਦੋਵਾਂ ਸਕੂਲਾਂ ਨੂੰ ਖਾਲੀ ਕਰਵਾ ਲਿਆ। ਬੰਬ ਸਕੁਐਡ ਅਤੇ ਡੌਗ ਸਕੁਐਡ ਨੂੰ ਮੌਕੇ 'ਤੇ ਬੁਲਾਇਆ ਗਿਆ ਅਤੇ ਸਕੂਲ ਦੇ ਅਹਾਤੇ ਦੀ ਪੂਰੀ ਤਲਾਸ਼ੀ ਲਈ ਜਾ ਰਹੀ ਹੈ। ਅਚਾਨਕ ਧਮਕੀ ਤੋਂ ਬਾਅਦ, ਮਾਪਿਆਂ ਨੂੰ ਤੁਰੰਤ ਸੂਚਿਤ ਕੀਤਾ ਗਿਆ, ਅਤੇ ਸਾਰੇ ਬੱਚਿਆਂ ਨੂੰ ਸੁਰੱਖਿਅਤ ਘਰ ਭੇਜ ਦਿੱਤਾ ਗਿਆ। ਫਿਲਹਾਲ, ਪੁਲਿਸ ਪੂਰੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਅਜੇ ਤੱਕ ਕਿਸੇ ਸ਼ੱਕੀ ਵਸਤੂ ਦੀ ਪਛਾਣ ਨਹੀਂ ਹੋਈ ਹੈ। ਪੁਲਿਸ ਦੀ ਭਾਲ ਜਾਰੀ ਹੈ। ਪ੍ਰਸ਼ਾਸਨ ਨੇ ਮਾਪਿਆਂ ਨੂੰ ਸ਼ਾਂਤ ਅਤੇ ਚੌਕਸ ਰਹਿਣ ਦੀ ਅਪੀਲ ਕੀਤੀ ਹੈ।

ਪੁਲਿਸ ਨੇ ਧਮਕੀਆਂ ਭੇਜਣ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਦੀ ਚੇਤਾਵਨੀ ਦਿੱਤੀ ਹੈ। ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਜ਼ਿਲ੍ਹੇ ਭਰ ਦੇ ਸਕੂਲਾਂ ਵਿੱਚ ਨਿਗਰਾਨੀ ਜਾਰੀ ਹੈ।

## ਬਿਕਰਮ ਮਜੀਠੀਆ ਦੀ ਜਾਨ ਨੂੰ ਖ਼ਤਰਾ, ਹਾਈਕੋਰਟ ਨੇ ਸੁਰੱਖਿਆ ਨੂੰ ਲੈ ਕੇ ਜਾਰੀ ਕੀਤੇ ਹੁਕਮ

ਚੰਡੀਗੜ੍ਹ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਬਿਕਰਮ ਸਿੰਘ ਮਜੀਠੀਆ ਦੀ ਸੁਰੱਖਿਆ ਨੂੰ ਲੈ ਕੇ ਸਖ਼ਤ ਰੁਖ਼ ਅਪਣਾਉਂਦੇ ਹੋਏ ਪੰਜਾਬ ਸਰਕਾਰ ਅਤੇ ਜੇਲ੍ਹ ਪ੍ਰਸ਼ਾਸਨ ਨੂੰ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਹਨ।

ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਮਜੀਠੀਆ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਹੁਕਮ ਦਿੱਤੇ ਹਨ। ਇਹ ਵੀ ਚੇਤਾਵਨੀ ਦਿੱਤੀ ਕਿ ਜੇਕਰ ਸੁਰੱਖਿਆ ਵਿੱਚ ਕੋਈ ਕਮੀ ਆਈ ਤਾਂ ਏਡੀਜੀਪੀ (ਜੇਲ੍ਹਾਂ) ਅਤੇ ਨਾਭਾ ਜੇਲ੍ਹ ਸੁਪਰਡੈਂਟ ਜ਼ਿੰਮੇਵਾਰ ਹੋਣਗੇ ਅਤੇ ਉਨ੍ਹਾਂ ਨੂੰ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਹੁਕਮ ਦਿੱਤੇ ਹਨ ਕਿ ਖ਼ੁਫ਼ੀਆ ਏਜੰਸੀਆਂ ਵੱਲੋਂ ਮਿਲੇ ਖ਼ਤਰੇ ਦੇ ਮੱਦੇਨਜ਼ਰ ਬਿਕਰਮ ਮਜੀਠੀਆ ਦਾ ਸੁਰੱਖਿਆ ਘੇਰਾ ਤੁਰੰਤ ਮਜ਼ਬੂਤ ਕੀਤਾ ਜਾਵੇ। ਅਦਾਲਤ ਨੇ ਇਹ ਫੈਸਲਾ ਉਨ੍ਹਾਂ ਰਿਪੋਰਟਾਂ ਤੋਂ ਬਾਅਦ ਲਿਆ ਹੈ ਜਿਨ੍ਹਾਂ ਵਿੱਚ ਪਾਬੰਦੀਸ਼ੁਦਾ ਸੰਗਠਨਾਂ ਵੱਲੋਂ ਮਜੀਠੀਆ 'ਤੇ ਹਮਲੇ ਦੀ ਸਾਜ਼ਿਸ਼ ਦਾ ਖ਼ੁਲਾਸਾ ਹੋਇਆ ਸੀ। ਮਜੀਠੀਆ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਜੇਲ੍ਹ ਪ੍ਰਸ਼ਾਸਨ ਵੱਲੋਂ ਵਰਤੀ ਜਾ ਰਹੀ ਢਿੱਲ ਜਾਨਲੇਵਾ ਸਾਬਤ ਹੋ ਸਕਦੀ ਹੈ, ਜਿਸ 'ਤੇ ਸੁਣਵਾਈ ਕਰਦਿਆਂ ਅਦਾਲਤ ਨੇ ਹੁਣ ਉੱਚ ਅਧਿਕਾਰੀਆਂ ਨੂੰ ਕਾਨੂੰਨੀ ਤੌਰ 'ਤੇ ਜਵਾਬਦੇਹ ਬਣਾ ਦਿੱਤਾ ਹੈ।

# ਲੁਧਿਆਣਾ - ਫਤਿਹਗੜ੍ਹ ਸਾਹਿਬ ਜ਼ਿਲ੍ਹਾ ਅਦਾਲਤਾਂ ਨੂੰ ਮਿਲੀ ਬੰਬ ਦੀ ਧਮਕੀ, ਕੋਰਟ ਕੰਪਲੈਕਸ ਕਰਵਾਏ ਖਾਲੀ




ਚੰਡੀਗੜ੍ਹ : ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਅਦਾਲਤੀ ਕੰਪਲੈਕਸਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲੀਆਂ ਹਨ। ਤਾਜ਼ਾ ਜਾਣਕਾਰੀ ਅਨੁਸਾਰ ਲੁਧਿਆਣਾ ਅਤੇ ਫਤਿਹਗੜ੍ਹ ਸਾਹਿਬ ਜ਼ਿਲ੍ਹਾ ਅਦਾਲਤਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲੀਆਂ ਹਨ। ਅੱਜ ਸਵੇਰੇ ਭੇਜੇ ਗਏ ਇੱਕ ਈਮੇਲ ਨੇ ਹਲਚਲ ਮਚਾ ਦਿੱਤੀ ਹੈ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਦੱਸ ਦਈਏ ਕਿ ਲੁਧਿਆਣਾ ਅਦਾਲਤੀ ਕੰਪਲੈਕਸ ਨੂੰ ਅੱਜ ਦੂਜੀ ਵਾਰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਹੈ। ਇਹ ਧਮਕੀ ਨਿਆਂਇਕ ਦਫ਼ਤਰ ਦੇ ਅਧਿਕਾਰਤ ਈਮੇਲ ਪਤੇ 'ਤੇ ਭੇਜੀ ਗਈ, ਜਿਸ ਨਾਲ ਪੂਰੇ ਪ੍ਰਸ਼ਾਸਨ ਵਿੱਚ ਹੜਕੰਪ ਮਚ ਗਿਆ। ਲੁਧਿਆਣਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਨੂੰ ਧਮਕੀ ਭਰੇ ਈਮੇਲ ਬਾਰੇ ਤੁਰੰਤ ਸੂਚਿਤ ਕੀਤਾ ਗਿਆ। ਇਸ ਤੋਂ ਬਾਅਦ, ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ, ਅਤੇ ਸੁਰੱਖਿਆ ਕਾਰਨਾਂ ਕਰਕੇ ਅਦਾਲਤ ਦੇ ਅਹਾਤੇ ਵਿੱਚ ਕੰਮ ਨਾ ਕਰਨ ਦਾ ਐਲਾਨ ਕੀਤਾ ਗਿਆ।

ਜਾਣਕਾਰੀ ਅਨੁਸਾਰ, ਅਦਾਲਤ ਖੁੱਲ੍ਹਣ ਤੋਂ ਪਹਿਲਾਂ ਈਮੇਲ ਰਾਹੀਂ ਚੇਤਾਵਨੀ ਭੇਜੀ ਗਈ ਸੀ ਕਿ ਲੁਧਿਆਣਾ ਅਦਾਲਤ ਕੰਪਲੈਕਸ ਨੂੰ ਜਲਦੀ ਹੀ ਬੰਬ ਨਾਲ ਉਡਾ ਦਿੱਤਾ ਜਾਵੇਗਾ। ਇਸ ਤੋਂ ਬਾਅਦ, ਬਾਰ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਪੁਲਿਸ ਅਧਿਕਾਰੀਆਂ ਨੂੰ ਸੁਚੇਤ ਕਰ ਦਿੱਤਾ ਗਿਆ। ਧਮਕੀ ਮਿਲਣ ਤੋਂ ਤੁਰੰਤ ਬਾਅਦ ਲੁਧਿਆਣਾ ਪੁਲਿਸ ਦੇ ਸੀਨੀਅਰ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਪੂਰੇ ਅਦਾਲਤੀ ਕੰਪਲੈਕਸ ਨੂੰ ਘੇਰ ਲਿਆ ਗਿਆ ਅਤੇ ਖਾਲੀ ਕਰਵਾ ਲਿਆ ਗਿਆ। ਬੰਬ ਸਕੁਐਡ ਅਤੇ ਡੌਗ ਸਕੁਐਡ ਟੀਮਾਂ ਨੇ ਪੂਰੀ ਤਰ੍ਹਾਂ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਫਿਲਹਾਲ ਅਦਾਲਤੀ ਕੰਪਲੈਕਸ, ਪਾਰਕਿੰਗ ਏਰੀਆ, ਵਕੀਲਾਂ ਦੇ ਚੈਂਬਰ ਅਤੇ ਹੋਰ ਸੰਵੇਦਨਸ਼ੀਲ ਥਾਵਾਂ ਦੀ ਪੂਰੀ ਤਰ੍ਹਾਂ ਤਲਾਸ਼ੀ ਲਈ ਜਾ ਰਹੀ ਹੈ। ਪੁਲਿਸ ਇਸ ਵੇਲੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ, ਅਤੇ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ।

# ਪ੍ਰਸਿੱਧ ਗਾਇਕ ਗੁਲਾਬ ਸਿੱਧੂ 'ਤੇ ਹਮਲੇ ਦੀ ਯੋਜਨਾ ਬਣਾਉਣ ਵਾਲੇ ਸਰਪੰਚ ਸਮੇਤ ਤਿੰਨ ਲੋਕ ਗ੍ਰਿਫ਼ਤਾਰ



ਬਰਨਾਲਾ: ਬਰਨਾਲਾ ਪੁਲਿਸ ਨੇ ਪਿੰਡ ਦੇ ਸਰਪੰਚ ਸਮੇਤ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਪੰਜਾਬੀ ਗਾਇਕ ਗੁਲਾਬ ਸਿੰਘ ਸਿੱਧੂ 'ਤੇ ਹਮਲਾ ਕਰਨ ਦੀ ਸਾਜ਼ਿਸ਼ ਰਚ ਰਹੇ ਸਨ। ਮੁਲਜ਼ਮਾਂ ਵਿੱਚ ਕੋਟਦੁਨਾ ਪਿੰਡ ਦਾ ਸਰਪੰਚ ਵੀ ਸ਼ਾਮਿਲ ਹੈ। ਮੁਲਜ਼ਮਾਂ ਤੋਂ ਨਾਜਾਇਜ਼ ਹਥਿਆਰ, ਜ਼ਿੰਦਾ ਕਾਰਤੂਸ, ਮੋਬਾਈਲ ਫੋਨ, ਸਵਿਫਟ ਕਾਰ ਅਤੇ ਹੋਰ ਸਾਮਾਨ ਬਰਾਮਦ ਕੀਤਾ ਗਿਆ ਹੈ।

ਐਸਐਸਪੀ ਬਰਨਾਲਾ ਮੁਹੰਮਦ ਸਰਫਰਾਜ਼ ਆਲਮ ਨੇ ਦੱਸਿਆ ਕਿ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਪਿੰਡ ਕੋਟਦੁਨਾ ਦੇ ਸਰਪੰਚ ਬਲਜਿੰਦਰ ਸਿੰਘ ਅਤੇ ਉਸਦੇ ਸਾਥੀਆਂ ਨੇ ਇੱਕ ਗਿਰੋਹ ਬਣਾਇਆ ਹੈ ਜੋ ਕਾਰੋਬਾਰੀਆਂ ਅਤੇ ਮਸ਼ਹੂਰ ਹਸਤੀਆਂ ਨੂੰ ਧਮਕੀਆਂ ਦੇ ਕੇ ਉਨ੍ਹਾਂ ਤੋਂ ਰਿਸ਼ਵਤ ਲੈਂਦਾ ਹੈ। ਜਾਣਕਾਰੀ ਅਨੁਸਾਰ, ਦੋਸ਼ੀ ਮੋਗਾ-ਬਰਨਾਲਾ ਬਾਈਪਾਸ ਚੌਕ ਨੇੜੇ ਬੈਠੇ ਸਨ ਅਤੇ ਇੱਕ ਮਸ਼ਹੂਰ ਵਿਅਕਤੀ 'ਤੇ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਸਨ।

ਕਾਰਵਾਈ ਕਰਦੇ ਹੋਏ ਪੁਲਿਸ ਨੇ ਮੌਕੇ 'ਤੇ ਛਾਪਾ ਮਾਰਿਆ ਅਤੇ ਬਲਜਿੰਦਰ ਸਿੰਘ, ਬਲਵਿੰਦਰ ਸਿੰਘ ਅਤੇ ਗੁਰਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮਾਂ ਕੋਲੋਂ ਇੱਕ 32 ਬੋਰ ਦਾ ਦੇਸੀ ਪਿਸਤੌਲ, ਇੱਕ ਮੈਗਜ਼ੀਨ, 32 ਬੋਰ ਦੇ ਤਿੰਨ ਜ਼ਿੰਦਾ ਕਾਰਤੂਸ, ਇੱਕ ਡਮੀ ਪਿਸਤੌਲ, ਚਾਰ ਮੋਬਾਈਲ ਫੋਨ, ਇੱਕ ਲੱਕੜ ਦੀ ਸੋਟੀ ਅਤੇ ਇੱਕ ਚਿੱਟੇ ਰੰਗ ਦੀ ਸਵਿਫਟ ਕਾਰ ਬਰਾਮਦ ਕੀਤੀ ਗਈ ਹੈ।

ਪੁਲਿਸ ਜਾਂਚ ਤੋਂ ਪਤਾ ਲੱਗਾ ਕਿ ਮੁਲਜ਼ਮ ਦਾ ਨਿਸ਼ਾਨਾ ਫਰਵਾਹੀ ਦਾ ਮਸ਼ਹੂਰ ਪੰਜਾਬੀ ਗਾਇਕ ਗੁਲਾਬ ਸਿੰਘ ਸਿੱਧੂ ਸੀ। ਦੱਸਿਆ ਗਿਆ ਕਿ ਸਰਪੰਚ ਬਲਜਿੰਦਰ ਸਿੰਘ ਗਾਇਕ ਵੱਲੋਂ ਸਰਪੰਚਾਂ ਦੇ ਨਾਮ 'ਤੇ ਗਾਏ ਗਏ ਇੱਕ ਗੀਤ ਤੋਂ ਨਾਰਾਜ਼ ਸੀ ਅਤੇ ਉਸਨੇ ਸੋਸ਼ਲ ਮੀਡੀਆ 'ਤੇ ਲਾਈਵ ਵੀਡੀਓ ਪੋਸਟ ਕਰਕੇ ਗਾਇਕ ਨੂੰ ਧਮਕੀ ਵੀ ਦਿੱਤੀ ਸੀ। ਤਿੰਨੋਂ ਦੋਸ਼ੀ ਗਾਇਕ 'ਤੇ ਹਮਲਾ ਕਰਕੇ ਆਪਣੀ ਪਛਾਣ ਬਣਾਉਣਾ ਚਾਹੁੰਦੇ ਸਨ, ਤਾਂ ਜੋ ਉਹ ਹੋਰ ਮਸ਼ਹੂਰ ਹਸਤੀਆਂ ਅਤੇ ਕਾਰੋਬਾਰੀਆਂ ਨੂੰ ਡਰਾ ਸਕਣ ਅਤੇ ਉਨ੍ਹਾਂ ਤੋਂ ਵੱਡੀ ਮਾਤਰਾ ਵਿੱਚ ਪੈਸੇ ਵਸੂਲ ਸਕਣ।

# ਭਾਰਤ 'ਚ ਨਵੇਂ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਸੰਭਾਲਿਆ ਅਹੁਦਾ; ਭਾਰਤ -ਅਮਰੀਕਾ ਵਪਾਰ ਸਮਝੌਤੇ 'ਤੇ ਦਿੱਤਾ ਵੱਡਾ ਬਿਆਨ



ਨਵੀ ਦਿੱਲੀ : ਭਾਰਤ ਵਿੱਚ ਨਵੇਂ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਸੋਮਵਾਰ ਨੂੰ ਅਹੁਦਾ ਸੰਭਾਲਿਆ। ਅਮਰੀਕੀ ਦੂਤਾਵਾਸ ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਨਵੇਂ ਰਾਜਦੂਤ ਸਰਜੀਓ ਗੋਰ ਵੀ ਕਾਫ਼ੀ ਸਕਾਰਾਤਮਕ ਦਿਖਾਈ ਦਿੱਤੇ। ਆਪਣੇ ਪਹਿਲੇ ਸੰਬੋਧਨ ਵਿੱਚ, ਗੋਰ ਨੇ "ਨਮਸਤੇ" ਨਾਲ ਸ਼ੁਰੂਆਤ ਕੀਤੀ ਅਤੇ ਕਿਹਾ ਕਿ ਉਹ ਭਾਰਤ ਵਿੱਚ ਅਮਰੀਕੀ ਰਾਜਦੂਤ ਬਣਨ 'ਤੇ ਸਨਮਾਨਿਤ ਮਹਿਸੂਸ ਕਰ ਰਹੇ ਹਨ। ਗੋਰ ਨੇ ਰਾਸ਼ਟਰਪਤੀ ਟਰੰਪ ਅਤੇ ਪ੍ਰਧਾਨ ਮੰਤਰੀ ਮੋਦੀ ਵਿਚਕਾਰ ਦੋਸਤੀ ਨੂੰ ਸੱਚਾ ਦੱਸਿਆ। ਉਨ੍ਹਾਂ ਕਿਹਾ ਕਿ ਸੱਚੇ ਦੋਸਤ ਇਕ ਵਾਰ ਅਸਹਿਮਤ ਹੋ ਸਕਦੇ ਹਨ, ਪਰ ਅੰਤ ਵਿੱਚ ਹਮੇਸ਼ਾ ਆਪਣੇ ਮਤਭੇਦਾਂ ਨੂੰ ਹੱਲ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਭਾਰਤ ਲਈ ਡੂੰਘਾ ਸਤਿਕਾਰ ਲੈ ਕੇ ਆਏ ਹਨ ਅਤੇ ਭਾਰਤ-ਅਮਰੀਕਾ ਭਾਈਵਾਲੀ ਨੂੰ ਅੱਗੇ ਵਧਾਉਣਾ ਹੀ ਉਨ੍ਹਾਂ ਦਾ ਮਿਸ਼ਨ ਹੈ। ਗੋਰ ਨੇ ਕਿਹਾ ਇਹ ਦੁਨੀਆ ਦੇ ਸਭ ਤੋਂ ਪੁਰਾਣੇ ਲੋਕਤੰਤਰ ਅਤੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਸੰਗਮ ਹੈ। ਉਨ੍ਹਾਂ ਨੇ ਭਾਰਤ ਨੂੰ ਇੱਕ ਅਸਾਧਾਰਨ ਦੇਸ਼ ਦੱਸਿਆ ਅਤੇ ਕਿਹਾ ਕਿ ਇੱਥੇ ਕੰਮ ਕਰਨਾ ਸਨਮਾਨ ਦੀ ਗੱਲ ਹੈ।

ਭਾਰਤ ਵਿੱਚ ਨਵੇਂ ਅਮਰੀਕੀ ਰਾਜਦੂਤ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਵਿਸ਼ਵਾਸਪਾਤਰ ਮੰਨਿਆ ਜਾਂਦਾ ਹੈ। ਗੋਰ ਨੇ ਕਿਹਾ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤੇ 'ਤੇ ਗੱਲਬਾਤ ਸਰਗਰਮੀ ਨਾਲ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿੱਚ ਅਗਲੀ ਗੱਲਬਾਤ ਕੱਲ੍ਹ ਨੂੰ ਹੋਣ ਵਾਲੀ ਹੈ। ਗੋਰ ਦੇ ਅਨੁਸਾਰ, ਦੋਵੇਂ ਦੇਸ਼ ਇਸ ਸਮਝੌਤੇ ਨੂੰ ਅੰਤਿਮ ਰੂਪ ਦੇਣ ਲਈ ਵਚਨਬੱਧ ਹਨ। ਸਰਜੀਓ ਗੋਰ ਨੇ ਕਿਹਾ ਕਿ ਵਪਾਰ ਭਾਰਤ ਅਮਰੀਕਾ ਸਬੰਧਾਂ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਪਰ ਸਹਿਯੋਗ ਸਿਰਫ਼ ਵਪਾਰ ਤੱਕ ਸੀਮਤ ਨਹੀਂ ਹੈ। ਦੋਵੇਂ ਦੇਸ਼ ਸੁਰੱਖਿਆ, ਅੱਤਵਾਦ ਵਿਰੋਧੀ, ਊਰਜਾ, ਤਕਨਾਲੋਜੀ, ਸਿੱਖਿਆ ਅਤੇ ਸਿਹਤ ਵਰਗੇ ਮਹੱਤਵਪੂਰਨ ਖੇਤਰਾਂ ਵਿੱਚ ਵੀ ਇਕੱਠੇ ਕੰਮ ਕਰ ਰਹੇ ਹਨ।

# ਸਰਬਜੀਤ ਕੌਰ ਤੋਂ 'ਨੂਰ' ਬਣੀ ਭਾਰਤੀ ਸਿੱਖ ਮਹਿਲਾ ਗ੍ਰਿਫ਼ਤਾਰ, ਲਾਹੌਰ ਦੇ ਸ਼ੈਲਟਰ ਹੋਮ ਭੇਜਿਆ




ਪਿਛਲੇ ਸਾਲ ਨਵੰਬਰ ਵਿੱਚ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਦੌਰਾਨ ਲਾਪਤਾ ਹੋਣ ਮਗਰੋਂ ਸਥਾਨਕ ਮੁਸਲਿਮ ਨਾਲ ਵਿਆਹ ਕਰਵਾਉਣ ਵਾਲੀ ਭਾਰਤੀ ਸਿੱਖ ਮਹਿਲਾ ਸਰਬਜੀਤ ਕੌਰ (48) ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਦੇ ਸਰਕਾਰੀ ਸ਼ੈਲਟਰ ਹੋਮ ਭੇਜ ਦਿੱਤਾ ਗਿਆ ਹੈ। ਸਰਬਜੀਤ ਕੌਰ ਉਨ੍ਹਾਂ 2,000 ਸਿੱਖ ਸ਼ਰਧਾਲੂਆਂ ਵਿੱਚੋਂ ਇੱਕ ਸੀ ਜੋ ਪਿਛਲੇ ਸਾਲ ਨਵੰਬਰ ਵਿੱਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਭਾਰਤ ਤੋਂ ਵਾਹਗਾ ਸਰਹੱਦ ਰਸਤੇ ਪਾਕਿਸਤਾਨ ਗਏ ਸਨ। ਜਥੇ ਵਿਚ ਗਏ ਸਾਰੇ ਸ਼ਰਧਾਲੂ ਕੁਝ ਦਿਨਾਂ ਬਾਅਦ ਘਰ ਵਾਪਸ ਆ ਗਏ, ਪਰ ਸਰਬਜੀਤ ਕੌਰ ਲਾਪਤਾ ਹੋ ਗਈ। ਲਾਹੌਰ ਦੇ ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਮਗਰੋਂ ਕਿਹਾ ਕਿ ਸਰਬਜੀਤ ਨੇ 4 ਨਵੰਬਰ ਨੂੰ ਪਾਕਿਸਤਾਨ ਪਹੁੰਚਣ ਤੋਂ ਇੱਕ ਦਿਨ ਬਾਅਦ ਲਾਹੌਰ ਤੋਂ ਕਰੀਬ 50 ਕਿਲੋਮੀਟਰ ਦੂਰ ਸ਼ੇਖੂਪੁਰਾ ਜ਼ਿਲ੍ਹੇ ਦੇ ਨਾਸਿਰ ਹੁਸੈਨ ਨਾਲ ਵਿਆਹ ਕਰ ਲਿਆ। ਉਪਰੰਤ ਸਰਬਜੀਤ ਕੌਰ ਤੇ ਹੁਸੈਨ ਨੇ ਲਾਹੌਰ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਜਿਸ ਵਿੱਚ ਦਾਅਵਾ ਕੀਤਾ ਗਿਆ ਕਿ ਪੁਲੀਸ ਨੇ ਸ਼ੇਖੂਪੁਰਾ ਦੇ ਫਾਰੂਖਾਬਾਦ ਵਿੱਚ ਉਨ੍ਹਾਂ ਦੇ ਘਰ 'ਤੇ ਛਾਪਾ ਮਾਰਿਆ ਅਤੇ ਉਨ੍ਹਾਂ 'ਤੇ ਵਿਆਹ ਖਤਮ ਕਰਨ ਲਈ ਦਬਾਅ ਪਾਇਆ। ਲਾਹੌਰ ਹਾਈ ਕੋਰਟ ਦੇ ਜਸਟਿਸ ਫਾਰੂਕ ਹੈਦਰ ਨੇ ਪੁਲੀਸ ਨੂੰ ਜੋੜੇ ਨੂੰ ਤੰਗ ਪ੍ਰੇਸ਼ਾਨ ਨਾ ਕਰਨ ਦਾ ਹੁਕਮ ਦਿੱਤਾ।

ਪੰਜਾਬ ਸਰਕਾਰ ਦੇ ਸੂਤਰ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ, ''ਅਦਾਲਤੀ ਹੁਕਮਾਂ ਦੀ ਪਾਲਣਾ ਕਰਨ ਦੀ ਬਜਾਏ, ਪੰਜਾਬ ਪੁਲੀਸ ਨੇ ਜੋੜੇ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਸਰਬਜੀਤ ਕੌਰ ਨੂੰ ਲਾਹੌਰ ਦੇ ਦਾਰੁਲ ਅਮਾਨ (ਸਰਕਾਰੀ ਸ਼ੈਲਟਰ ਹੋਮ) ਭੇਜ ਦਿੱਤਾ।'' ਉਨ੍ਹਾਂ ਕਿਹਾ ਕਿ ਅਧਿਕਾਰੀ ਸਰਬਜੀਤ ਕੌਰ ਨੂੰ ਡਿਪੋਰਟ ਕਰਨਾ ਚਾਹੁੰਦੇ ਹਨ ਜਦੋਂ ਕਿ ਉਸ ਦਾ ਪਤੀ ਇੱਕ ਕੇਸ ਨੂੰ ਲੈ ਕੇ ਪੁਲੀਸ ਦੀ ਹਿਰਾਸਤ ਵਿਚ ਹੈ।

ਸੂਤਰ ਨੇ ਕਿਹਾ, ''ਅਧਿਕਾਰੀਆਂ ਨੇ ਪਹਿਲਾਂ ਵੀ ਸਰਬਜੀਤ ਕੌਰ ਨੂੰ ਡਿਪੋਰਟ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਵਾਹਗਾ-ਅਟਾਰੀ ਸਰਹੱਦ ਬੰਦ ਹੋਣ ਕਾਰਨ ਉਹ ਅਸਫਲ ਰਹੇ।'' ਇਸ ਤੋਂ ਪਹਿਲਾਂ ਇੱਕ ਵੀਡੀਓ ਕਲਿੱਪ ਵਿੱਚ ਸਰਬਜੀਤ ਕੌਰ ਨੇ ਕਿਹਾ ਕਿ ਉਸ ਨੇ ਆਪਣਾ ਵੀਜ਼ਾ ਵਧਾਉਣ ਲਈ ਇਸਲਾਮਾਬਾਦ ਵਿੱਚ ਦੂਤਾਵਾਸ ਨਾਲ ਸੰਪਰਕ ਕੀਤਾ ਅਤੇ ਪਾਕਿਸਤਾਨੀ ਨਾਗਰਿਕਤਾ ਲਈ ਅਰਜ਼ੀ ਵੀ ਦਿੱਤੀ। ਕੌਰ ਨੇ ਕਿਹਾ, ''ਮੈਂ ਇੱਕ ਤਲਾਕਸ਼ੁਦਾ ਹਾਂ ਅਤੇ ਹੁਸੈਨ ਨਾਲ ਵਿਆਹ ਕਰਨਾ ਚਾਹੁੰਦੀ ਸੀ; ਇਸ ਲਈ, ਮੈਂ ਇੱਥੇ ਇਸੇ ਉਦੇਸ਼ ਲਈ ਆਈ ਸੀ।'' ਨਿਕਾਹ ਤੋਂ ਪਹਿਲਾਂ ਸਰਬਜੀਤ ਕੌਰ ਨੂੰ ਮੁਸਲਿਮ ਨਾਮ 'ਨੂਰ' ਦਿੱਤਾ ਗਿਆ ਸੀ। ਉਸ ਨੇ ਕਿਹਾ, ''ਮੈਂ ਆਪਣੀ ਖ਼ੁਸ਼ੀ ਨਾਲ ਹੁਸੈਨ ਨਾਲ ਨਿਕਾਹ ਕੀਤਾ ਸੀ।'' ਪੰਜਾਬ ਅਸੈਂਬਲੀ ਦੇ ਸਾਬਕਾ ਮੈਂਬਰ ਮਹਿੰਦਰ ਪਾਲ ਸਿੰਘ ਨੇ ਲਾਹੌਰ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਦੋਸ਼ ਲਗਾਇਆ ਸੀ ਕਿ ਇਸ ਗੱਲ ਦੀ ਸੰਭਾਵਨਾ ਹੈ ਕਿ ਸਰਬਜੀਤ ਕੌਰ 'ਭਾਰਤੀ ਜਾਸੂਸ' ਹੈ। ਉਸ ਨੇ ਕਿਹਾ, ''ਸਰਬਜੀਤ ਕੌਰ ਦੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਉਸ ਦਾ ਪਾਕਿਸਤਾਨ ਵਿੱਚ ਰਹਿਣਾ ਗੈਰ-ਕਾਨੂੰਨੀ ਹੈ ਕਿਉਂਕਿ ਇਹ ਮਾਮਲਾ ਪਾਕਿਸਤਾਨ ਦੀ ਕੌਮੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ।''















ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjer
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਚਿੰਤਨ / ਬੁੱਧ ਸਿੰਘ ਨੀਲੋਂ

# ਸਾਂਝੇ ਸੰਘਰਸ਼ ਦੀ ਲੋੜ ਹੈ...?



ਬੁੱਧ ਸਿੰਘ ਨੀਲੋਂ
94643 70823

ਮਨੁੱਖ ਦੇ ਜਿਉਣ ਲਈ ਰੋਟੀ,ਕੱਪੜਾ ਤੇ ਮਕਾਨ ਦੀ ਲੋੜ ਹੈ। ਇਹਨਾਂ ਲੋੜਾਂ ਨੂੰ ਪੂਰਾ ਕਰਨ ਲਈ ਰੁਜ਼ਗਾਰ ਦੀ ਜਰੂਰਤ ਹੁੰਦੀ ਹੈ। ਰੁਜ਼ਗਾਰ ਦੇਣ ਦਾ ਫਰਜ਼ ਸਰਕਾਰ ਦਾ ਹੈ। ਕਿਉਂਕਿ ਹਰ ਮਨੁੱਖ ਸਰਕਾਰ ਨੂੰ ਟੈਕਸ ਦਿੰਦਾ ਹੈ। ਹਰ ਮਨੁੱਖ ਨੂੰ ਜਿਉਣ ਦਾ ਅਧਿਕਾਰ ਹੈ। ਸਦੀਆਂ ਤੋਂ ਕੁੱਝ ਸ਼ੈਤਾਨ ਤੇ ਲਾਲਚੀਆਂ ਨੇ ਬਹੁਗਿਣਤੀ ਲੋਕਾਂ ਨੂੰ ਆਪਣਾ ਗੁਲਾਮ ਬਣਾਇਆ ਹੋਇਆ ਹੈ। ਇਹ ਗੁਲਾਮੀ ਦਾ ਧਾਗਾ ਬੰਨ੍ਹ ਕੇ ਉਹਨਾਂ ਨੂੰ ਗੁਲਾਮ ਬਣਾਇਆ ਹੋਇਆ ਹੈ । ਇਹ ਧਾਗਾ ਧਰਮ, ਜਾਤ, ਊਚ ਨੀਚ ਤੇ ਭਰਮ ਦਾ ਹੈ। ਮਨੁੱਖ ਦਾ ਧਰਮ ਤਾਂ ਕਿਰਤ ਕਰੋ, ਮੋਹ ਪਿਆਰ, ਵੰਡ ਕੇ ਛਕਣ ਤੇ ਆਪਣੇ ਵਿਰਸੇ ਨੂੰ ਯਾਦ ਰੱਖਣ ਦਾ ਸੀ। ਪਰ ਹੁਣ ਧਰਮ ਵਪਾਰ ਤੇ ਅੰਧਵਿਸ਼ਵਾਸੀ ਲੋਕਾਂ ਦੀ ਲੁੱਟ ਦਾ ਸਾਧਨ ਬਣ ਗਿਆ। ਧਰਮ ਦੀਆਂ ਪਹਿਲਾਂ ਫੈਕਟਰੀਆਂ ਖੁੱਲ੍ਹੀਆਂ ਸਨ। ਧਰਮ ਦੀਆਂ ਹੁਣ ਕੰਪਨੀਆਂ ਆ ਗਈਆਂ ਹਨ। ਜਿਹੜੀਆਂ ਔਨ ਲਾਈਨ ਇਹ ਧਰਮ ਦਾ ਧੰਦਾ ਕਰਦੀਆਂ ਹਨ। ਇਸ ਧਰਮ ਦੇ ਵਿੱਚੋਂ ਮਨੁੱਖਤਾ ਖਤਮ ਹੋ ਗਈ ਹੈ। ਉਹ ਆਪੋ ਆਪਣੇ ਧਰਮ ਨੂੰ ਵੇਚਣ ਲਈ ਸੱਤਾਧਾਰੀ ਨੂੰ ਕਦੇ ਮਾਇਆ ਰਾਹੀਂ ਤੇ ਵੋਟਾਂ ਰਾਹੀਂ ਚੋਗਾ ਪਾਉਂਦਾ ਹੈ। ਜਦੋਂ ਵੀ ਵੋਟਾਂ ਆਉਂਦੀਆਂ ਹਨ। ਧਰਮ ਨੂੰ ਲਹੂ ਦੀਆਂ ਉਲਟੀਆਂ ਲੱਗ ਜਾਂਦੀਆਂ ਹਨ । ਘਰਾਂ ਵਿੱਚ ਦੀਵਾਲੀ ਬਲਦੀ ਹੈ। ਕੀੜੇ ਮਕੌੜੇ ਜਲਦੇ ਹਨ। ਇਹ ਵਰਤਾਰਾ ਆਮ ਹੋ ਗਿਆ। ਬੰਦਾ ਜ਼ਹਿਰੀਲਾ ਹੋ ਗਿਆ ਹੈ। ਉਹ ਜ਼ਹਿਰੀਲੀਆਂ ਵਸਤੂਆਂ ਖਾਂਦਾ ਹੈ। ਵੇਚਦਾ ਹੈ ਤੇ ਖਰੀਦ ਦਾ ਹੈ। ਬੰਦੇ ਵਿਚੋਂ ਬੰਦਾ ਮਰ ਗਿਆ ਹੈ। ਹੁਣ ਕੋਈ ਬੰਦਾ, ਬਾਬਾ ਬੰਦਾ ਸਿੰਘ ਬਹਾਦਰ ਨਹੀਂ ਬਣਦਾ। ਥਾਂ ਥਾਂ ਸਰਹੱਦਾਂ ਉਗ ਆਈਆਂ ਹਨ। ਜਿੱਥੇ ਹਰ ਤਰ੍ਹਾਂ ਦਾ ਕਤਲੇਆਮ ਹੁੰਦਾ ਹੈ। ਅਸੀਂ ਚੁੱਪ ਚਾਪ ਤਮਾਸ਼ਾ ਦੇਖਣ ਵਾਲੇ ਤਮਾਸ਼ਬੀਨ ਬਣ ਗਏ ਹਾਂ। ਨਫ਼ਰਤ ਤੇ ਜ਼ਹਿਰ ਦਾ ਵਪਾਰ ਕਰਦੇ ਹਾਂ । ਸਮਾਜ ਵਿੱਚ ਜਿਸ ਤਰ੍ਹਾਂ ਜ਼ਹਿਰੀਲੀਆਂ ਵਸਤੂਆਂ ਵੇਚਣ ਤੇ ਖਰੀਦਣ ਦਾ ਸਾਡਾ ਸੁਭਾਅ ਬਣਿਆ ਹੈ, ਇਸ ਮਿਲਾਵਟ ਨੇ ਸਾਡੇ ਅੰਦਰ ਅਜਿਹੀ ਖੋਰ ਲਾ ਦਿੱਤੀ ਹੈ ਕਿ ਅਸੀਂ 'ਸੱਚ' ਨੂੰ ਜਾਨਣ ਦੀ ਵਜਾਏ 'ਝੂਠ' ਨੂੰ ਸੱਚ ਮੰਨਣ ਦੇ ਆਦੀ ਹੋ ਗਏ ਹਾਂ। ਖਾਣ-ਪੀਣ ਦੀਆਂ ਵਸਤੂਆਂ ਵਿੱਚ ਤਾਂ ਮਿਲਾਵਟਾਂ ਤਾਂ ਸਦੀਆਂ ਤੋਂ ਹੁੰਦੀਆਂ ਹਨ, ਜਿਸ ਤਰ੍ਹਾਂ ਇਤਿਹਾਸ ਵਿੱਚ ਰਿਲਾਵਟਾਂ ਪਾਉਣੀਆਂ ਤੇ ਉਨ੍ਹਾਂ ਨੂੰ ਮਨਾਉਣ ਦਾ ਸਿਲਸਿਲਾ ਵੱਧ ਰਿਹਾ ਹੈ, ਇਹ ਸਾਡੇ ਲਈ ਚਿੰਤਾਂ ਦਾ ਵਿਸ਼ਾ ਹੈ। ਅਸੀਂ ਇਸ ਉਪਰ 'ਚਿੰਤਾ' ਤਾਂ ਕਰਦੇ ਹਾਂ ਪਰ ਚਿੰਤਨ ਨਹੀਂ ਕਰਦੇ। ਚਿੰਤਨ ਕਰਾਂਗੇ ਤਾਂ ਸਾਨੂੰ 'ਸੱਚ ਤੇ ਝੂਠ' ਦਾ ਗਿਆਨ ਆਵੇਗਾ। ਅਸੀਂ ਇਸ ਗਿਆਨ ਨੂੰ ਲੋਕਾਂ ਤੱਕ ਵੰਡਣ ਲਈ ਪ੍ਰਵਚਨਾਂ ਤੇ ਲਿਖਤਾਂ ਰਾਹੀਂ ਲੈ ਕੇ ਜਾਵਾਂਗੇ। ਇੱਥੇ ਸਭ ਕੁੱਝ ਉਲਟ-ਪੁਲਟ ਹੋ ਰਿਹਾ ਹੈ। ਖਾਣ-ਪੀਣ ਦੇ ਨਾਂ ਹੇਠ ਜਿਹੜਾ ਕੁੱਝ ਵੇਚਿਆ ਤੇ ਖਰੀਦਿਆ ਜਾ ਰਿਹਾ ਹੈ, ਅਸੀਂ ਚੁੱਪ ਚਾਪ ਵੇਚ ਰਹੇ ਹਾਂ, ਖਾ ਰਹੇ ਹਾਂ। ਇਹ ਸਭ ਕਿਉਂ ਹੋ ਰਿਹਾ ਹੈ ? ਅਸੀਂ ਇਸ ਸਬੰਧੀ ਸੋਚਦੇ ਨਹੀਂ। ਸੋਚਣ ਦੀ ਜਿੱਥੇ ਲੋੜ ਹੁੰਦੀ ਹੈ, ਉਥੇ ਅਸੀਂ ਸੋਚਦੇ ਨਹੀਂ, ਜਿੱਥੇ ਚੁੱਪ ਰਹਿਣਾ ਹੁੰਦਾ ਹੈ, ਉੱਥੇ ਅਸੀਂ ਬੋਲਦੇ ਹਾਂ। ਇਸੇ ਕਰਕੇ ਸਾਡੇ ਜੀਵਨ ਵਿੱਚ ਵਧੇਰੇ ਵਿਖੇੜੇ ਪੈਦਾ ਹੋ ਰਹੇ ਹਨ। ਜ਼ਹਿਰ ਭਰੀਆਂ ਫਸਲਾਂ ਅਸੀਂ ਖੁਦ ਬੀਜਦੇ ਹਾਂ ਤੇ ਉਸ ਨੂੰ ਖੁਦ ਬਜ਼ਾਰ ਵਿੱਚ ਲੋਕਾਂ ਨੂੰ ਖਾਣ ਲਈ ਵੇਚਦਾ ਹਾਂ। ਅਸੀਂ ਆਪਣੀ ਧਰਤੀ ਨੂੰ 'ਅਮਲਾਂ' ਉਤੇ ਲਾ ਲਿਆ ਹੈ। ਫਸਲ ਤਾਂ ਹੁੰਦੀ ਹੈ, ਜੇ ਉਸ ਦੇ ਉਪਰ ਜ਼ਹਿਰੀਲੀਆਂ ਦਵਾਈਆਂ ਛਿੜਕੀਆਂ ਜਾਣਗੀਆਂ। ਅਸੀਂ ਫਸਲਾਂ 'ਤੇ ਇਹ ਜ਼ਹਿਰ ਇਸ ਲਈ ਛਿੜਕਦੇ ਹਾਂ ਕਿ ਉਹ ਵਧਣ-ਫੁਲਣ ਤੇ ਵੱਧ ਝਾੜ ਦੇਣ। ਸਾਡੀ ਵੱਧ ਝਾੜ ਲੈਣ ਦੀ ਸੋਚ ਨੇ ਸਾਨੂੰ ਜ਼ਿੰਦਗੀ ਦੇ ਉਹ ਬਾਣੀਏ ਬਣਾ ਦਿੱਤਾ ਹੈ, ਜਿਹੜੇ ਵਣਜ ਕਰਦੇ ਹਨ। ਵਣਜ ਵਿੱਚ ਓਹਲਾ ਹੁੰਦਾ ਹੈ। ਉਸ ਵਿੱਚ 'ਝੂਠ' ਦਾ ਪ੍ਰਤਾਪ ਹੁੰਦਾ। ਇਸ ਪ੍ਰਤਾਪ ਨੂੰ ਖਰੀਦਣ ਤੇ ਵੇਚਣ ਵਾਲੇ ਵੀ ਗਿਆਨ ਹੁੰਦਾ ਹੈ ਪਰ ਉਹ ਚੁੱਪ ਰਹਿੰਦੇ ਹਨ। ਇਸੇ ਚੁੱਪ ਵਿੱਚੋਂ ਦੋਹਾਂ ਦੀ ਵੱਧ ਤੋਂ ਵੱਧ ਕਮਾਉਣ ਦੀ ਉਹ 'ਲਾਲਾਸਾ' ਹੁੰਦੀ ਹੈ, ਜਿਸ ਨੇ ਹਰ ਮਨੁੱਖ ਦੀ ਜ਼ੁਬਾਨ ਟੁੱਕ ਦਿੱਤੀ ਹੈ। ਇਸੇ ਕਰਕੇ ਅਸੀਂ ਜੀਭ ਦੇ ਹੁੰਦਿਆਂ ਬੋਲਦੇ ਨਹੀਂ। ਅੱਖਾਂ ਦੇ ਹੁੰਦੇ ਦੇਖਦੇ ਨਹੀਂ, ਪਰ ਅਸੀਂ ਗੂੰਗਿਆਂ ਤੇ ਅੰਨ੍ਹਿਆਂ ਨੂੰ ਉਪਦੇਸ਼ ਹੀ ਨਹੀਂ ਦੇਂਦੇ ਸਗੋਂ ਝਿੜਕਦੇ ਹਾਂ। 'ਤੂੰ ਬੋਲਦਾ ਕੀ ਐ, ਤੈਨੂੰ ਦਿਖਦਾ ਨਹੀਂ, ਤੂੰ ਅੰਨ੍ਹਾ ਐ, ਤੂੰ ਬੋਲਾ ਐ?' ਇਹ ਆਖਣਾ ਮਾਣ ਸਮਝਦੇ ਹਾਂ। ਸਮਾਜ ਵਿੱਚ ਜਿਹੜੀਆਂ ਜ਼ਹਿਰਾਂ ਦਾ ਵਪਾਰ ਹੁੰਦਾ ਹੈ। ਇਸ ਦੇ ਸਬੰਧੀ ਕਿੰਨ੍ਹੇ ਕੁ ਹਨ, ਜਿਹੜੇ ਵਿਰੋਧ ਕਰਦੇ ਹਨ। ਹਰ ਕੋਈ 'ਕਮਾਈ' ਕਰਨ ਦੇ ਚੱਕਰ ਵਿੱਚ 'ਊਰੀ' ਬਣਿਆ ਹੋਇਆ ਹੈ। ਸਾਡੀ ਦੌੜ ਤਾਂ ਵੱਧ ਤੋਂ ਵੱਧ ਕਮਾਈ ਕਰਨ ਤੇ ਜਾਇਦਾਦ ਬਨਾਉਣ ਦੀ ਹੈ, ਇਸੇ ਕਰਕੇ ਅਸੀਂ ਆਪਣਿਆਂ ਨੂੰ ਲੁੱਟਣ,



ਕੁੱਟਣ ਤੇ ਜਾਨੋਂ ਮਾਰਨ ਲੱਗੇ ਪਲ ਨਹੀਂ ਲਾਉਂਦੇ। ਪਲਾਂ ਦੀ ਇਹ ਖੇਡ ਸਾਡੇ ਲਈ ਜ਼ਿੰਦਗੀ ਦੀ ਮੁਸੀਬਤ ਬਣ ਜਾਂਦੀ ਹੈ। ਸਾਡੇ ਮਨਾਂ ਅੰਦਰ ਹਨੇਰ ਦਾ 'ਭਰਤ' ਕੌਣ ਪਾ ਰਿਹਾ ਹੈ? ਜਿਹੜਾ ਸਾਨੂੰ 'ਚਾਨਣ' ਹੁੰਦਿਆਂ ਵੀ 'ਚੁੱਪ' ਰਹਿਣ ਦੇ ਲਈ ਰੋਕੀ ਰੱਖਦਾ ਹੈ। ਅਸੀਂ ਆਪਣੇ ਬੁੱਲ੍ਹ ਤਾਂ ਟੁੱਕ ਲੈਂਦੇ ਹਾਂ ਪਰ ਦੂਸਰੇ ਦੀਆਂ ਲੱਤਾਂ ਨਹੀਂ ਵੱਢਦੇ, ਜਿਹੜੇ ਸਾਨੂੰ ਹਨੇਰ ਵਿੱਚ ਜਿਉਣ ਦੇ ਰਸਤੇ ਭਜਾਈ ਜਾ ਰਹੇ ਹਨ। ਖਾਣ ਪੀਣ ਵਾਲੀਆਂ ਵਸਤੂਆਂ ਵਿਚਲੀ ਮਿਲਾਵਟ ਤਾਂ ਸਾਨੂੰ ਦਿਖਦੀ ਨਹੀਂ, ਇਸੇ ਤਰ੍ਹਾਂ ਸਾਹਿਤ, ਇਤਿਹਾਸ, ਧਰਮ, ਦਰਸ਼ਨ, ਸ਼ਾਸਤਰ, ਵਿਗਿਆਨ ਤੇ ਆਰਥਿਕਤਾ ਵਿੱਚ ਜਿਹੜੀ ਜ਼ਹਿਰ ਮਿਲਾਈ ਜਾ ਰਹੀ ਹੈ, ਇਸ ਨੂੰ ਜ਼ਹਿਰੀਲੀ ਕਰਨ ਵਾਲੇ ਕੋਈ 'ਹੋਰ ਦੇਸ਼' ਦੇ ਲੋਕ ਨਹੀਂ, ਅਸੀਂ 'ਖੁਦ' ਹਾਂ। ਜਿਹੜੇ ਉਨ੍ਹਾਂ ਦੇ ਨਾਲ ਰਲ ਗਏ ਹਨ, ਇਸੇ ਕਰਕੇ ਸਾਡਾ 'ਪੌਣ-ਪਾਣੀ' ਜ਼ਹਿਰੀਲਾ ਹੋ ਗਿਆ ਹੈ। ਅਸੀਂ ਇਸ ਜ਼ਹਿਰੀਲੇ ਵਾਤਾਵਰਣ ਵਿੱਚ ਰਹਿਣ ਦੇ ਆਦੀ ਹੋ ਗਏ ਹਾਂ। ਇਸ ਤੋਂ ਛੁਟਕਾਰਾ ਕਿਵੇਂ ਪਾਉਣਾ ਹੈ? ਇਸ ਪਾਸੇ ਸੋਚਣ ਦੀ ਵਜਾਏ, ਅਸੀਂ ਇਸ ਪਾਸੇ ਵੱਲ ਵਧੇਰੇ ਜ਼ੋਰ ਲਾ ਰਹੇ ਕਿ 'ਵੱਧ ਤੋਂ ਵੱਧ' ਮਾਲ ਕਿਵੇਂ ਕੱਠਾ ਕੀਤਾ ਜਾਵੇ। ਸਮਾਜ ਵਿੱਚ 'ਕਾਣੀ ਵੰਡ' ਨੂੰ ਅਸੀਂ 'ਪੂਰਵਲੇ ਜਨਮਾਂ' ਦੀਆਂ ਸਾਖੀਆਂ ਨਾਲ ਜੋੜ ਕੇ ਸੁਣਨ ਤੇ ਮੰਨਣ ਦੇ ਆਦੀ ਹੋ ਗਏ ਹਾਂ। ਇਹ ਆਦਤ ਹੀ ਸਾਨੂੰ ਸਦੀਆਂ ਤੋਂ ਗੁਲਾਮੀ ਦੀਆਂ ਜੰਜ਼ੀਰਾਂ ਦੇ ਨਾਲ ਬੰਨ੍ਹੀ ਬੈਠੀ ਹੈ। ਅਸੀਂ ਬਿਨ੍ਹਾਂ ਕੀਲਿਆਂ ਤੋਂ ਬੰਨ੍ਹੇ ਹੋਏ 'ਪਾਲਤੂ ਪਸ਼ੂ' ਬਣ ਗਏ ਹਾਂ, ਜਿਨ੍ਹਾਂ ਨੂੰ ਭਾਰ ਢੋਣ ਲਈ ਵਰਤਿਆ ਜਾ ਰਿਹਾ ਹੈ। ਕਦੇ ਇਹ ਸੋਚਿਆ ਹੈ ਕਿ ਅਸੀਂ ਮਾਲ ਢੋਣ ਵਾਲੇ ਜਹਾਜ਼ ਕਿਉਂ ਬਣ ਗਏ ਹਾਂ? ਸੋਚਾਂਗੇ ਤਾਂ ਜੇ ਸਾਨੂੰ ਗਿਆਨ ਹੋਵੇਗਾ ਕਿਉਂਕਿ ਹਰਿਕ ਵਿੱਚ ਇੱਕੋ ਜੋਤ ਤੇ ਖੂਨ ਹੈ।

ਦੂਈ-ਤੀਤੀ ਦਾ ਕੋਈ ਸਥਾਨ ਨਹੀਂ, ਪਰ ਸਾਨੂੰ ਗਿਆਨਹੀਣ 'ਗਿਆਨੀ' ਬਨਾਉਣ ਦੇ ਲਈ ਵਿਦਿਆ ਦੀਆਂ ਫੈਕਟਰੀਆਂ ਵਿੱਚ ਭਾਰ ਤੋਲਣ ਤੇ ਭਾਰ ਢੋਣ ਵਾਲੀਆਂ ਮਸ਼ੀਨਾਂ ਬਣਾ ਦਿੱਤਾ ਗਿਆ ਹੈ,ਇਸੇ ਕਰਕੇ ਅਸੀਂ ਆਪਣੇ ਮਨਾ ਅੰਦਰਲੇ ਹਨੇਰੇ ਨੂੰ ਬਾਹਰ ਫੈਲਾਉਣ ਦੇ ਲਈ 'ਪੱਲਿਓ' ਖਰਚ ਕੇ ਵੀ ਦੌੜ ਰਹੇ ਹਾਂ, ਪਰ ਸਾਡਾ 'ਹਨੇਰ' ਘਟਣ ਦੀ ਵਜਾਏ ਸਗੋਂ ਦੂਣਾ-ਚੌਣਾ ਹੋਈ ਜਾਂਦਾ ਹੈ। ਸੰਸਾਰ ਦੇ ਇਨ੍ਹਾਂ ਵਪਾਰੀਆਂ ਨੇ ਸਾਨੂੰ ਇਧਰ ਉੱਧਰ ਦੌੜਨ ਦੀ ਦੌੜ ਵਿੱਚ ਭਜਾ ਰੱਖਿਆ ਹੈ। ਇਸੇ ਲਈ ਅਸੀਂ ਪਿੰਡਾਂ ਤੋਂ ਸ਼ਹਿਰ, ਸ਼ਹਿਰ ਤੋਂ ਵਿਦੇਸ਼ ਤੇ ਵਿਦੇਸ਼ ਤੋਂ ਉਪਰ ਵੱਲ ਜਾ ਰਹੇ ਹਾਂ, ਸਾਨੂੰ ਇਸ 'ਅੰਨ੍ਹੀ ਦੌੜ' ਦੜਾਉਣ ਵਾਲੇ ਹੱਸ ਰਹੇ ਹਨ ਤੇ ਅਸੀਂ ਮੱਚ ਰਹੇ ਹਾਂ। ਉਹ ਸਾਡੇ ਵਿੱਚ 'ਸੋਚ ਦੇ ਘੁਣ' ਦੀਆਂ ਪਿਉਂਦਾ ਲਾ ਕੇ ਨਵੀਆਂ ਨਵੀਆਂ ਪਨੀਰੀਆਂ ਪੈਦਾ ਕਰ ਰਹੇ ਹਨ। ਅਸੀਂ ਜ਼ਹਿਰੀਲੇ ਵਾਤਾਵਰਨ ਵਿੱਚ ਮਰਨ ਦੇ ਆਦੀ ਕਿਉਂ ਹੋ ਗਏ ਹਾਂ ? ਕੀ ਅਸੀਂ ਆਪਣੀਆਂ 'ਜੜ੍ਹਾਂ' ਨੂੰ ਭੁੱਲ ਗਏ ? ਜੜ੍ਹਾਂ ਨੂੰ ਭੁੱਲਣ ਕਰਕੇ ਅਸੀਂ ਹਨੇਰ ਖਾ ਰਹੇ ਤੇ ਵੇਚ ਖਰੀਦ ਰਹੇ ਹਾਂ, ਇਸੇ ਕਰਕੇ ਇਨ੍ਹਾਂ ਸਮਿਆਂ ਵਿੱਚ ਲੋੜ ਹੈ ਕਿ ਅਸੀਂ ਦੀਵੇ ਜਗਾਈਏ, ਜਿਹੜੇ ਸਾਡੇ ਮਨਾਂ ਦਾ ਹਨੇਰ ਦੂਰ ਕਰਨ। ਸਾਡੇ ਮਨਾਂ ਦਾ ਜਦੋਂ ਹਨੇਰ ਦੂਰ ਹੋ ਗਿਆ ਤਾਂ ਫੇਰ ਸੰਸਾਰ ਰੋਸ਼ਨ ਹੋ ਜਾਵੇਗਾ। ਇਹ ਦੀਵੇ ਘਰਾਂ ਦੇ ਬਨੇਰਿਆਂ ਉੱਤੇ ਨਹੀਂ, ਸਗੋਂ ਆਪਣੇ ਮਨਾਂ ਅੰਦਰ ਬਾਲਣੇ ਪੈਣਗੇ, ਜੇ ਅਸੀਂ ਅਜੇ ਵੀ ਨਹੀਂ ਸਮਝੇ ਤਾਂ ਖੜੇ ਦਿਨ ਹਨੇਰ ਹੋਣ ਵਾਲੇ ਸਮਿਆਂ ਵੱਲ ਵਧਣ ਤੋਂ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਰੋਕ ਨਹੀਂ ਸਕਾਂਗੇ। ਆਓ ਇਨ੍ਹਾਂ ਜ਼ਹਿਰ ਦੇ 'ਵਪਾਰੀਆਂ, ਅਧਿਕਾਰੀਆਂ ਤੇ ਪੁਜਾਰੀਆਂ' ਨੂੰ 'ਜ਼ਿੰਦਗੀ' ਦੇ ਅਰਥ ਸਮਝਾਈਏ ਤੇ ਦੀਵੇ ਜਗਾਈਏ। ਇਹ ਦੀਵੇ ਅਕਲ ਦੇ ਹੋਣ ਤਾਂ ਕੁੱਝ ਸਮਾਜ ਬਦਲੂ, ਨਹੀਂ ਅਕਲ ਤਾਂ ਹੁਣ ਵੀ ਨੀ ਆਈ ਸੱਤਾਧਾਰੀ ਲੁੱਟਰਿਆਂ ਲੋਕ ਸੜਕਾਂ ਉਤੇ ਭਜਾ ਕੇ ਮਾਰ ਦਿੱਤੇ। ਅਕਲ, ਸੁਰਤ ਹਜੇ ਵੀ ਨਹੀਂ ਆਉਣੀ। ਕੀ ਬਣੂੰ ? ਇਹ ਹੁਣ ਜਿਹਨਾਂ ਦੇ ਖਾਨੇ ਚਲਦੇ ਉਹ ਸੋਚਣ। ਜ਼ਹਿਰੀਲੇ ਨਾਗ ਤੱਕ ਹਿੱਕ ਉਤੇ ਬੈਠੇ ਹਨ। ਇਹ ਨਾਗਪੁਰੀ ਨਾਗ, ਮਿੱਟੀ ਖਾਣੇ ਨਹੀਂ, ਬੰਦੇ ਖਾਣੇ ਐ। ਜ਼ਹਿਰ ਦੀਆਂ ਫਸਲਾਂ ਤੇ ਅਕਲਾਂ ਵੇਚਣ ਵਾਲਿਆਂ ਨੂੰ ਪਛਾਣੋ, ਨੱਥ ਪਾਓ। ਉਹਨਾਂ ਨੇ ਤੁਹਾਡੇ ਪੈਰੀ ਝਾਂਜਰਾਂ ਤੇ ਹੱਥਾਂ ਵਿੱਚ ਚੂੜੀਆਂ ਪਾ ਦਿਤੀਆਂ ਹਨ। ਧਰਮ, ਜਾਤ, ਗੋਤ ਤੇ ਊਚ ਨੀਚ ਦਾ ਭੇਦ। ਸਭ ਨੂੰ ਪਤਾ ਐ ਫੇਰ ਉਡੀਕ ਤੇ ਰੋਕ ਕਿਸ ਦੀ ਐ। ਅੱਜ ਧੂੰਆਂ ਧਾਰ ਭਾਸ਼ਣ ਹੋਣਗੇ। ਹੋਈ ਜਾ ਰਹੇ ਹਨ। ਜ਼ਹਿਰ ਦੀ ਫਸਲ ਬੀਜਣ ਵਾਲੇ ਵੀ ਪੰਜਾਬੀ ਹੀ ਹਨ। ਜਿਹੜੇ ਫਸਲਾਂ ਦਾ ਨਕਲੀ ਬੀਜ ਵੇਚ ਸਕਦੇ ਹਨ, ਉਹ ਹੋਰ ਕੀ ਵੇਚ ਨਹੀਂ ਸਕਦੇ। ਅਕਲ, ਜਮੀਰ, ਸ਼ਕਲ, ਘਰਦੇ, ਬਾਹਰਦੇ, ਸਭ ਵੇਚ ਸਕਦੇ ਹਨ। ਜਾਗੋ ਲੋਕੋ ਜਾਗੋ। ਨਿਕਲੋ ਆਪਣੀ ਹਾਉਂਮੈਂ ਦੀ ਕਬਰ ਵਿਚੋਂ, ਨਹੀਂ ਤੇ ਹੁਣ ਘਰਾਂ ਨੂੰ ਤਾਬੂਤ ਭੇਜਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਪਰ ਸਾਡੀ ਪ੍ਰਵਿਰਤੀ ਇਹ ਬਣ ਗਈ ਹੈ ਕਿ ਆਪਾਂ ਕੀ ਲੈਣਾ ਹੈ। ਐਵੇਂ ਨਵੀਂ ਬਿਪਤਾ ਖੜ੍ਹੀ ਹੋਵੇਗੀ। ਇਸੇ ਕਰਕੇ ਦੁਸ਼ਮਣ ਸਾਨੂੰ ਲੁੱਟ ਤੇ ਕੁੱਟ ਰਿਹਾ ਹੈ। ਧਰਮ ਦੇ ਪੁਜਾਰੀਆਂ ਨੇ ਵਪਾਰੀਆਂ ਨਾਲ ਰਲ ਕੇ ਧੰਦਾ ਕੀਤਾ ਹੈ। ਹੁਣ ਧਰਮ ਦੇ ਪੁਜਾਰੀਆਂ ਵਲੋਂ ਕਾਨੂੰਨੀ ਕਾਰਵਾਈ ਕਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਉਹਨਾਂ ਨੂੰ ਪਤਾ ਹੈ ਕਿ ਧਰਮ ਇੱਕ ਗੋਰਖ ਧੰਦਾ ਹੈ। ਇਸ ਦੀ ਬੰਦੂਕ ਨਾਲ ਡਰਾਇਆ ਦਾ ਸਕਦਾ ਹੈ। ਡਰਿਆ ਹੋਇਆ ਜਾਨਵਰ ਹਿੰਸਕ ਪ੍ਰਦਰਸ਼ਨ ਕਰਦਾ ਹੈ। ਇਸ ਧੰਦੇ ਗਿਆਨ ਤੇ ਵਿਗਿਆਨ ਨਾਲ ਰੋਕਿਆ ਜਾ ਸਕਦਾ ਹੈ। ਉਂਝ ਇਹ ਸਿਲਸਿਲਾ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਲੋਕ ਇੱਕ ਜੁੱਟ ਹੋ ਕੇ ਸੰਘਰਸ਼ ਨਹੀਂ ਕਰਦੇ।

# ਇੱਕ ਸ਼ਿਕਾਰੀ ਨੇ ਇੱਕ ਪੰਛੀ ਨੂੰ, ਇੱਕ ਬੁੱਢੇ ਪੰਛੀ ਨੂੰ, ਜੰਗਲ 'ਚ ਫੜ੍ਹ ਲਿਆ



ਬੁੱਢੇ ਪੰਛੀ ਨੇ ਕਿਹਾ, "ਮੈਂ ਤੇਰੇ ਕਿਸੇ ਵੀ ਕੰਮ ਦਾ ਨਹੀਂ ਹਾਂ। ਸਰੀਰ ਮੇਰਾ ਕਮਜ਼ੋਰ ਹੋ ਗਿਆ ਹੈ, ਜੀਵਨ ਮੇਰਾ ਖ਼ਤਮ ਹੋਣ ਦੇ ਨੇੜੇ ਹੈ। ਨਾ ਮੈਂ ਗੀਤ ਗਾ ਸਕਦਾ ਹਾਂ, ਨਾ ਹੀ ਹੁਣ ਮੇਰੀ ਆਵਾਜ਼ ਸੁਰੀਲੀ ਹੈ। ਮੈਨੂੰ ਫੜ ਕੇ ਤੂੰ ਕਰੇਂਗਾ ਵੀ ਕੀ? ਪਰ ਜੇ ਤੂੰ ਮੈਨੂੰ ਛੱਡਣ ਲਈ ਰਾਜੀ ਹੋ ਜਾਵੇਂ ਤਾਂ ਮੈਂ ਜੀਵਨ ਬਾਰੇ ਤਿੰਨ ਸੂਤਰ ਤੈਨੂੰ ਦੱਸ ਸਕਦਾ ਹਾਂ।"

ਆਦਮੀ ਨੇ ਕਿਹਾ: ਭਰੋਸਾ ਕੀ ਹੈ ਕਿ ਮੈਂ ਤੈਨੂੰ ਛੱਡ ਦੇਵਾਂ ਅਤੇ ਤੂੰ ਸੂਤਰ ਦੱਸੇਂ ਜਾਂ ਨਾ ਦੱਸੇਂ? ਉਸ ਪੰਛੀ ਨੇ ਕਿਹਾ, "ਪਹਿਲਾ ਸੂਤਰ ਮੈਂ ਤੈਨੂੰ ਤੇਰੇ ਹੱਥ ਵਿੱਚ ਹੀ ਦੱਸ ਦੇਵਾਂਗਾ ਅਤੇ ਜੇ ਤੈਨੂੰ ਸੌਦਾ ਕਰਨ ਜਿਹਾ ਲੱਗੇ ਤਾਂ ਤੂੰ ਮੈਨੂੰ ਛੱਡ ਦੇਵੀਂ। ਦੂਜਾ ਸੂਤਰ ਮੈਂ ਤੈਨੂੰ ਦਰੱਖਤ ਦੇ ਉੱਪਰ ਬੈਠ ਕੇ ਦੱਸ ਦੇਵਾਂਗਾ ਅਤੇ ਤੀਜਾ ਸੂਤਰ ਤਾਂ ਜਦੋਂ ਮੈਂ ਮੈਂ ਅਸਮਾਨ ਵਿੱਚ ਉੱਪਰ ਉੱਡ ਜਾਵਾਂਗਾ ਉਦੋਂ ਹੀ ਦੱਸ ਸਕਦਾ ਹਾਂ।

ਬੁੱਢਾ ਪੰਛੀ ਸੀ, ਸੱਚੀਂ ਉਸਦੀ ਆਵਾਜ਼ ਵਿੱਚ ਕੋਈ ਮਿਠਾਸ ਨਹੀਂ ਸੀ, ਉਹ ਬਾਜ਼ਾਰ ਵਿੱਚ ਵੀ ਵੇਚਿਆ ਨਹੀਂ ਜਾ ਸਕਦਾ ਸੀ ਅਤੇ ਉਸਦੇ ਦਿਨ ਗਿਣੇ-ਚੁਣੇ ਹੀ ਸਨ; ਉਹ ਜ਼ਿਆਦਾ ਦਿਨ ਜਿਉਣ ਵਾਲਾ ਵੀ ਨਹੀਂ ਸੀ। ਉਸਨੂੰ ਫੜ੍ਹੀ ਰੱਖਣ ਦੀ ਕੋਈ ਲੋੜ ਵੀ ਨਹੀਂ ਸੀ। ਉਸ ਸ਼ਿਕਾਰੀ ਨੇ ਉਸ ਪੰਛੀ ਨੂੰ ਕਿਹਾ, "ਠੀਕ ਹੈ, ਮੈਨੂੰ ਸ਼ਰਤ ਸਵੀਕਾਰ ਹੈ, ਪਹਿਲੀ ਸਲਾਹ, ਪਹਿਲੀ ਅਡਵਾਇਜ਼, ਪਹਿਲਾ ਸੂਤਰ ਤੂੰ ਮੈਨੂੰ ਦੱਸ ਦੇ।" ਉਸ ਪੰਛੀ ਨੇ ਕਿਹਾ, "ਮੈਂ ਜੀਵਨ ਵਿੱਚ ਉਨ੍ਹਾਂ ਲੋਕਾਂ ਨੂੰ ਦੁਖੀ ਹੁੰਦੇ ਦੇਖਿਆ ਹੈ ਜੋ ਬੀਤੇ ਹੋਏ ਨੂੰ ਨਹੀਂ ਭੁੱਲਦੇ। ਅਤੇ ਮੈਂ ਉਨ੍ਹਾਂ ਲੋਕਾਂ ਨੂੰ ਵੀ ਦੇਖਿਆ ਹੈ, ਅਨੰਦ ਨਾਲ ਭਰੇ ਹੋਏ ਦੇਖਿਆ ਹੈ, ਜੋ ਬੀਤੇ ਹੋਏ ਨੂੰ ਭੁੱਲ ਜਾਂਦੇ ਹਨ ਅਤੇ ਜੋ ਮੌਜੂਦ ਹੈ ਉਸ ਵਿੱਚ ਜਿਉਂਦੇ ਹਨ। ਇਹ ਪਹਿਲਾ ਸੂਤਰ ਹੈ। ਗੱਲ ਕੰਮ ਦੀ ਸੀ ਅਤੇ ਕੀਮਤੀ ਸੀ। ਉਸ ਆਦਮੀ ਨੇ ਪੰਛੀ ਨੂੰ ਛੱਡ ਦਿੱਤਾ। ਉਹ ਪੰਛੀ ਦਰੱਖਤ 'ਤੇ ਬੈਠ ਗਿਆ ਅਤੇ ਉਸ ਆਦਮੀ ਨੇ ਪੁੱਛਿਆ ਕਿ ਦੂਜਾ ਸੂਤਰ? ਉਸ ਪੰਛੀ ਨੇ ਜਵਾਬ ਦਿੱਤਾ, "ਦੂਜਾ ਸੂਤਰ ਇਹ ਹੈ ਕਿ ਕਦੇ ਵੀ ਕਿਸੇ ਅਜਿਹੀ ਗੱਲ 'ਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਜੋ ਤਰਕ ਦੇ ਵਿਰੁੱਧ ਹੋਵੇ, ਜੋ ਸੋਚ ਦੇ ਉਲਟ ਹੋਵੇ, ਜੋ ਆਮ ਸਮਝ ਦੇ ਨਿਯਮਾਂ ਦੇ ਉਲਟ ਜਾਪਦੀ ਹੋਵੇ। ਜੋ ਅਜਿਹੀਆਂ ਗੱਲਾਂ ਵਿੱਚ ਵਿਸ਼ਵਾਸ ਕਰਨ ਵਾਲਾ ਵਿਅਕਤੀ ਭਟਕ ਜਾਂਦਾ ਹੈ।"

ਪੰਛੀ ਅਸਮਾਨ ਵਿੱਚ ਉੱਡ ਗਿਆ। ਉੱਡਦੇ-ਉੱਡਦੇ ਉਸਨੇ ਕਿਹਾ, "ਇੱਕ ਗੱਲ ਤੈਨੂੰ ਹੋਰ ਦੱਸ ਦੇਵਾਂ, ਇਹ ਤੀਜਾ ਸੂਤਰ ਨਹੀਂ ਹੈ, ਇਹ ਸਿਰਫ਼ ਇੱਕ ਖ਼ਬਰ ਹੈ, ਜੋ ਤੈਨੂੰ ਦੱਸ ਦੇਵਾਂ ਕਿ ਤੂੰ ਬਹੁਤ ਵੱਡੀ ਭੁੱਲ ਕਰ ਦਿੱਤੀ ਹੈ ਮੈਨੂੰ ਛੱਡ ਕੇ, ਮੇਰੇ ਸਰੀਰ ਵਿੱਚ ਦੋ ਕੀਮਤੀ ਹੀਰੇ ਸਨ। ਜੇ ਤੂੰ ਮੈਨੂੰ ਮਾਰ ਦਿੱਤਾ ਹੁੰਦਾ ਤਾਂ ਤੂੰ ਅੱਜ ਅਰਬਪਤੀ ਹੋ ਜਾਂਦਾ।"

ਉਹ ਆਦਮੀ ਇਕਦਮ ਉਦਾਸ ਹੋ ਗਿਆ, ਇਕਦਮ ਚਿੰਤਤ ਹੋ ਗਿਆ, ਉਦਾਸੀ ਅਤੇ ਪਛਤਾਵੇ ਨਾਲ ਭਰ ਗਿਆ ਪਰ ਪੰਛੀ ਤਾਂ ਅਸਮਾਨ ਵਿੱਚ ਉੱਡ ਗਿਆ ਸੀ। ਉਸਨੇ ਉਦਾਸ, ਹਾਰੇ ਹੋਏ ਅਤੇ ਘਬਰਾਏ ਹੋਏ ਮਨ ਨਾਲ ਕਿਹਾ, "ਘੱਟੋ ਘੱਟ ਮੈਨੂੰ ਤੀਜਾ ਸੂਤਰ, ਤੀਜੀ ਸਲਾਹ ਤਾਂ ਦੱਸ ਦੇ।" ਉਸ ਪੰਛੀ ਨੇ ਕਿਹਾ, "ਤੀਜੀ ਸਲਾਹ ਦੇਣ ਦੀ ਹੁਣ ਕੋਈ ਲੋੜ ਨਹੀਂ ਰਹੀ; ਤੂੰ ਪਹਿਲੀਆਂ ਦੋ ਸਲਾਹਾਂ 'ਤੇ, ਸੂਤਰਾਂ 'ਤੇ ਤਾਂ ਅਮਲ ਕੀਤਾ ਨਹੀਂ। ਮੈਂ ਤੈਨੂੰ ਕਿਹਾ ਸੀ ਕਿ ਜੋ ਬੀਤ ਗਿਆ ਉਸਨੂੰ ਭੁੱਲ ਜਾਣ ਵਾਲਾ ਅਨੰਦਤ ਹੁੰਦਾ ਹੈ। ਤੂੰ ਉਸ ਗੱਲ ਨੂੰ ਯਾਦ ਰੱਖਿਆ ਹੈ ਕਿ ਤੂੰ ਮੈਨੂੰ ਫੜ੍ਹਿਆ ਹੋਇਆ ਸੀ ਅਤੇ ਤੂੰ ਮੈਨੂੰ ਛੱਡ ਦਿੱਤਾ। ਉਹ ਗੱਲ ਬੀਤ ਗਈ ਹੈ, ਤੂੰ ਉਸ ਬੀਤੀ ਹੋਈ ਗੱਲ ਦੇ ਲਈ ਸੋਗ ਮਨਾ ਰਿਹਾ ਹੈਂ।"

ਮੈਂ ਤੈਨੂੰ ਦੂਜਾ ਸੂਤਰ ਦੱਸਿਆ ਸੀ: ਜੋ ਤਰਕ ਦੇ ਉਲਟ ਹੋਵੇ, ਬੁੱਧੀ ਦੇ ਅਨੁਕੂਲ ਨਾ ਹੋਵੇ ਉਸ 'ਤੇ ਕਦੇ ਵੀ ਵਿਸ਼ਵਾਸ ਨਾ ਕਰੋ ਅਤੇ ਤੂੰ ਇਹ ਗੱਲ ਮੰਨ ਲਈ ਕਿ ਇੱਕ ਪੰਛੀ ਦੇ ਸਰੀਰ ਵਿੱਚ ਹੀਰੇ ਹੋ ਸਕਦੇ ਹਨ ਅਤੇ ਉਸ ਲਈ ਸੋਗ ਮਨਾ ਰਿਹਾ ਹੈਂ। ਮਾਫ਼ ਕਰਨਾ, ਤੀਜਾ ਸੂਤਰ ਮੈਂ ਤੈਨੂੰ ਦੱਸਣ ਲਈ ਤਿਆਰ ਨਹੀਂ ਹਾਂ ਕਿਉਂਕਿ ਜੇਕਰ ਤੂੰ ਦੋ ਸੂਤਰਾਂ 'ਤੇ ਹੀ ਅਮਲ ਨਹੀਂ ਕੀਤਾ, ਵਿਚਾਰ ਨਹੀਂ ਕੀਤਾ ਤਾਂ ਤੀਜਾ ਵੀ ਵਿਅਰਥ ਹੱਥਾਂ ਵਿੱਚ ਚਲਾ ਜਾਵੇਗਾ, ਉਸਦਾ ਵੀ ਕੋਈ ਮੁੱਲ ਨਹੀਂ ਰਹੇਗਾ। ਇਸ ਲਈ, ਮੈਂ ਪਹਿਲੀ ਗੱਲ ਤਾਂ ਇਹ ਕਹਿੰਦਾ ਹਾਂ ਕਿ ਜੇਕਰ ਤੁਸੀਂ ਪਿਛਲੇ ਦੋ ਸੂਤਰਾਂ 'ਤੇ ਵਿਚਾਰ ਕੀਤਾ ਹੋਵੇ, ਸੋਚਿਆ ਹੋਵੇ, ਉਹਨਾਂ ਕਿਤੇ ਤੁਹਾਡੇ ਜੀਵਣ ਦੇ ਕਿਸੇ ਕੋਨੇ ਵਿੱਚ ਜਗ੍ਹਾ ਬਣਾ ਲਈ ਹੋਵੇ ਤਾਂ ਹੀ ਤੀਜਾ ਸੂਤਰ ਸਮਝ ਵਿੱਚ ਆ ਸਕਦਾ ਹੈ। ਨਹੀਂ ਤਾਂ ਤੀਜਾ ਸੂਤਰ ਪੂਰੀ ਤਰ੍ਹਾਂ ਸਮਝ ਤੋਂ ਬਾਹਰ ਹੋਵੇਗਾ।

ਮੈਂ ਉਸ ਪੰਛੀ ਵਾਂਗ ਜ਼ਿਆਦਤੀ ਨਹੀਂ ਕਰ ਸਕਦਾ ਕਿ ਮੈਂ ਕਹਿ ਦੇਵਾਂ ਕਿ ਤੀਜਾ ਸੂਤਰ ਨਹੀਂ ਦੱਸਣਾ। ਮੈਂ ਤੁਹਾਨੂੰ ਤੀਜਾ ਸੂਤਰ ਦੱਸਦਾ ਹਾਂ। ਪਰ ਉਹ ਤੁਹਾਡੇ ਤੱਕ ਪਹੁੰਚੇਗਾ ਜਾਂ ਨਹੀਂ ਇਹ ਮੈਨੂੰ ਪਤਾ ਨਹੀਂ ਹੈ। ਉਹ ਤੁਹਾਡੇ ਤੱਕ ਪਹੁੰਚ ਸਕਦਾ ਹੈ ਜੇਕਰ ਪਹਿਲੇ ਦੋ ਸੂਤਰ ਪਹੁੰਚ ਗਏ ਹੋਣ, ਉਹਨਾਂ ਦੀ ਰਾਹ 'ਤੇ ਉਹ ਹੌਲੀ-ਹੌਲੀ ਵਿਕਸਤ ਹੁੰਦਾ ਹੈ ਅਤੇ ਜੇਕਰ ਦੋ ਪੌੜੀਆਂ ਗਵਾਚ ਜਾਣ ਤਾਂ ਤੀਜੀ ਪੌੜੀ ਬਹੁਤ ਉਲਝਣ ਵਾਲੀ ਹੋ ਜਾਂਦੀ ਹੈ, ਇਸਨੂੰ ਫੜਨਾ ਅਤੇ ਪਛਾਣਨਾ ਮੁਸ਼ਕਲ ਹੋ ਜਾਂਦਾ ਹੈ, ਇਹ ਬਹੁਤ ਰਹੱਸਮਈ ਜਾਪਣ ਲੱਗ ਜਾਂਦੀ ਹੈ।

ਓਸ਼ੋ (ਅਨੁਵਾਦ: ਮੀਤ ਅਨਮੋਲ)







# ਉਦਯੋਗਿਕ ਕ੍ਰਾਂਤੀ ਦੇ ਨਾਂ 'ਤੇ ਜੰਗਲ ਖ਼ਤਮ ਕਰ !




ਮਨੁੱਖ ਨੇ ਵਿਕਾਸ ਦੇ ਨਾਂ ਤੇ ਬਹੁਤ ਪ੍ਰਜਾਤੀਆਂ ਨੂੰ ਤਬਾਹੀ ਦੇ ਕਗਾਰ 'ਤੇ ਲੈ ਆਂਦਾ। ਕਈ ਤਰ੍ਹਾਂ ਦੇ ਜੀਵ ਜੰਤੂ ਲੁਪਤ ਹੋ ਗਏ। ਮਨੁੱਖ ਨੇ ਘਰ ਬਣਾਉਣ ਦੇ ਚੱਕਰ ਵਿੱਚ ਜੰਗਲਾਂ ਦਾ ਸਫਾਇਆ ਕਰ ਦਿੱਤਾ। ਉਦਯੋਗਿਕ ਕ੍ਰਾਂਤੀ ਦੇ ਨਾਂ 'ਤੇ ਜੰਗਲ ਖਤਮ ਕਰ ਦਿੱਤੇ ਗਏ। ਜਦੋਂ ਅਸੀਂ ਜਾਨਵਰਾਂ ਦੇ ਘਰ ਖੋਹ ਲਏ ਤਦ ਅਸੀਂ ਇਹ ਨਹੀਂ ਸੋਚਿਆ ਕਿ ਉਹ ਕਿੱਥੇ ਜਾਣਗੇ? ਪਿਛਲੇ ਸਮੇਂ ਵਿੱਚ ਸੜਕਾਂ ਦੇ ਦੁਆਲੇ ਜੋ ਕੱਚੀ ਥਾਂ ਸੀ ਉਸ ਵਿੱਚ ਇੰਟਰਲੋਕ ਟਾਇਲਾਂ ਦਾ ਜਾਲ ਵਿਛਾ ਦਿੱਤਾ ਗਿਆ। ਜ਼ਮੀਨ ਸ਼ਹਿਰ ਵਿੱਚ ਕਿਤੇ ਵੀ ਨਜ਼ਰ ਨਹੀਂ ਆਉਂਦੀ। ਸੋਚਣ ਵਾਲੀ ਗੱਲ ਹੈ ਕਿ ਚੂਹੇ, ਛਛੂੰਦਰਾਂ ਤੇ ਹੋਰ ਜੀਵ ਜੰਤੂ ਕਿੱਥੇ ਜਾਣਗੇ? ਰਹਿਣਾ ਤਾਂ ਹਰ ਕਿਸੇ ਨੇ ਹੈ। ਜੀਣਾ ਵੀ ਹਰ ਕਿਸੇ ਦਾ ਅਧਿਕਾਰ ਹੈ। ਪਰ ਅਸੀਂ ਆਪਣੀ ਸਫਾਈ ਦੇ ਨਾਮ ਤੇ ਆਪਣੀ ਸੁਰੱਖਿਆ ਦੇ ਨਾਮ ਤੇ ਅਤੇ ਵਿਕਾਸ ਦੇ ਨਾਮ ਤੇ ਸਭ ਨੂੰ ਬੇਘਰ ਕਰ ਦਿੱਤਾ। ਛਿਪਕਲੀ ਨੂੰ ਕੀੜੀਆਂ ਨੂੰ ਕਾਢਿਆਂ ਨੂੰ ਸਭ ਨੂੰ ਮਾਰ ਮੁਕਾਇਆ। ਘਰ ਵਿੱਚ ਕੋਕਰੋਚ ਦਿਸ ਜਾਵੇ ਤਾਂ ਅਸੀਂ ਫਟਾਫਟ ਹਿੱਟ ਸਪਰੇਅ ਚੱਕ ਲੈਂਦੇ ਹਾਂ। ਛੋਟੀਆਂ ਚਿੜੀਆਂ ਲੁਪਤ ਹੋ ਚੁੱਕੀਆਂ ਹਨ। ਸਾਡਾ ਮੰਨਣਾ ਹੈ ਕਿ ਇਹ ਸਾਰੇ ਜੀਵ ਜੰਤੂ ਕੀਟਾਣੂ ਫੈਲਾਉਂਦੇ ਹਨ ਜੋ ਬਿਮਾਰੀਆਂ ਦਾ ਕਾਰਨ ਬਣਦੇ ਹਨ। ਸ਼ਾਇਦ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਇਸ ਜੀਵਨ ਚੱਕਰ ਵਿੱਚ ਹਰ ਕਿਸੇ ਦਾ ਆਪਣਾ ਥਾਂ ਹੈ। ਖੇਤਾਂ ਵਿੱਚ ਅਸੀਂ ਕੀਟਾਣੂ ਨਾਸ਼ਕ ਦਵਾਈਆਂ ਪਾ ਕੇ ਸਾਡੇ ਮਿੱਤਰ ਕੀੜੇ ਵੀ ਖਤਮ ਕਰ ਦਿੱਤੇ। ਇਹਨਾਂ ਕੀਟਨਾਸ਼ਕ ਦਵਾਈਆਂ ਦਾ ਨੁਕਸਾਨ ਅਸੀਂ ਖੁਦ ਵੀ ਝੱਲ ਰਹੇ ਹਾਂ। ਮਨੁੱਖ ਨੂੰ ਆਪਣੇ ਸਿਵਾਏ ਹਰ ਪ੍ਰਜਾਤੀ ਹਰ ਜੀਵ ਜੰਤੂ ਵਾਧੂ ਲੱਗਦਾ ਹੈ ਤੇ ਉਹ ਉਸਨੂੰ ਖਤਮ ਕਰਨ ਤੇ ਤੁਲਿਆ ਹੋਇਆ ਹੈ। ਇੱਕ ਕਹਾਣੀ ਪੜੀ ਸੀ ਛੋਟੇ ਹੁੰਦਿਆਂ ਕਿ ਕੁੱਤਾ ਬੰਦੇ ਨੂੰ ਦੇਖ ਰਿਹਾ ਸੀ ਜਦੋਂ ਉਹ ਜੰਗਲ ਵਿੱਚ ਖੇਤ ਬਣਾ ਰਿਹਾ ਸੀ। ਬੰਦੇ ਨੇ ਉਸ ਨੂੰ ਪੁੱਛਿਆ ਕਿ ਤੂੰ ਨਾਰਾਜ਼ ਕਿਉਂ ਹੈ? ਕੁੱਤੇ ਨੇ ਕਿਹਾ ਤੂੰ ਮੇਰਾ ਘਰ ਖੋਹ ਲਿਆ ਮੈਂ ਹੁਣ ਕਿੱਥੇ ਰਹਾਂਗਾ? ਉਸ ਬੰਦੇ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤੇ ਉਸਨੇ ਕਿਹਾ ਕਿ ਤੂੰ ਮੇਰੇ ਨਾਲ ਰਹੇਗਾ ਤੇ ਉਸਨੂੰ ਆਪਣੇ ਘਰ ਲੈ ਆਇਆ। ਉਸ ਦਿਨ ਤੋਂ ਕੁੱਤਾ ਤੇ ਬੰਦਾ ਦੋਸਤ ਹੋ ਗਏ। ਕੁੱਤਾ ਇੱਕ ਅਜਿਹਾ ਜੀਵ ਹੈ ਜਿਸ ਨੂੰ ਅਸੀਂ ਆਪਣੇ ਘਰ ਦੇ ਅੰਦਰ ਤੱਕ ਲੈ ਆਏ। ਵਫਾਦਾਰੀ ਵਿੱਚ ਕੁੱਤੇ ਦੀ ਕੋਈ ਮਿਸਾਲ ਨਹੀਂ ਹੈ। ਪਰ ਸਾਡੇ ਸ਼ੌਂਕ ਨੇ ਸਾਨੂੰ ਵਿਦੇਸ਼ੀ ਨਸਲਾਂ ਨੂੰ ਪਾਲਣ ਦੀ ਇਜਾਜ਼ਤ ਦਿੱਤੀ। ਸਾਡੇ ਦੇਸੀ ਕੁੱਤੇ ਕਿੱਥੇ ਜਾਣਗੇ? ਰੋਟੀ ਤਾਂ ਉਹਨਾਂ ਨੂੰ ਵੀ ਚਾਹੀਦੀ ਹੈ। ਕੀ ਉਹਨਾਂ ਦੇਸੀ ਕੁੱਤਿਆਂ ਨੂੰ ਮਾਰ ਮੁਕਾਇਆ ਜਾਵੇ? ਹਰ ਸਮੱਸਿਆ ਦਾ ਹੱਲ ਮਾਰ ਮੁਕਾਉਣਾ ਹੈ? ਪਹਿਲਾਂ ਅਸੀਂ ਧੀਆਂ ਨੂੰ ਗਰਭ ਵਿੱਚ ਮਾਰਨ ਲੱਗ ਪਏ ਕਿਉਂਕਿ ਉਹ ਸਾਨੂੰ ਮੁਸੀਬਤ ਲੱਗਦੀਆਂ ਠੀਕ ਉਸੇ ਤਰ੍ਹਾਂ ਅਸੀਂ ਦੇਸੀ ਕੁੱਤਿਆਂ ਦੇ ਵੀ ਮਗਰ ਪਏ ਹੋਏ ਹਾਂ। ਉਹ ਵੀ ਰੱਬ ਦੇ ਜੀਅ ਹਨ। ਅਸੀਂ ਜਦੋਂ ਗੁਰਬਾਣੀ ਪੜ੍ਹਦੇ ਹਾਂ ਤਾਂ ਉਸ ਵਿੱਚ ਇਹ ਵੀ ਪੜ੍ਹਦੇ ਹਾਂ ਕਿ ਇੱਕ ਜੀਵ ਤੇ ਦਇਆ ਕਰਨਾ 68 ਤੀਰਥਾਂ ਦੇ ਪੁੰਨ ਦੇ ਬਰਾਬਰ ਹੈ। ਵੱਡੇ ਬੰਦਿਆਂ ਨੂੰ ਤਾਂ ਬੰਦੇ ਹੀ ਪਸੰਦ ਨਹੀਂ ਆਉਂਦੇ ਕੁੱਤਿਆਂ ਦੀ ਤਾਂ ਗੱਲ ਹੀ ਕੀ ਹੈ। ਇਹਨਾਂ ਦਾ ਰੋਟੀ ਖਾਣ ਦਾ ਜਿਉਣ ਦਾ ਹੱਕ ਨਾ ਖੋਹਵੋ। ਇਹ ਬੇਜ਼ੁਬਾਨ ਤੁਹਾਡੀ ਵਫਾਦਾਰ ਦੋਸਤ ਹਨ। ਤੁਸੀਂ ਇਹਨਾਂ ਨਾਲ ਪਿਆਰ ਕਰਕੇ ਤਾਂ ਵੇਖੋ। ਤੁਹਾਡੇ ਲਈ ਆਪਣੀ ਜਾਨ ਵੀ ਵਾਰ ਦੇਣਗੇ। ਇਹ ਵੀ ਠੀਕ ਨਹੀਂ ਕਿ ਜੋ ਤੁਹਾਨੂੰ ਚੰਗਾ ਨਹੀਂ ਲੱਗਦਾ ਉਸਨੂੰ ਖਤਮ ਹੀ ਕਰ ਦਿੱਤਾ ਜਾਵੇ। ਇਹਨਾਂ ਲਈ ਸ਼ੈਲਟਰ ਬਣਾਉਣੇ ਚਾਹੀਦੇ ਹਨ। ਇਹਨਾਂ ਦੇ ਰਹਿਣ ਦਾ ਖਾਣ ਪੀਣ ਦਾ ਉੱਥੇ ਬੰਦੋਬਸਤ ਹੋਣਾ ਚਾਹੀਦਾ ਹੈ। ਵੈਸੇ ਤਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਇਹਨਾਂ ਨੂੰ ਪਾਲ ਲਈਏ। ਫਿਰ ਨਾ ਅਵਾਰਾ ਕੁੱਤੇ ਰਹਿਣਗੇ ਤੇ ਨਾ ਹੀ ਉਹਨਾਂ ਨਾਲ ਜੁੜੀ ਕੋਈ ਸਮੱਸਿਆ। ਉਹਨਾਂ ਨੂੰ ਘਰ ਦੇਣਾ ਹੀ ਇੱਕ ਹੱਲ ਹੈ।



ਹਰਪ੍ਰੀਤ ਸੰਧੂ







# ਦੋਵੇਂ ਹੱਥ ਲੱਡੂ : ਪੈਨਸ਼ਨ ਹੀ ਪੈਨਸ਼ਨ, ਬਿਨਾਂ ਕੋਈ ਟੈਨਸ਼ਨ

ਚਰਨਜੀਤ ਭੁੱਲਰ

ਚੰਡੀਗੜ੍ਹ :ਪੰਜਾਬ 'ਚ ਕਿੰਨੇ ਹੀ ਅਜਿਹੇ ਸਿਆਸੀ ਪਰਿਵਾਰ ਹਨ ਜਿਨ੍ਹਾਂ ਦੇ ਘਰਾਂ 'ਚ ਪੈਨਸ਼ਨਾਂ ਦਾ ਮੀਂਹ ਵਰ੍ਹਦਾ ਹੈ। ਕਿਸੇ ਸਿਆਸੀ ਘਰ 'ਚ ਮਾਂ-ਪੁੱਤ, ਕਿਸੇ 'ਚ ਭਰਾ-ਭਰਾ ਅਤੇ ਕਿਸੇ 'ਚ ਦਰਾਣੀ-ਜੇਠਾਣੀ ਨੂੰ ਪੈਨਸ਼ਨ ਮਿਲਦੀ ਹੈ। ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪਰਿਵਾਰ ਦੇ ਜੀਆਂ ਨੂੰ ਤਿੰਨ ਪੈਨਸ਼ਨਾਂ ਮਿਲਦੀਆਂ ਹਨ। ਮਰਹੂਮ ਮੁੱਖ ਮੰਤਰੀ ਦੇ ਲੜਕੇ ਤੇਜ ਪ੍ਰਕਾਸ਼ ਸਿੰਘ ਕੈਬਨਿਟ ਮੰਤਰੀ ਰਹਿ ਚੁੱਕੇ ਹਨ ਜਿਨ੍ਹਾਂ ਨੂੰ ਪ੍ਰਤੀ ਮਹੀਨਾ ਕਰੀਬ 85 ਹਜ਼ਾਰ ਰੁਪਏ ਪੈਨਸ਼ਨ ਮਿਲਦੀ ਹੈ। ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ (ਪੋਤਰਾ) ਵੀ ਪੈਨਸ਼ਨ ਲੈ ਰਿਹਾ ਹੈ ਤੇ ਸਾਬਕਾ ਵਿਧਾਇਕ ਗੁਰਕੰਵਲ ਕੌਰ (ਲੜਕੀ) ਨੂੰ ਵੀ ਪ੍ਰਤੀ ਮਹੀਨਾ 85 ਹਜ਼ਾਰ ਪੈਨਸ਼ਨ ਮਿਲਦੀ ਹੈ। ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਦੇ ਪਰਿਵਾਰ 'ਚ ਖ਼ੁਦ ਬੀਬੀ ਭੱਠਲ ਪੈਨਸ਼ਨ ਲੈ ਰਹੇ ਹਨ। ਉਨ੍ਹਾਂ ਦਾ ਭਰਾ ਮਰਹੂਮ ਕੁਲਦੀਪ ਸਿੰਘ ਅਤੇ ਮਰਹੂਮ ਮਨਜੀਤ ਸਿੰਘ ਭੱਠਲ ਵੀ ਵਿਧਾਇਕ ਰਹੇ ਸਨ।

ਬੀਬੀ ਭੱਠਲ ਦੀ ਇੱਕ ਭਰਜਾਈ ਵੀ ਪੈਨਸ਼ਨ ਲੈ ਰਹੀ ਹੈ। ਕਪੂਰਥਲਾ ਤੋਂ ਵਿਧਾਇਕ ਰਾਣਾ ਗੁਰਜੀਤ ਸਿੰਘ ਦੇ ਪਰਿਵਾਰ 'ਚੋਂ ਦਰਾਣੀ-ਜਠਾਣੀ ਸੁਖਜਿੰਦਰ ਕੌਰ ਰਾਣਾ ਅਤੇ ਰਾਜਬੰਸ ਕੌਰ ਰਾਣਾ ਨੂੰ ਪੈਨਸ਼ਨ ਲੱਗੀ ਹੋਈ ਹੈ। ਵਿਧਾਇਕ ਰਾਣਾ ਗੁਰਜੀਤ ਸਿੰਘ ਦਾ ਲੜਕਾ ਰਾਣਾ ਇੰਦਰ ਪ੍ਰਤਾਪ ਸਿੰਘ ਵੀ ਸੁਲਤਾਨਪੁਰ ਲੋਧੀ ਤੋਂ ਆਜ਼ਾਦ ਵਿਧਾਇਕ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦਾ ਭਰਾ ਫਤਹਿਜੰਗ ਸਿੰਘ ਬਾਜਵਾ ਅਤੇ ਪਤਨੀ ਚਰਨਜੀਤ ਕੌਰ ਵੀ ਵਿਧਾਇਕ ਰਹਿ ਚੁੱਕੇ ਹਨ। ਦੋਵੇਂ ਦਿਉਰ-ਭਰਜਾਈ ਨੂੰ 1.70 ਲੱਖ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਮਿਲਦੀ ਹੈ। ਭਾਜਪਾ ਪ੍ਰਧਾਨ ਸੁਨੀਲ ਜਾਖੜ ਤੇ ਉਨ੍ਹਾਂ ਦੇ ਭਰਾ ਸੱਜਣ ਕੁਮਾਰ ਜਾਖੜ ਨੂੰ ਵੀ ਪੈਨਸ਼ਨ ਮਿਲ ਰਹੀ ਹੈ। ਦੂਲੋ ਪਰਿਵਾਰ ਨੂੰ ਤਿੰਨ ਪੈਨਸ਼ਨਾਂ ਮਿਲਦੀਆਂ ਹਨ। ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਖ਼ੁਦ ਸੰਸਦ ਮੈਂਬਰ ਅਤੇ ਸਾਬਕਾ ਮੰਤਰੀ ਰਹੇ ਹਨ। ਉਹ ਦੋ ਪੈਨਸ਼ਨਾਂ ਲੈ ਰਹੇ ਹਨ।

ਉਨ੍ਹਾਂ ਦੀ ਪਤਨੀ ਹਰਬੰਸ ਕੌਰ ਦੂਲੋ ਵੀ ਬਤੌਰ ਸਾਬਕਾ ਵਿਧਾਇਕ ਪੈਨਸ਼ਨ ਲੈ ਰਹੇ ਹਨ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਪ੍ਰਨੀਤ ਕੌਰ ਵਾਰੋ-ਵਾਰੀ ਸੰਸਦ ਮੈਂਬਰ ਤੇ ਵਿਧਾਇਕ ਰਹਿ ਚੁੱਕੇ ਹਨ। ਦੋਵੇਂ ਪਤੀ-ਪਤਨੀ ਚਾਰ ਪੈਨਸ਼ਨਾਂ ਦੇ ਹੱਕਦਾਰ ਹਨ। ਸਾਬਕਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਨੂੰਹ ਕੁਸਮ ਕੁਮਾਰੀ ਵੀ ਦੋ ਪੈਨਸ਼ਨਾਂ ਦੀ ਹੱਕਦਾਰ ਹੈ। ਸ੍ਰੀ ਕੈਰੋਂ ਦਾ ਲੜਕਾ ਸੁਰਿੰਦਰ ਸਿੰਘ ਕੈਰੋਂ ਤਿੰਨ ਵਾਰ ਵਿਧਾਇਕ ਅਤੇ ਇੱਕ ਵਾਰ ਸੰਸਦ ਮੈਂਬਰ ਬਣਿਆ ਸੀ। ਉਨ੍ਹਾਂ ਦਾ ਲੜਕਾ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਵੀ ਕਰੀਬ 85 ਹਜ਼ਾਰ ਰੁਪਏ ਪੈਨਸ਼ਨ ਲੈ ਰਿਹਾ ਹੈ। ਪ੍ਰੋ. ਚੰਦੂਮਾਜਰਾ ਸਾਬਕਾ ਸੰਸਦ ਮੈਂਬਰ ਅਤੇ ਸਾਬਕਾ ਵਿਧਾਇਕ ਵਜੋਂ ਦੋ ਪੈਨਸ਼ਨਾਂ ਤੇ ਉਨ੍ਹਾਂ ਦਾ ਲੜਕਾ ਹਰਿੰਦਰਪਾਲ ਸਿੰਘ ਚੰਦੂਮਾਜਰਾ ਸਾਬਕਾ ਵਿਧਾਇਕ ਵਜੋਂ ਪੈਨਸ਼ਨ ਲੈ ਰਹੇ ਹਨ। ਸੀਨੀਅਰ ਅਕਾਲੀ ਨੇਤਾ ਬਲਵਿੰਦਰ ਸਿੰਘ ਭੂੰਦੜ ਰਾਜ ਸਭਾ ਮੈਂਬਰ ਰਹੇ ਅਤੇ ਪੰਜਾਬ 'ਚ ਸਾਬਕਾ ਮੰਤਰੀ ਵੀ ਰਹੇ।

ਉਹ ਦੋ ਪੈਨਸ਼ਨਾਂ ਅਤੇ ਉਨ੍ਹਾਂ ਦਾ ਲੜਕਾ ਸਾਬਕਾ ਵਿਧਾਇਕ ਦਿਲਰਾਜ ਸਿੰਘ ਭੂੰਦੜ ਵੀ ਪੈਨਸ਼ਨ ਲੈ ਰਿਹਾ ਹੈ। ਰਤਨ ਸਿੰਘ ਅਜਨਾਲਾ ਦੋ ਵਾਰ ਸੰਸਦ ਮੈਂਬਰ ਅਤੇ ਚਾਰ ਵਾਰ ਵਿਧਾਇਕ ਰਹੇ। ਉਨ੍ਹਾਂ ਨੂੰ ਦੋ ਪੈਨਸ਼ਨਾਂ ਅਤੇ ਉਨ੍ਹਾਂ ਦੇ ਪੁੱਤਰ ਸਾਬਕਾ ਵਿਧਾਇਕ ਅਮਰਪਾਲ ਸਿੰਘ ਅਜਨਾਲਾ ਨੂੰ ਇੱਕ ਪੈਨਸ਼ਨ ਮਿਲਦੀ ਹੈ। ਚਰਨਜੀਤ ਸਿੰਘ ਅਟਵਾਲ ਲੋਕ ਸਭਾ ਦੇ ਡਿਪਟੀ ਸਪੀਕਰ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਹਿ ਚੁੱਕੇ ਹਨ। ਉਨ੍ਹਾਂ ਨੂੰ ਦੋ ਪੈਨਸ਼ਨਾਂ ਅਤੇ ਉਨ੍ਹਾਂ ਦੇ ਲੜਕੇ ਸਾਬਕਾ ਵਿਧਾਇਕ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਇੱਕ ਪੈਨਸ਼ਨ ਮਿਲਦੀ ਹੈ। ਇਸ ਤੋਂ ਇਲਾਵਾ ਫ਼ਰੀਦਕੋਟ ਦੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਖ਼ੁਦ ਵੀ ਪੈਨਸ਼ਨ ਲੈ ਰਹੇ ਹਨ ਅਤੇ ਉਨ੍ਹਾਂ ਦੀ ਸਾਬਕਾ ਵਿਧਾਇਕ ਮਾਤਾ ਨੂੰ ਵੀ ਦੋ ਪੈਨਸ਼ਨਾਂ ਮਿਲਦੀਆਂ ਹਨ। ਕਾਂਗਰਸੀ ਆਗੂ ਲਾਲ ਸਿੰਘ ਖ਼ੁਦ ਅਤੇ ਉਨ੍ਹਾਂ ਦਾ ਲੜਕਾ ਸਾਬਕਾ ਵਿਧਾਇਕ ਲੜਕਾ ਰਜਿੰਦਰ ਸਿੰਘ ਵੀ ਪੈਨਸ਼ਨ ਲੈ ਰਹੇ ਹਨ।

ਨਵਜੋਤ ਸਿੰਘ ਸਿੱਧੂ ਬਤੌਰ ਸੰਸਦ ਮੈਂਬਰ ਅਤੇ ਬਤੌਰ ਸਾਬਕਾ ਵਿਧਾਇਕ ਦੋ ਪੈਨਸ਼ਨਾਂ ਲਈ ਯੋਗ ਹਨ ਅਤੇ ਉਨ੍ਹਾਂ ਦੀ ਪਤਨੀ ਨਵਜੋਤ ਕੌਰ ਸਿੱਧੂ ਇੱਕ ਪੈਨਸ਼ਨ ਦੀ ਹੱਕਦਾਰ ਹੈ। ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀ ਪਤਨੀ ਤਿੰਨ ਪੈਨਸ਼ਨਾਂ ਦੀ ਹੱਕਦਾਰ ਹੈ। ਸ੍ਰੀ ਬਰਨਾਲਾ ਖ਼ੁਦ ਕੇਂਦਰੀ ਮੰਤਰੀ ਰਹਿ ਚੁੱਕੇ ਹਨ। ਸੁਰਜੀਤ ਕੌਰ ਬਰਨਾਲਾ ਦੋ ਫੈਮਲੀ ਪੈਨਸ਼ਨਾਂ ਤੇ ਉਨ੍ਹਾਂ ਦਾ ਲੜਕਾ ਗਗਨਦੀਪ ਸਿੰਘ ਬਰਾੜ ਸਾਬਕਾ ਵਿਧਾਇਕ ਵਜੋਂ ਪੈਨਸ਼ਨ ਲੈ ਰਿਹਾ ਹੈ। ਬਰਨਾਲਾ ਪਰਿਵਾਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਤਰਫ਼ੋਂ ਕੋਈ ਹੁੰਗਾਰਾ ਨਹੀਂ ਆਇਆ। ਸਾਬਕਾ ਮੰਤਰੀ ਵਿਜੈ ਇੰਦਰ ਸਿੰਗਲਾ ਖ਼ੁਦ ਅਤੇ ਉਨ੍ਹਾਂ ਦੀ ਮਾਤਾ ਊਸ਼ਾ ਸਿੰਗਲਾ ਨੂੰ ਪੈਨਸ਼ਨ ਮਿਲ ਰਹੀ ਹੈ। ਸਾਬਕਾ ਮੰਤਰੀ ਮਰਹੂਮ ਕੈਪਟਨ ਕੰਵਲਜੀਤ ਸਿੰਘ ਦੀ ਪਤਨੀ ਸਰਬਜੀਤ ਕੌਰ ਨੂੰ ਫੈਮਿਲੀ ਪੈਨਸ਼ਨ ਅਤੇ ਉਨ੍ਹਾਂ ਦੇ ਲੜਕੇ ਸਾਬਕਾ ਵਿਧਾਇਕ ਜਸਜੀਤ ਸਿੰਘ ਬੰਨੀ ਨੂੰ ਵੀ ਪੈਨਸ਼ਨ ਮਿਲਦੀ ਹੈ।

**ਖ਼ਰਚਿਆਂ ਮੁਕਾਬਲੇ ਪੈਨਸ਼ਨ ਮਾਮੂਲੀ: ਅਟਵਾਲ**

ਲੋਕ ਸਭਾ ਦੇ ਸਾਬਕਾ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ ਦਾ ਕਹਿਣਾ ਸੀ ਕਿ ਸਾਬਕਾ ਸੰਸਦ ਮੈਂਬਰ ਵਜੋਂ ਮਿਲਦੀ ਪੈਨਸ਼ਨ ਖ਼ਰਚਿਆਂ ਮੁਕਾਬਲੇ ਨਾਮਾਤਰ ਹੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਿਆਸਤ 'ਚ ਇਮਾਨਦਾਰੀ ਰੱਖਣ ਲਈ ਤਨਖ਼ਾਹ ਤੇ ਪੈਨਸ਼ਨ ਜ਼ਰੂਰ ਢੁਕਵੀਂ ਹੋਣੀ ਚਾਹੀਦੀ ਹੈ।

**ਪੈਨਸ਼ਨ ਲਈ ਕੋਈ ਸ਼ਰਤ ਨਹੀਂ**

ਸਾਬਕਾ ਵਿਧਾਇਕ ਦੀ ਪੈਨਸ਼ਨ ਦੇ ਹੱਕ ਲਈ ਹੁਣ ਕੋਈ ਸ਼ਰਤ ਨਹੀਂ ਹੈ। ਪਹਿਲਾਂ ਘੱਟੋ-ਘੱਟ ਸਾਢੇ ਚਾਰ ਸਾਲ ਵਿਧਾਇਕ ਰਹਿਣ ਵਾਲੇ ਜਾਂ ਫਿਰ ਪੰਜਾਬ ਵਿਧਾਨ ਸਭਾ ਭੰਗ ਹੋਣ ਤੋਂ ਠੀਕ ਛੇ ਮਹੀਨੇ ਪਹਿਲਾਂ ਤੱਕ ਵਿਧਾਇਕ ਰਹਿਣ ਵਾਲੇ ਨੂੰ ਪੈਨਸ਼ਨ ਦਾ ਹੱਕ ਸੀ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਇਹ ਸ਼ਰਤ 26 ਅਕਤੂਬਰ 2016 ਨੂੰ ਹਟਾ ਦਿੱਤੀ ਸੀ। ਹੁਣ ਇੱਕ ਦਿਨ ਵਿਧਾਇਕ ਰਹਿਣ ਵਾਲਾ ਵੀ ਪ੍ਰਤੀ ਮਹੀਨਾ 85 ਹਜ਼ਾਰ ਰੁਪਏ ਦੀ ਪੈਨਸ਼ਨ ਲਈ ਯੋਗ ਹੈ।

# 'ਹੈਟਸ-ਅੱਪ' ਟੋਰਾਂਟੋ ਵੱਲੋਂ ਨਾਟਕ 'ਸੱਚ, ਸਿਰੁ, ਤੇ ਸੀਸ' ਦੀ ਲਾਮਿਸਾਲ ਪੇਸ਼ਕਾਰੀ



ਬਰੈਂਪਟਨ/ਨਿਊਜ਼ ਬਿਊਰੋ- ਬੀਤੇ ਐਤਵਾਰ ਬਰੈਂਪਟਨ ਦੇ ਵਿਸ਼ਵ ਪੰਜਾਬੀ ਭਵਨ ਵਿੱਚ ਬਾਬਾ ਜ਼ੋਰਾਵਰ ਸਿੰਘ-ਬਾਬਾ ਫਤਿਹ ਸਿੰਘ ਸ਼ਹੀਦੀ ਜੋੜ- ਮੇਲਾ ਕਮੇਟੀ ਆਫ਼ ਟੋਰਾਂਟੋ ਵੱਲੋਂ 'ਹੈਟਸ-ਅੱਪ' (ਹੈਰੀਟੇਜ਼ ਆਰਟਸ ਐਂਡ ਥੀਏਟਰ ਸੁਸਾਇਟੀ ਆਫ਼ ਯੁਨਾਈਟਡ ਪ੍ਰੋਡਕਸ਼ਨਜ਼) ਦੇ ਨਾਟਕ 'ਸੱਚ, ਸਿਰਰ, ਤੇ ਸੀਸ' ਦੀ ਪੇਸ਼ਕਾਰੀ ਕਰਵਾਈ ਗਈ। ਡਾ ਹੀਰਾ ਰੰਧਾਵਾ ਦਾ ਲਿਖਿਆ ਤੇ ਨਿਰਦੇਸ਼ਿਤ ਕੀਤਾ ਇਹ ਨਾਟਕ ਸ੍ਰੀ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਦੇ 350ਵੇਂ ਵਰ੍ਹੇ ਨੂੰ ਸਮਰਪਿਤ ਸੀ। ਇਹ ਪੇਸ਼ਕਾਰੀ ਇੰਨੀ ਪ੍ਰਭਾਵਸ਼ਾਲੀ ਸੀ ਕਿ ਖਚਾਖਚ ਭਰੇ ਹਾਲ ਵਿੱਚ ਪਿੰਨ ਡਰਾਪ ਚੁੱਪ ਦੌਰਾਨ ਲੋਕਾਂ ਦੀਆਂ ਸਿਸਕੀਆਂ ਸੁਣਾਈ ਦੇ ਰਹੀਆਂ ਸਨ। ਉਹਨਾਂ ਦੇ ਹੱਥ ਕਲਾਕਾਰਾਂ ਦੀ ਅਦਾਕਾਰੀ ਲਈ ਤਾੜੀਆਂ ਮਾਰ ਰਹੇ ਸਨ ਤੇ ਜ਼ਜ਼ਬਾਤੀ ਹੋਇਆਂ ਦੀਆਂ ਅੱਖਾਂ ਵਿੱਚੋਂ ਨੀਰ ਵਹਿ ਰਿਹਾ ਸੀ। ਵੱਡੀ ਗਿਣਤੀ ਵਿੱਚ ਲੋਕ ਆਪਣੇ ਬੱਚਿਆਂ ਨੂੰ ਲੈ ਕੇ ਆਏ ਸਨ ਜਿਹੜੇ ਆਪਣੇ ਇਤਿਹਾਸ ਨਾਲ ਇੱਕ ਮਿੱਕ ਹੋ ਕੇ ਘਟਨਾਵਾਂ ਨੂੰ ਆਪਣੀ ਰੂਹ ਵਿੱਚ ਸਮਾ ਰਹੇ ਸਨ। ਇੱਕ ਗੱਲ ਪੱਕੀ ਹੈ ਕਿ ਸਾਹਿਤ ਦੀਆਂ ਦੂਜੀਆਂ ਵਿਧਾਵਾਂ ਦੀ ਥਾਂ ਨਾਟਕ ਵਿਧਾ ਰਾਹੀਂ ਕਿਸੇ ਵੀ ਵਿਸ਼ੇ ਬਾਰੇ ਪੇਸ਼ ਕੀਤੀ ਗੱਲ ਸਿੱਧੀ ਦਰਸ਼ਕਾਂ ਦੇ ਦਿਲਾਂ ਨੂੰ ਟੁੰਬਦੀ ਹੈ। ਨਾਟਕ ਦੀ ਕਹਾਣੀ ਬਾਬਾ ਬਕਾਲਾ ਤੋਂ ਸ਼ੁਰੂ ਹੁੰਦੀ ਹੈ ਜਿਥੇ ਮੱਖਣ ਸ਼ਾਹ ਲੁਬਾਣਾ ਗੁਰੂ ਲਾਧੋ-ਰੇ ਦਾ ਇੰਕਸ਼ਾਫ਼ ਕਰਕੇ ਮੰਜੀਆਂ ਡਾਹ ਕੇ ਬੈਠੇ ਨਕਲੀ ਗੁਰੂਆਂ ਦੇ ਪਾਖੰਡ ਨੂੰ ਨੰਗਾ ਕਰਦਾ ਹੈ।

ਇਥੋਂ ਸ਼ੁਰੂ ਹੋਇਆ ਨਾਟਕ ਆਨੰਦਪੁਰ ਰਾਹੇ ਦਿੱਲੀ ਪਹੁੰਚਦਾ ਹੈ ਜਿਥੇ ਔਰੰਗਜ਼ੇਬ ਦੀ ਕੈਦ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਮੇਤ ਭਾਈ ਮਤੀ ਦਾਸ, ਭਾਈ ਸਤੀ ਦਾਸ, ਤੇ ਭਾਈ ਦਿਆਲ ਦੇਵ ਦੀਆਂ ਸ਼ਹੀਦੀਆ ਨੂੰ ਦਰਸਾਉਂਦਾ ਹੈ। ਨਾਟਕ ਵਿੱਚ ਗੁਰੂ ਸਾਹਿਬ ਦੀ ਸ਼ਹਾਦਤ ਮਗਰੋਂ ਭਾਈ ਲੱਖੀ ਸ਼ਾਹ ਵੱਲੋਂ ਗੁਰੂ ਸਾਹਿਬ ਦੇ ਧੜ ਦੇ ਸੰਸਕਾਰ ਤੇ ਭਾਈ ਜੈਤੇ ਵੱਲੋਂ ਗੁਰੂ ਜੀ ਦੇ ਸੀਸ ਨੂੰ ਆਨੰਦਪੁਰ ਪਹੁੰਚਾਉਣ ਅਤੇ ਗੁਰੂ ਗੋਬਿੰਦ ਰਾਏ ਵੱਲੋਂ ਉਸ ਨੂੰ 'ਰੰਗਰੇਟੇ ਗੁਰੂ ਕੇ ਬੇਟੇ' ਦੇ ਖ਼ਿਤਾਬ ਦੇਣ ਨੂੰ ਬੜੇ ਹੀ ਸੂਖ਼ਮਈ ਤਰੀਕੇ ਨਾਲ ਦਰਸਾਇਆ ਗਿਆ ਸੀ। ਸਾਰੇ ਹੀ ਕਲਾਕਾਰਾਂ ਵੱਲੋਂ ਆਪੋ-ਆਪਣੇ ਕਿਰਦਾਰਾਂ ਨੂੰ ਬੜੀ ਹੀ ਸ਼ਿੱਦਤ ਨਾਲ ਨਿਭਾਅ ਕੇ ਆਪਣੇ ਮੰਝੇ ਹੋਏ ਕਲਾਕਾਰ ਹੋਣ ਦਾ ਸਬੂਤ ਦਿੱਤਾ। ਇਹਨਾਂ ਵਿੱਚ ਸ਼ਿੰਗਾਰਾ ਸਮਰਾ ਵੱਲੋਂ ਸੂਤਰਧਾਰ-ਇਤਿਹਾਸ, ਅਜਾਇਬ ਟੱਲੇਵਾਲੀਆ ਵੱਲੋਂ ਠੱਗ ਨੰਬਰ ਇੱਕ, ਅਮਨ ਗਿੱਲ ਵੱਲੋਂ ਠੱਗ ਦੋ ਅਤੇ ਦਰੋਗਾ, ਸੁੰਦਰਪਾਲ ਰਾਜਾਸਾਂਸੀ ਵੱਲੋਂ ਮਾਈ, ਜੋਅ-ਸੰਘੇੜਾ ਵੱਲੋਂ ਸ਼ੇਖ਼, ਪਰਮਜੀਤ ਦਿਉਲ ਵੱਲੋਂ ਕਮਲੀ, ਕਰਮਜੀਤ ਗਿੱਲ ਵੱਲੋਂ ਔਰੰਗਜ਼ੇਬ, ਰਿੰਟੂ ਭਾਟੀਆ ਵੱਲੋਂ ਕੋਰਸ, ਜਗਰੂਪ ਮਹਿਣਾ ਵੱਲੋਂ ਭਾਈ ਜੈਤੇ ਦੇ ਕਿਰਦਾਰ ਰੂਹ ਨਾਲ ਸਾਕਾਰ ਕੀਤੇ। ਮਿਊਜ਼ਕ ਪ੍ਰਿੰਸੀਪਲ ਸ੍ਰ ਹਰਮਨਜੀਤ ਸਿੰਘ ਅਤੇ ਡਾ ਦਲਬੀਰ ਕਥੂਰੀਆ ਵੱਲੋਂ ਲੋਕਾਂ ਦਾ ਵੈਕਲਕਮ ਕੀਤਾ ਗਿਆ ਜਦ ਕਿ ਨਿਰਦੇਸ਼ਕ ਵੱਲੋਂ ਸਭਨਾਂ ਦਰਸ਼ਕਾਂ ਅਤੇ ਸਮੁੱਚੇ ਪ੍ਰਿੰਟ ਅਤੇ ਡਿਜੀਕਲ ਤੇ ਰੇਡੀਉ ਮੀਡੀਆ ਦਾ ਧੰਨਵਾਦ ਕੀਤਾ ਗਿਆ ਜਿੰਨਾਂ ਨੇ ਸਾਰੀ ਜਾਣਕਾਰੀ ਦਰਸ਼ਕਾਂ ਤੱਕ ਪੁੱਜਦੀ ਕੀਤੀ। ਇਹ ਨਾਟਕ ਲੋਕਾਂ ਨੂੰ ਆਪਣੇ ਇਤਿਹਾਸ ਤੋਂ ਜਾਣੂ ਕਰਵਾ ਕੇ ਉਸ ਨਾਲ ਇੱਕ-ਮਿੱਕ ਕਰਨ ਦੇ ਮੰਤਵ ਵਿੱਚ ਪੂਰੀ ਤਰਾਂ ਸਫ਼ਲ ਰਿਹਾ ਜਿਸ ਲਈ ਨਿਰਦੇਸ਼ਕ ਹੀਰਾ ਰੰਧਾਵਾ ਆਪਣੀ ਪੂਰੀ ਹੈਟਸ-ਅੱਪ ਟੀਮ ਸਮੇਤ ਵਧਾਈ ਦੀ ਹੱਕਦਾਰ ਹੈ। ਕਿਸੇ ਵੀ ਕਿਸਮ ਦੇ ਸੰਪਰਕ ਲਈ ਉਸ ਨਾਲ ਫੋਨ ਨੰਬਰ 416-319-0551 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਰੌਬਰਟ ਪੋਸਟ ਸੀਨੀਅਰਜ਼ ਕਲੱਬ ਦੀ ਕਲਚਰਲ ਡਾਇਰੈਕਟਰ ਸ਼ਸ਼ੀ ਖੰਨਾ ਮਿਊਂਨਿਸਿਪਲ

## ਕਾਰਪੋਰੇਸ਼ਨ ਮੋਗਾ ਦੇ ਮੇਅਰ ਤੇ ਐੱਮ.ਐੱਲ.ਏ. ਵੱਲੋਂ ਸਨਮਾਨਿਤ



ਬਰੈਂਪਟਨ, (ਡਾ. ਝੰਡ): ਬਰੈਂਪਟਨ ਦੀ ਰੌਬਰਟ ਪੋਸਟ ਸੀਨੀਅਰਜ਼ ਕਲੱਬ ਦੇ ਜਨਰਲ ਸਕੱਤਰ ਪ੍ਰੀਤਮ ਸਿੰਘ ਸਰਾਂ ਤੋਂ ਪ੍ਰਾਪਤ ਹੋਈ ਜਾਣਕਾਰ ਅਨੁਸਾਰ ਇਸ ਕਲੱਬ ਦੀ ਕਲਚਰਲ ਡਾਇਰੈੱਕਟਰ ਸ਼ਸ਼ੀ ਖੰਨਾ ਨੂੰ ਪਿਛਲੇ ਦਿਨੀਂ ਪੰਜਾਬ ਦੇ ਸ਼ਹਿਰ ਮੋਗਾ ਦੀ ਮਿਊਂਨਿਸਿਪਲ ਕਾਰਪੋਰੇਸ਼ਨ ਦੇ ਮੇਅਰ ਸ੍ਰੀ ਪ੍ਰਵੀਨ ਸ਼ਰਮਾ ਵੱਲੋਂ ਸ਼ਹਿਰ ਵਿੱਚ ਆਯੋਜਿਤ ਕੀਤੇ ਗਏ ਸੱਭਿਆਚਾਰਕ ਪ੍ਰੋਗਰਾਮ ਉਪਰੰਤ ਸ਼੍ਰੀਮਤੀ ਸ਼ਸ਼ੀ ਖੰਨਾ ਨੂੰ 'ਲਾਈਫ਼ ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੂੰ ਮੋਗਾ ਦੀ ਐੱਮ.ਐੱਲ.ਏ. ਅਮਨਦੀਪ ਅਰੋੜਾ ਵੱਲੋਂ ਵੀ ਮੋਗਾ ਵਿਖੇ 'ਗਿੱਧਿਆਂ ਦੀ ਰਾਣੀ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇੱਥੇ ਇਹ ਜ਼ਿਕਰਯੋਗ ਹੈ ਕਿ ਸ਼੍ਰੀਮਤੀ ਸ਼ਸ਼ੀ ਖੰਨਾ ਨੂੰ ਪਿਛਲੇ ਸਾਲ ਰੌਬਰਟ ਪੋਸਟ ਸੀਨੀਅਰਜ਼ ਕਲੱਬ ਦੇ ਪਿਛਲੇ ਸਾਲ ਹੋਏ ਕਲਚਰਲ ਪ੍ਰੋਗਰਾਮ ਦੌਰਾਨ ਕੋਰੀਓਗ੍ਰਾਫ਼ੀ, ਜਾਗੋ, ਗਿੱਧਾ, ਆਦਿ ਨੂੰ ਪ੍ਰਮੋਟ ਕਰਨ ਲਈ ਕੈਨੇਡਾ ਦੀ ਫ਼ੈੱਡਰਲ ਸਰਕਾਰ ਦੀ ਸਿਹਤ ਮੰਤਰੀ ਕਮਲ ਖਹਿਰਾ, ਅੰਤਰਰਾਸ਼ਟਰੀ ਵਿਓਪਾਰ ਮੰਤਰੀ ਮਨਿੰਦਰ ਸਿੱਧੂ ਅਤੇ ਪਾਰਲੀਮੈਂਟਰੀ ਸਕੱਤਰ ਰੂਬੀ ਸਹੋਤਾ ਵੱਲੋਂ ਵੀ 'ਐਪਰੀਸੀਏਸ਼ਨ ਸਰਟੀਫ਼ੀਕੇਟ' ਜਾਰੀ ਕਰਕੇ ਸਨਮਾਨਿਤ ਕੀਤਾ ਗਿਆ ਸੀ। ਰੌਬਰਟ ਪੋਸਟ ਸੀਨੀਅਰਜ਼ ਕਲੱਬ ਵੱਲੋਂ ਇਸ ਦੇ ਪ੍ਰਧਾਨ ਬਲਵਿੰਦਰ ਸਿੰਘ ਸਿੱਧੂ, ਵਾਈਸ-ਪ੍ਰਧਾਨ ਮੋਹਿੰਦਰ ਸਿੰਘ ਮੋਹੀ, ਜਨਰਲ ਸਕੱਤਰ ਪ੍ਰੀਤਮ ਸਿੰਘ ਸਰਾਂ ਅਤੇ ਸਮੂਹ ਕਾਰਜਕਾਰਨੀ ਮੈਂਬਰਾਂ ਵੱਲੋਂ ਸ਼੍ਰੀਮਤੀ ਸ਼ਸ਼ੀ ਖੰਨਾ ਨੂੰ ਇਹ ਸਨਮਾਨ ਪ੍ਰਾਪਤ ਹੋਣ 'ਤੇ ਹਾਰਦਿਕ ਵਧਾਈ ਦਿੱਤੀ ਗਈ ਅਤੇ ਉਨ੍ਹਾਂ ਦੀ ਚੜ੍ਹਦੀ-ਕਲਾ ਲਈ ਅਰਦਾਸ ਕੀਤੀ ਗਈ।

# ਏਆਈ ਤਕਨੀਕ ਦੀ ਦੁਰਵਰਤੋਂ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਗ਼ਲਤ ਤਸਵੀਰ ਬਣਾਏ ਜਾਣ ਦਾ SGPC ਨੇ ਲਿਆ ਸਖ਼ਤ ਨੋਟਿਸ

S.G.P.C.

ਅੰਮ੍ਰਿਤਸਰ: ਆਰਟੀਫੀਸ਼ਲ ਇੰਟੈਲੀਜੈਂਸ (ਏਆਈ) ਤਕਨੀਕ ਦੀ ਦੁਰਵਰਤੋਂ ਕਰਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਗ਼ਲਤ ਤਸਵੀਰ ਬਣਾ ਕੇ ਸੋਸ਼ਲ ਮੀਡੀਆ 'ਤੇ ਪੋਸਟ ਕੀਤੇ ਜਾਣ ਦਾ ਸ਼੍ਰੋਮਣੀ ਕਮੇਟੀ ਨੇ ਸਖ਼ਤ ਨੋਟਿਸ ਲੈਂਦਿਆਂ ਦੋਸ਼ੀ ਖਿਲਾਫ਼ ਕਾਰਵਾਈ ਲਈ ਸਾਈਬਰ ਕਰਾਈਮ ਸੈੱਲ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਸਕੱਤਰ ਪ੍ਰਤਾਪ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ 'ਚ ਦੋਸ਼ੀ ਦੀ ਪਛਾਣ ਕਰਕੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ।

ਇਸ ਸਬੰਧੀ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਿੱਖ ਕੌਮ ਦਾ ਕੇਂਦਰੀ ਅਸਥਾਨ ਹੈ, ਜਿਥੋਂ ਸਮੁੱਚੀ ਮਾਨਵਤਾ ਨੂੰ ਸਰਬਸਾਂਝੀਵਾਲਤਾ ਦਾ ਉਪਦੇਸ਼ ਮਿਲਦਾ ਹੈ। ਉਨ੍ਹਾਂ ਕਿਹਾ ਕਿ ਇਸ ਪਾਵਨ ਅਸਥਾਨ ਦੀਆਂ ਗ਼ਲਤ ਤਰੀਕੇ ਨਾਲ ਪੇਸ਼ ਤਸਵੀਰਾਂ ਸਿੱਖ ਭਾਵਨਾਵਾਂ ਨੂੰ ਗਹਿਰੀ ਸੱਟ ਮਾਰਦੀਆਂ ਹਨ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਪਹਿਲਾਂ ਵੀ ਕਈ ਵਾਰ ਅਜਿਹੀਆਂ ਹਰਕਤਾਂ ਹੋਈਆਂ ਹਨ, ਜਿਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਸਾਈਬਰ ਕਰਾਈਮ ਸੈੱਲ ਨੂੰ ਸ਼ਿਕਾਇਤ ਕਰਨ ਦੇ ਬਾਵਜੂਦ ਵੀ ਕਿਸੇ ਤਰ੍ਹਾਂ ਦੀ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ ਗਈ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਸਵਾਲ ਕਰਨ ਵਾਲਿਆਂ ਖਿਲਾਫ਼ ਤਾਂ ਤੁਰੰਤ ਐਕਸ਼ਨ ਕਰਦਿਆਂ ਪਰਚਾ ਦਰਜ ਹੋ ਜਾਂਦਾ ਹੈ ਅਤੇ ਸੋਸ਼ਲ ਅਕਾਊਂਟ ਵੀ ਬੰਦ ਕਰ ਦਿੱਤੇ ਜਾਂਦੇ ਹਨ, ਪ੍ਰੰਤੂ ਸੰਗਤਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲਿਆਂ ਖਿਲਾਫ਼ ਢੁੱਕਵੀਂ ਕਾਰਵਾਈ ਨਾ ਕਰਨੀ ਵੱਡੇ ਸਵਾਲ ਪੈਦਾ ਕਰਦੀ ਹੈ। ਸ਼੍ਰੋਮਣੀ ਕਮੇਟੀ ਸਕੱਤਰ ਨੇ ਕਿਹਾ ਕਿ ਇਹ ਬੇਹੱਦ ਸੰਜੀਦਾ ਤੇ ਗੰਭੀਰ ਮਾਮਲਾ ਹੈ, ਜਿਸ ਦੇ ਦੋਸ਼ੀ ਖਿਲਾਫ਼ ਮਿਸਾਲੀ ਕਾਰਵਾਈ ਹੋਣੀ ਚਾਹੀਦੀ ਹੈ, ਤਾਂ ਜੋ ਅੱਗੇ ਤੋਂ ਕੋਈ ਅਜਿਹੀ ਹਰਕਤ ਕਰਨ ਦੀ ਜ਼ੁਰੱਅਤ ਨਾ ਕਰੇ। ਉਨ੍ਹਾਂ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਅਜਿਹੀਆਂ ਪੋਸਟਾਂ ਨੂੰ ਸ਼ੇਅਰ ਨਾ ਕੀਤਾ ਜਾਵੇ ਅਤੇ ਨਾ ਹੀ ਇਸ 'ਤੇ ਕੁਮੈਂਟ ਕੀਤੇ ਜਾਣੇ, ਸਗੋਂ ਅਜਿਹੇ ਸੋਸ਼ਲ ਮੀਡੀਆ ਖਾਤਿਆਂ ਦੀ ਰਿਪੋਰਟ ਕਰਕੇ ਉਨ੍ਹਾਂ ਨੂੰ ਬੰਦ ਕਰਵਾਉਣ ਲਈ ਸਹਿਯੋਗ ਕੀਤਾ ਜਾਵੇ।

### ਮਲੋਟ 'ਚ ਮਾਂ-ਧੀ ਦੀ ਮੌਤ ਮਾਮਲੇ 'ਚ ਨਵਾਂ ਮੋੜ!

# ਪਤੀ 'ਤੇ ਜਾਣ-ਬੁੱਝ ਕੇ ਕਾਰ ਨਹਿਰ 'ਚ ਡੇਗਣ ਦੇ ਇਲਜ਼ਾਮ

ਮਲੋਟ ਦੇ ਆਲਮਵਾਲਾ ਪਿੰਡ ਨੇੜੇ ਕੱਲ੍ਹ ਰਾਤ ਇੱਕ 30 ਸਾਲਾ ਔਰਤ ਅਤੇ ਉਸ ਦੀ ਢਾਈ ਸਾਲਾ ਧੀ ਦੀ ਸਵਿਫਟ ਕਾਰ ਨਹਿਰ ਵਿੱਚ ਡਿੱਗਣ ਕਾਰਨ ਹੋਈ ਮੌਤ ਦੇ ਮਾਮਲੇ ਵਿੱਚ ਇੱਕ ਨਵਾਂ ਮੋੜ ਆਇਆ ਹੈ। ਔਰਤ ਦੇ ਪਰਿਵਾਰ ਨੇ ਇਸ ਘਟਨਾ ਲਈ ਉਸ ਦੇ ਪਤੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਅਤੇ ਉਸ ਵਿਰੁੱਧ ਕਤਲ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

ਕਾਰ ਨਹਿਰ ਵਿੱਚ ਡਿੱਗਣ ਨਾਲ ਮਾਂ ਅਤੇ ਧੀ ਦੀ ਮੌਤ ਹੋ ਗਈ, ਜਦੋਂ ਕਿ ਔਰਤ ਦਾ ਪਤੀ ਵਾਲ-ਵਾਲ ਬਚ ਗਿਆ। ਹਾਦਸੇ ਤੋਂ ਬਾਅਦ ਲਾਸ਼ਾਂ ਨੂੰ ਕੱਢ ਕੇ ਸਿਵਲ ਹਸਪਤਾਲ ਮਲੋਟ ਦੇ ਮੁਰਦਾਘਰ ਵਿੱਚ ਰੱਖਿਆ ਗਿਆ। ਮ੍ਰਿਤਕ ਦੇ ਪਰਿਵਾਰ ਨੇ ਇਸ ਘਟਨਾ ਨੂੰ ਹਾਦਸਾ ਮੰਨਣ ਤੋਂ ਇਨਕਾਰ ਕਰਦੇ ਹੋਏ ਔਰਤ ਦੇ ਪਤੀ ਵਿਰੁੱਧ ਕਤਲ ਦਾ ਦੋਸ਼ ਲਗਾਉਣ ਅਤੇ ਉਸ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ। ਪਰਿਵਾਰ ਦਾ ਕਹਿਣਾ ਹੈ ਕਿ ਔਰਤ ਦੇ ਪਤੀ ਖਿਲਾਫ ਕਤਲ ਦਾ ਦੋਸ਼ ਦਾਇਰ ਹੋਣ ਤੱਕ ਲਾਸ਼ਾਂ ਦਾ ਪੋਸਟਮਾਰਟਮ ਨਹੀਂ ਕਰਵਾਉਣਗੇ। ਮ੍ਰਿਤਕ ਦੇ ਪਿਤਾ ਬਰਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਧੀ ਦਾ ਵਿਆਹ ਫਾਜ਼ਿਲਕਾ ਜ਼ਿਲ੍ਹੇ ਦੇ ਰਹਿਣ ਵਾਲੇ ਸਾਹਿਲ ਜੰਡਵਾਲਾ ਨਾਲ ਹੋਇਆ ਸੀ। ਉਨ੍ਹਾਂ ਦਾ ਦੋਸ਼ ਹੈ ਕਿ ਸਾਹਿਲ ਅਕਸਰ ਆਪਣੀ ਪਤਨੀ ਨਾਲ ਝਗੜਾ ਕਰਦਾ ਰਹਿੰਦਾ ਸੀ।

# ਗ੍ਰੀਨਲੈਂਡ ਮਸਲੇ ਤੇ ਡੈਨਮਾਰਕ ਨੇ ਭਾਰਤ ਤੋਂ ਮੰਗੀ ਮਦਦ, ਕਿਹਾ "ਸਾਨੂੰ ਅਮਰੀਕਾ ਤੋਂ ਖ਼ਤਰਾ"

* "ਜੇ ਡੈਨਮਾਰਕ ਪਿਆਰ ਨਾਲ ਸਹਿਮਤ ਹੁੰਦਾ ਹੈ, ਤਾਂ ਠੀਕ ਹੈ, ਨਹੀਂ ਤਾਂ..."

* ਮੈਨੂੰ ਉਮੀਦ ਹੈ ਕਿ ਭਾਰਤ ਵੀ ਸਾਡਾ ਸਮਰਥਨ ਕਰੇਗਾ



ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਹਾਲ ਹੀ ਵਿੱਚ ਗ੍ਰੀਨਲੈਂਡ 'ਤੇ ਆਪਣੇ ਦਾਅਵੇ ਨੂੰ ਦਹੁਰਾਇਆ ਹੈ, ਜਿਸ ਨਾਲ ਡੈਨਮਾਰਕ ਵਿੱਚ ਹਲਚਲ ਮਚ ਗਈ ਹੈ। ਗ੍ਰੀਨਲੈਂਡ ਆਰਕਟਿਕ ਵਿੱਚ ਸਥਿਤ ਇੱਕ ਰਣਨੀਤਕ ਟਾਪੂ ਹੈ ਅਤੇ ਡੈਨਮਾਰਕ ਨਾਲ ਲੱਗਦਾ ਖੇਤਰ ਹੈ, ਜਿਸ ਦੀ ਦੇਖਭਾਲ ਕਰਨ ਵਿੱਚ ਡੈਨਮਾਰਕ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ। ਇਹ ਪੂਰਾ ਖੇਤਰ ਕੁਦਰਤੀ ਸਰੋਤਾਂ ਜਿਵੇਂ ਕਿ ਦੁਰਲੱਭ ਖਣਿਜ, ਯੂਰੇਨੀਅਮ ਅਤੇ ਲੋਹੇ ਨਾਲ ਭਰਪੂਰ ਹੈ। ਟਰੰਪ ਨੇ 2019 ਵਿੱਚ ਵੀ ਇਸ ਟਾਪੂ ਨੂੰ ਖਰੀਦਣ ਦੀ ਪੇਸ਼ਕਸ਼ ਕੀਤੀ ਸੀ, ਪਰ ਡੈਨਮਾਰਕ ਨੇ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਉਹ ਇਸਨੂੰ ਕਿਸੇ ਵੀ ਕੀਮਤ 'ਤੇ ਨਹੀਂ ਵੇਚੇਗਾ। ਗ੍ਰੀਨਲੈਂਡ ਦੇ ਜ਼ਬਰਦਸਤੀ ਕਬਜ਼ੇ ਦੀਆਂ ਧਮਕੀਆਂ ਦੇ ਵਿਚਕਾਰ, ਇੱਕ ਡੈਨਿਸ਼ ਸੰਸਦ ਮੈਂਬਰ ਨੇ ਇਸ ਮਾਮਲੇ ਵਿੱਚ ਭਾਰਤ ਦਾ ਸਮਰਥਨ ਮੰਗਿਆ ਹੈ।

ਦੱਸਣਯੋਗ ਹੈ ਕਿ ਵੈਨੇਜ਼ੁਏਲਾ ਵਿੱਚ ਅਮਰੀਕੀ ਫੌਜੀ ਕਾਰਵਾਈ ਤੋਂ ਬਾਅਦ, ਟਰੰਪ ਨੇ ਗ੍ਰੀਨਲੈਂਡ 'ਤੇ ਦੁਬਾਰਾ ਦਬਾਅ ਵਧਾ ਦਿੱਤਾ ਹੈ। ਰਾਸ਼ਟਰੀ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ, ਉਸਨੇ ਕਿਹਾ ਹੈ ਕਿ ਅਮਰੀਕਾ ਨੂੰ ਗ੍ਰੀਨਲੈਂਡ ਦੀ ਲੋੜ ਹੈ ਅਤੇ ਜੇਕਰ ਜ਼ਰੂਰੀ ਹੋਇਆ ਤਾਂ ਫੌਜੀ ਤਾਕਤ ਦੀ ਵਰਤੋਂ ਕੀਤੀ ਜਾ ਸਕਦੀ ਹੈ। ਟਰੰਪ ਨੇ ਕਿਹਾ ਹੈ ਕਿ ਜੇਕਰ ਡੈਨਮਾਰਕ ਪਿਆਰ ਨਾਲ ਸਹਿਮਤ ਹੁੰਦਾ ਹੈ, ਤਾਂ ਠੀਕ ਹੈ, ਨਹੀਂ ਤਾਂ ਅਮਰੀਕਾ ਟਾਪੂ ਨੂੰ ਜ਼ਬਰਦਸਤੀ ਕਬਜ਼ੇ ਵਿੱਚ ਲੈ ਲਵੇਗਾ। ਅੀ ਨਾਲ ਇੱਕ ਇੰਟਰਵਿਊ ਵਿੱਚ, ਡੈਨਿਸ਼ ਰੱਖਿਆ ਕਮੇਟੀ ਦੇ ਚੇਅਰਮੈਨ ਅਤੇ ਸੰਸਦ ਮੈਂਬਰ, ਰਾਸਮਸ ਜਾਰਲੋਵ ਨੇ ਟਰੰਪ ਪ੍ਰਸ਼ਾਸਨ ਦੇ ਦਾਅਵਿਆਂ ਦੀ ਸਖ਼ਤ ਨਿੰਦਾ ਕੀਤੀ। ਉਸਨੇ ਕਿਹਾ ਕਿ ਅਮਰੀਕਾ ਗ੍ਰੀਨਲੈਂਡ 'ਤੇ ਪ੍ਰਭੂਸੱਤਾ ਦਾ ਦਾਅਵਾ ਨਹੀਂ ਕਰ ਸਕਦਾ।

ਜਾਰਲੋਵ ਨੇ ਕਿਹਾ, "ਗ੍ਰੀਨਲੈਂਡ ਭਾਰਤ ਤੋਂ ਬਹੁਤ ਦੂਰ ਹੈ, ਪਰ ਇੱਥੇ ਬਹੁਤ ਮਹੱਤਵਪੂਰਨ ਸਿਧਾਂਤ ਦਾਅ 'ਤੇ ਲੱਗੇ ਹੋਏ ਹਨ। ਕੀ ਭਾਰਤ ਕਿਸੇ ਵੀ ਵਿਦੇਸ਼ੀ ਸ਼ਕਤੀ ਨੂੰ ਫੌਜੀ ਤਾਕਤ ਦੁਆਰਾ ਜਾਂ ਸਥਾਨਕ ਲੋਕਾਂ ਨੂੰ ਰਿਸ਼ਵਤ ਦੇ ਕੇ ਆਪਣੇ ਕਿਸੇ ਵੀ ਖੇਤਰ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨ ਨੂੰ ਸਵੀਕਾਰ ਕਰੇਗਾ? ਮੈਨੂੰ ਲੱਗਦਾ ਹੈ ਕਿ ਭਾਰਤ ਅਜਿਹੀ ਕਾਰਵਾਈ 'ਤੇ ਬਹੁਤ ਗੁੱਸੇ ਹੋਵੇਗਾ, ਅਤੇ ਹਰ ਦੇਸ਼ ਨੂੰ ਹੋਣਾ ਚਾਹੀਦਾ ਹੈ। ਇਸ ਲਈ, ਮੈਨੂੰ ਉਮੀਦ ਹੈ ਕਿ ਭਾਰਤ ਵੀ ਸਾਡਾ ਸਮਰਥਨ ਕਰੇਗਾ, ਕਿਉਂਕਿ ਇਹ ਪੂਰੀ ਦੁਨੀਆ ਦੇ ਹਿੱਤ ਵਿੱਚ ਹੈ। ਜੇਕਰ ਅਸੀਂ ਕਿਸੇ ਲਈ ਕਿਸੇ ਦੇ ਖੇਤਰ 'ਤੇ ਕਬਜ਼ਾ ਕਰਨਾ ਆਮ ਬਣਾ ਦਿੰਦੇ ਹਾਂ, ਤਾਂ ਦੁਨੀਆ ਵਿੱਚ ਹਾਹਾਕਾਰ ਮਚ ਜਾਵੇਗੀ।"

GTA Plumbing & Electrical Supplies
GTA Plumbing & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234
Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
STOP
ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ਸਾਇਬਰ ਗਰੂਮਿੰਗ




21ਵੀਂ ਸਦੀ ਦੇ ਯੁੱਗ ਵਿੱਚ ਦੁਨੀਆ ਵਿੱਚ ਡਿਜ਼ੀਟਲ ਤਰੱਕੀ ਤੇਜ਼ੀ ਨਾਲ ਹੋ ਰਹੀ ਹੈ । ਬੱਚੇ ਅਤੇ ਨੌਜਵਾਨ ਅੱਜ ਕਲ੍ਹ ਡਿਜ਼ੀਟਲ ਦੁਨੀਆਂ ਜੁੜੇ ਹੋਏ ਹਨ। ਸਾਇਬਰ ਗਰੂਮਿੰਗ ਦੇ ਫੈਲਾਅ ਨੇ ਇੱਕ ਮਹੱਤਵਪੂਰਨ ਖ਼ਤਰੇ ਨੂੰ ਉਭਾਰਿਆ ਹੈ। ਸਾਇਬਰ ਗਰੂਮਿੰਗ ਦਾ ਮਤਲਬ ਹੈ ਉਹ ਪ੍ਰਕਿਰਿਆ ਜਿਸ ਵਿੱਚ ਇੱਕ ਵਿਅਕਤੀ ਇੰਟਰਨੈੱਟ ਦੀ ਵਰਤੋਂ ਕਰਕੇ ਇੱਕ ਨਾਬਾਲਗ ਨਾਲ ਭਾਵਨਾਤਮਕ ਸੰਪਰਕ ਬਣਾਉਂਦਾ ਹੈ ਅਤੇ ਇਸ ਵਿੱਚ ਉਸ ਦਾ ਇਰਾਦਾ ਯੌਨ ਸ਼ੋਸ਼ਣ ਦਾ ਹੁੰਦਾ ਹੈ। ਇਹ ਚਿੰਤਾਜਨਕ ਰੁਝਾਨ ਮਾਪਿਆਂ, ਸਿੱਖਿਆ ਮਾਹਿਰਾਂ ਅਤੇ ਕਾਨੂੰਨੀ ਅਧਿਕਾਰੀਆਂ ਵਿੱਚ ਚਿੰਤਾ ਦਾ ਕਾਰਨ ਬਣ ਗਿਆ ਹੈ।

### ਸਾਇਬਰ ਗਰੂਮਿੰਗ ਕੀ ਹੈ?

ਸਾਇਬਰ ਗਰੂਮਿੰਗ ਆਮ ਤੌਰ 'ਤੇ ਇੱਕ ਇਨਸਾਨ (ਗਰੂਮਰ) ਨੂੰ ਸ਼ਾਮਲ ਕਰਦੀ ਹੈ ਜੋ ਅਕਸਰ ਸੋਸ਼ਲ ਮੀਡੀਆ, ਗੇਮਿੰਗ ਸਾਈਟਾਂ ਜਾਂ ਚੈਟ ਰੂਮਾਂ ਵਰਗੀਆਂ ਆਨਲਾਈਨ ਪਲੇਟਫਾਰਮਾਂ ਦੀ ਵਰਤੋਂ ਕਰਕੇ ਕਿਸੇ ਬੱਚੇ ਜਾਂ ਅਲ੍ਹੜ ਉਮਰ ਦੇ ਬਾਲ ਨੂੰ ਦੋਸਤ ਬਣਾਉਂਦਾ ਹੈ। ਗਰੂਮਰ ਸ਼ੁਰੂ ਵਿੱਚ ਇੱਕ ਸਾਥੀ ਵਜੋਂ ਪੇਸ਼ ਆਉਂਦਾ ਹੈ ਜਿਸਦਾ ਉਦੇਸ਼ ਪੀੜਤ ਨੂੰ ਸਮਾਂ 'ਤੇ ਭਰੋਸਾ ਦੇ ਕੇ ਰਿਸ਼ਤਾ ਬਣਾਉਣ 'ਤੇ ਹੁੰਦਾ ਹੈ। ਇਸ ਪ੍ਰਕਿਰਿਆ ਵਿੱਚ ਨਿੱਜੀ ਜਾਣਕਾਰੀ ਸਾਂਝੀ ਕਰਨ, ਪ੍ਰਸ਼ੰਸਾ ਕਰਨ ਅਤੇ ਬੱਚੇ ਨੂੰ ਸੰਵੇਦਨਸ਼ੀਲ ਸਮੱਗਰੀ ਸਾਂਝੀ ਕਰਨ ਤਕ ਸ਼ਾਮਿਲ ਹੋ ਸਕਦੀ ਹੈ।

### ਸਮੱਸਿਆ ਦਾ ਦਾਇਰਾ

ਹਾਲੀਆ ਅੰਕੜੇ ਸਾਇਬਰ ਗਰੂਮਿੰਗ ਦੇ ਚਿੰਤਾਜਨਕ ਪੱਧਰ ਨੂੰ ਦਰਸਾਉਂਦੇ ਹਨ। ਵੱਖ ਵੱਖ ਅਧਿਐਨ ਦੇ ਅਨੁਸਾਰ ਬੱਚਿਆਂ ਨਾਲ ਆਨਲਾਈਨ ਜ਼ੁਰਮ ਦੀਆਂ ਰਿਪੋਰਟਾਂ ਪਿਛਲੇ ਪੰਜ ਸਾਲਾਂ ਵਿੱਚ 90% ਤੋਂ ਵੱਧ ਵਧ ਗਈਆਂ ਹਨ। ਇਸਦੇ ਨਾਲ ਹੀ ਇੰਟਰਨੈਟ ਸੇਫਟੀ ਟੈਕਨੀਕਲ ਟਾਸਕ ਫੋਰਸ ਦੁਆਰਾ ਕੀਤੇ ਗਏ ਇੱਕ ਅਧਿਐਨ ਦੇ ਅਨੁਸਾਰ ਲਗਭਗ 1 ਵਿੱਚ 5 ਨੌਜਵਾਨਾਂ ਨੇ ਉਨ੍ਹਾਂ ਦੇ ਉਤੇ ਜ਼ਬਰਦਸਤ ਯੌਨ ਮੰਗਾਂ ਮਿਲੀਆਂ ਹਨ।

ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਆਨਲਾਈਨ ਗੇਮਿੰਗ ਦੇ ਵਾਧੇ ਨੇ ਗਰੂਮਰਾਂ ਲਈ ਕਮਜ਼ੋਰ ਸ਼ਿਕਾਰਾਂ ਨੂੰ ਨਿਸ਼ਾਨਾ ਬਣਾਉਣ ਲਈ ਨਵੇਂ ਰਸਤੇ ਖੋਲ੍ਹ ਦਿੱਤੇ ਹਨ। ਬਹੁਤ ਸਾਰੇ ਬੱਚੇ ਘੰਟਿਆਂ ਤੱਕ ਆਨਲਾਈਨ ਰਹਿੰਦੇ ਹਨ ਅਤੇ ਉਹ ਅਕਸਰ ਸਕ੍ਰੀਨਾਂ ਦੇ ਪਿੱਛੇ ਲੁਕੇ ਹੋਏ ਖਤਰਿਆਂ ਤੋਂ ਜਾਣੂ ਨਹੀਂ ਹੁੰਦੇ।

### ਗਰੂਮਰਾਂ ਦੀਆਂ ਤਕਨੀਕਾਂ

ਗਰੂਮਰ ਆਪਣੇ ਸ਼ਿਕਾਰਾਂ ਨੂੰ ਕਾਬੂ ਕਰਨ ਲਈ ਵੱਖ-ਵੱਖ ਤਕਨੀਕਾਂ ਦੀ ਵਰਤੋਂ ਕਰਦੇ ਹਨ। ਇਨ੍ਹਾਂ ਵਿੱਚ ਸ਼ਾਮਲ ਹਨ:

**ਭਰੋਸਾ ਬਣਾਉਣਾ:**

ਗਰੂਮਰ ਅਕਸਰ ਆਪਣੇ ਸ਼ਿਕਾਰ ਨਾਲ ਸੰਬੰਧ ਬਣਾਉਣ ਵਿੱਚ ਹਫ਼ਤਿਆਂ ਜਾਂ ਮਹੀਨਿਆਂ ਦਾ ਸਮਾਂ ਲਗਾ ਦਿੰਦੇ ਹਨ। ਉਹ ਆਪਣੇ ਰਾਜ਼ ਸਾਂਝੇ ਕਰ ਸਕਦੇ ਹਨ, ਪ੍ਰਸ਼ੰਸਾ ਕਰ ਸਕਦੇ ਹਨ, ਅਤੇ ਸ਼ਿਕਾਰ ਨੂੰ ਝੂੱਠੀ ਸੁਰੱਖਿਆ ਦਾ ਅਹਿਸਾਸ ਕਰਵਾ ਸਕਦੇ ਹਨ।

**ਇਕੱਲਾਪਣ:**

ਜਦੋਂ ਭਰੋਸਾ ਬਣ ਜਾਂਦਾ ਹੈ, ਗਰੂਮਰ ਸ਼ਿਕਾਰ ਨੂੰ ਸੰਗੀ ਸਾਥੀਆਂ ਅਤੇ ਪਰਿਵਾਰ ਤੋਂ ਵੱਖ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ ਜਿਸ ਨਾਲ ਉਹ ਗਰੂਮਰ 'ਤੇ ਭਾਵਨਾਤਮਕ ਸਹਾਇਤਾ ਲਈ ਨਿਰਭਰ ਹੋ ਜਾਂਦੇ ਹਨ।

**ਅਹਿਸਾਸ ਘਟਾਉਣਾ:**

ਗਰੂਮਰ ਹੌਲੀ ਹੌਲੀ ਯੌਨ ਸਮੱਗਰੀ ਜਾਂ ਗੱਲਾਂ ਨੂੰ ਉਜਾਗਰ ਕਰ ਸਕਦੇ ਹਨ ਤਾਂ ਜੋ ਨਾਬਾਲਗ ਨੂੰ ਅਣਉਚਿਤ ਵਿਸ਼ਿਆਂ ਨਾਲ ਜੋੜਨ ਲਈ ਆਸਾਨੀ ਹੋਵੇ।

**ਜ਼ਬਰ ਅਤੇ ਮਨੋਬਲ:**

ਜੇ ਕੋਈ ਬੱਚਾ ਉਨ੍ਹਾਂ ਨੂੰ ਅੱਗੇ ਵੱਧਣ ਤੋਂ ਰੋਕਦਾ ਹੈ ਤਾਂ ਗਰੂਮਰ ਧਮਕੀ ਜਾਂ ਭਾਵਨਾਤਮਕ ਮਨੋਬਲ ਦੀ ਵਰਤੋਂ ਕਰ ਸਕਦੇ ਹਨ ਤਾਂ ਜੋ ਉਹਨਾਂ ਨੂੰ ਮੰਨਣ ਲਈ ਮਜਬੂਰ ਕਰ ਸਕਣ।

### *ਸੰਕੇਤਾਂ ਦੀ ਪਛਾਣ*

ਮਾਪਿਆਂ ਅਤੇ ਰਖਵਾਲਿਆਂ ਦੀ ਬੱਚਿਆਂ ਨੂੰ ਸਾਇਬਰ ਗਰੂਮਿੰਗ ਤੋਂ ਬਚਾਉਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਸੰਕੇਤਾਂ ਦੀ ਪਛਾਣ ਕਰਨਾ ਸ਼ੁਰੁਆਤੀ ਪਛਾਣ ਵਿੱਚ ਮਦਦ ਕਰ ਸਕਦਾ ਹੈ:

- **ਵਿਉਹਾਰ ਵਿੱਚ ਬਦਲਾਅ:** ਬੱਚੇ ਦੇ ਵਿਉਹਾਰ ਵਿੱਚ ਅਚਾਨਕ ਬਦਲਾਅ, ਜਿਵੇਂ ਕਿ ਵੱਧਦੀ ਇਕੱਲਤਾ ਜਾਂ ਪਰਿਵਾਰਕ ਗਤੀਵਿਧੀਆਂ ਤੋਂ ਦੂਰ ਹੋਣਾ ਚਿੰਤਾ ਦਾ ਕਾਰਨ ਬਣ ਸਕਦਾ ਹੈ।
- **ਅਸਧਾਰਨ ਆਨਲਾਈਨ ਗਤੀਵਿਧੀ:** ਬੱਚੇ ਦੀਆਂ ਆਨਲਾਈਨ ਇੰਟਰੈਕਸ਼ਨਾਂ ਦੀ ਨਿਗਰਾਨੀ ਕਰਨਾ ਅਤੇ ਉਨ੍ਹਾਂ ਦੇ ਸੋਸ਼ਲ ਮੀਡੀਆ ਸੰਪਰਕਾਂ ਬਾਰੇ ਜਾਣੂ ਰਹਿਣਾ ਸੰਭਾਵਿਤ ਗਰੂਮਿੰਗ ਦੇ ਬਾਰੇ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ।
- **ਗੈਰ-ਉਚਿਤ ਗੱਲਬਾਤ:** ਜੇਕਰ ਬੱਚਾ ਇਹ ਸਾਂਝਾ ਕਰਦਾ ਹੈ ਕਿ ਉਹ ਅਜਿਹੀਆਂ ਸੁਨੇਹੇ ਪ੍ਰਾਪਤ ਕਰ ਰਿਹਾ ਹੈ ਜੋ ਉਨ੍ਹਾਂ ਨੂੰ ਅਸਹਿਜ ਕਰਦੇ ਹਨ ਤਾਂ ਇਹ ਸਮੱਸਿਆਵਾਂ ਨੂੰ ਤੁਰੰਤ ਹੱਲ ਕਰਨਾ ਜ਼ਰੂਰੀ ਹੈ।

### *ਰੋਕਥਾਮ ਦੀਆਂ ਰਣਨੀਤੀਆਂ*

ਸਾਇਬਰ ਗਰੂਮਿੰਗ ਨਾਲ ਲੜਨ ਲਈ ਕਈ ਰਣਨੀਤੀਆਂ ਲਾਗੂ ਕੀਤੀਆਂ ਜਾ ਸਕਦੀਆਂ ਹਨ:

**ਖੁੱਲ੍ਹੀ ਗੱਲਬਾਤ:**

ਆਨਲਾਈਨ ਅਨੁਭਵਾਂ ਬਾਰੇ ਖੁੱਲ੍ਹੇ ਸੰਵਾਦ ਨੂੰ ਉਤਸ਼ਾਹਿਤ ਕਰੋ। ਬੱਚਿਆਂ ਨੂੰ ਇਹ ਮਹਿਸੂਸ ਕਰਵਾਉਣਾ ਚਾਹੀਦਾ ਹੈ ਕਿ ਉਹ ਕਿਸੇ ਵੀ ਗੱਲ ਬਾਰੇ ਗੱਲ ਕਰ ਸਕਦੇ ਹਨ ਜੋ ਉਨ੍ਹਾਂ ਨੂੰ ਅਸਹਿਜ ਕਰਦੀ ਹੈ।

**2ਸਿੱਖਿਆ:**

ਬੱਚਿਆਂ ਨੂੰ ਆਨਲਾਈਨ ਨਿੱਜੀ ਜਾਣਕਾਰੀ ਸਾਂਝੀ ਕਰਨ ਦੇ ਖਤਰੇ ਅਤੇ ਅਣਜਾਣ ਲੋਕਾਂ ਦੇ ਸ਼ੱਕੀ ਵਿਉਹਾਰ ਪਛਾਣਣ ਬਾਰੇ ਸਿਖਾਉਣਾ।

**ਪਰਾਈਵੇਸੀ ਸੈਟਿੰਗਜ਼:**

ਬੱਚਿਆਂ ਨੂੰ ਸੋਸ਼ਲ ਮੀਡੀਆ ਖਾਤਿਆਂ 'ਤੇ ਕਠੋਰ ਪਰਾਈਵੇਸੀ ਸੈਟਿੰਗਜ਼ ਸੈੱਟ ਕਰਨ ਵਿੱਚ ਮਦਦ ਕਰੋ ਅਤੇ ਉਨ੍ਹਾਂ ਦੇ ਆਨਲਾਈਨ ਮੌਜੂਦਗੀ ਨੂੰ ਸੀਮਿਤ ਕਰਨ ਦੇ ਮਹੱਤਵ ਬਾਰੇ ਚਰਚਾ ਕਰੋ।

**ਮੋਨੀਟਰੀਂਗ ਟੂਲਜ਼:**

ਮਾਤਾ ਪਿਤਾ ਵਲੋਂ ਬੱਚਿਆਂ ਨੂੰ ਸੰਭਾਲਣ ਵਾਲੇ ਸੌਫਟਵੇਅਰ ਦੀ ਵਰਤੋਂ ਕਰ੍ਹਨ ਦੀ ਸਿੱਖਿਆ ਦੇਣੀ ਲਾਜ਼ਮੀ ਹੋਣੀ ਚਾਹੀਦੀ ਹੈ ਜੋ ਬਚਿਆਂ ਦੀ ਆਨਲਾਈਨ ਗਤੀਵਿਧੀ ਦੀ ਨਿਗਰਾਨੀ ਕਰਨ ਦੀ ਆਗਿਆ ਦਿੰਦੀ ਹੈ।

**ਸ਼ੱਕੀ ਵਿਵਹਾਰ ਦੀ ਰਿਪੋਰਟ ਕਰੋ:**

ਬੱਚਿਆਂ ਨੂੰ ਪ੍ਰੇਰਿਤ ਕਰੋ ਕਿ ਉਹ ਕਿਸੇ ਵੀ ਸ਼ੱਕੀ ਇੰਟਰੈਕਸ਼ਨ ਦੀ ਰਿਪੋਰਟ ਕਿਸੇ ਭਰੋਸੇਯੋਗ ਵੱਡੇ ਵਿਅਕਤੀ ਜਾਂ ਕਾਨੂੰਨੀ ਅਧਿਕਾਰੀ ਨੂੰ ਦਿੰਦੇ ਹਨ।

ਜਿਵੇਂ ਜਿਵੇਂ ਤਕਨੀਕ ਵਿਕਸਤ ਹੁੰਦੀ ਹੈ ਉਵੇਂ ਹੀ ਉਹ ਤਕਨੀਕਾਂ ਵੀ ਵਿਕਸਤ ਹੁੰਦੀਆਂ ਹਨ ਜੋ ਉਹ ਲੋਕ ਵਰਤਦੇ ਹਨ ਜੋ ਕਮਜ਼ੋਰ ਇਨਸਾਨਾਂ ਦਾ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਾਇਬਰ ਗਰੂਮਿੰਗ ਇੱਕ ਗੰਭੀਰ ਸਮੱਸਿਆ ਹੈ ਜਿਸ ਲਈ ਮਾਪਿਆਂ, ਸਿੱਖਿਆ ਮਾਹਿਰਾਂ ਅਤੇ ਸਮਾਜ ਦੇ ਸਮੂਹ ਦੀ ਚੌਕਸੀ ਲੋੜੀਂਦੀ ਹੈ। ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਕੇ, ਬੱਚਿਆਂ ਨੂੰ ਆਨਲਾਈਨ ਖਤਰਿਆਂ ਬਾਰੇ ਸਿਖਾ ਕੇ ਅਤੇ ਰੋਕਥਾਮ ਦੇ ਉਪਾਅ ਲਾਗੂ ਕਰਕੇ, ਅਸੀਂ ਇਸ ਖਤਰਨਾਕ ਖਤਰੇ ਤੋਂ ਆਪਣੇ ਨੌਜਵਾਨਾਂ ਦੀ ਸੁਰੱਖਿਆ ਲਈ ਇਕੱਠੇ ਕੰਮ ਕਰ ਸਕਦੇ ਹਾਂ।

ਮੌਜੂਦਾ ਯੁੱਗ ਵਿੱਚ ਜਿੱਥੇ ਡਿਜੀਟਲ ਸੰਪਰਕ ਆਮ ਹਨ ਆਪਣੇ ਬੱਚਿਆਂ ਦੀ ਸੁਰੱਖਿਆ ਕਰਨਾ ਸਾਡੇ ਲਈ ਸਭ ਤੋਂ ਅਹਿਮ ਹੋਣਾ ਚਾਹੀਦੀ ਹੈ। ਜਾਗਰੂਕਤਾ ਅਤੇ ਨਿਗਰਾਨੀ ਇਹ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਹਨ ਕਿ ਇੰਟਰਨੈੱਟ ਸਭ ਯੂਜ਼ਰਾਂ ਲਈ, ਵਿਸ਼ੇਸ਼ ਤੌਰ 'ਤੇ ਨਾਬਾਲਗਾਂ ਲਈ, ਇੱਕ ਸੁਰੱਖਿਅਤ ਸਥਾਨ ਰਹੇ।



ਡਾ. ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

# ਖ਼ਾਮੋਸ਼ ਕਾਤਲ ਹੈ ਸਰਵਾਈਕਲ ਕੈਂਸਰ: ਸਰੀਰ 'ਚ ਦਿਖਣ ਵਾਲੇ ਇਹ ਬਦਲਾਅ ਹੋ ਸਕਦੇ ਹਨ ਖ਼ਤਰੇ ਦੀ ਘੰਟੀ, ਰਹੋ ਅਲਰਟ



ਸਰਵਾਈਕਲ ਕੈਂਸਰ ਇੱਕ ਗੰਭੀਰ ਬਿਮਾਰੀ ਹੈ, ਜੋ ਦੁਨੀਆ ਭਰ ਵਿੱਚ ਲੱਖਾਂ ਮਹਿਲਾਵਾਂ ਨੂੰ ਪ੍ਰਭਾਵਿਤ ਕਰਦੀ ਹੈ। ਇਹ ਪੂਰੀ ਦੁਨੀਆ ਵਿੱਚ ਮਹਿਲਾਵਾਂ ਦੀ ਮੌਤ ਦੇ ਪ੍ਰਮੁੱਖ ਕਾਰਨਾਂ ਵਿੱਚੋਂ ਇੱਕ ਹੈ। ਹਾਲਾਂਕਿ, ਅੱਜ ਵੀ ਇਸ ਬਾਰੇ ਲੋਕਾਂ ਵਿੱਚ ਜਾਗਰੂਕਤਾ ਦੀ ਕਮੀ ਦੇਖਣ ਨੂੰ ਮਿਲਦੀ ਹੈ।

ਇਸ ਗੰਭੀਰ ਬਿਮਾਰੀ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਹਰ ਸਾਲ ਜਨਵਰੀ ਮਹੀਨੇ ਨੂੰ 'ਸਰਵਾਈਕਲ ਕੈਂਸਰ ਜਾਗਰੂਕਤਾ ਮਹੀਨੇ' ਵਜੋਂ ਮਨਾਇਆ ਜਾਂਦਾ ਹੈ। ਇਸ ਮੌਕੇ ਬਿਮਾਰੀ ਦੀ ਗੰਭੀਰਤਾ ਅਤੇ ਸਮੇਂ ਸਿਰ ਪਛਾਣ ਦੇ ਮਹੱਤਵ ਬਾਰੇ ਜਾਣਨ ਲਈ ਅਸੀਂ ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਸਾਕਤ ਦੇ ਗਾਇਨੀਕੋਲੋਜੀ ਓਨਕੋਲੋਜੀ ਵਿਭਾਗ ਦੀ ਐਸੋਸੀਏਟ ਡਾਇਰੈਕਟਰ ਡਾ. ਕਨਿਕਾ ਬਤਰਾ ਮੋਦੀ ਨਾਲ ਗੱਲਬਾਤ ਕੀਤੀ।

### ਦੱਬੇ ਪੈਰ ਆਉਂਦਾ ਹੈ ਕੈਂਸਰ

ਡਾਕਟਰ ਕਹਿੰਦੇ ਹਨ ਕਿ ਇੱਕ ਚਿਕਿਤਸਕ ਵਜੋਂ ਅਸੀਂ ਚੰਗੀ ਤਰ੍ਹਾਂ ਸਮਝਦੇ ਹਾਂ ਕਿ ਹਰ ਲੱਛਣ ਗੰਭੀਰ ਨਹੀਂ ਹੁੰਦਾ, ਪਰ ਸਾਡਾ ਤਜ਼ਰਬਾ ਸਿਖਾਉਂਦਾ ਹੈ ਕਿ ਗੰਭੀਰ ਬਿਮਾਰੀਆਂ ਅਕਸਰ ਸ਼ੋਰ ਮਚਾ ਕੇ ਨਹੀਂ, ਸਗੋਂ ਖ਼ਾਮੋਸ਼ੀ ਨਾਲ ਆਉਂਦੀਆਂ ਹਨ। ਕੈਂਸਰ ਦੀ ਸ਼ੁਰੂਆਤ ਵੀ ਬਿਲਕੁਲ ਅਜਿਹੀ ਹੁੰਦੀ ਹੈ। ਇਹ ਸ਼ੁਰੂ ਵਿੱਚ ਕੋਈ ਵੱਡਾ ਡਰਾਮਾ ਨਹੀਂ ਕਰਦਾ; ਇਹ ਸਾਡੀ ਦਿਨਚਰਿਆ ਵਿੱਚ ਛੋਟੇ-ਛੋਟੇ ਬਦਲਾਅ ਜਿਵੇਂ ਹਲਕੀ ਬਲੀਡਿੰਗ, ਡਿਸਚਾਰਜ ਵਿੱਚ ਬਦਲਾਅ ਜਾਂ ਹਲਕੇ ਦਰਦ ਦੇ ਰੂਪ ਵਿੱਚ ਦਸਤਕ ਦਿੰਦਾ ਹੈ।

### ਲੱਛਣਾਂ ਦੀ ਅਣਦੇਖੀ ਹੈ ਸਭ ਤੋਂ ਵੱਡੀ ਦੁਸ਼ਮਣ

ਡਾਕਟਰ ਅੱਗੇ ਕਹਿੰਦੇ ਹਨ ਕਿ ਸਰਵਾਈਕਲ ਕੈਂਸਰ ਇੱਕ ਅਜਿਹੀ ਲੜਾਈ ਹੈ ਜਿਸ ਨੂੰ ਅਸੀਂ ਆਸਾਨੀ ਨਾਲ ਜਿੱਤ ਸਕਦੇ ਹਾਂ। ਇਹ ਉਨ੍ਹਾਂ ਚੋਣਵੇਂ ਕੈਂਸਰਾਂ ਵਿੱਚੋਂ ਹੈ ਜਿਨ੍ਹਾਂ ਦਾ ਟੀਕਾਕਰਨ (Vaccination) ਅਤੇ ਸਕ੍ਰੀਨਿੰਗ ਰਾਹੀਂ ਪੂਰੀ ਤਰ੍ਹਾਂ ਇਲਾਜ ਅਤੇ ਰੋਕਥਾਮ ਸੰਭਵ ਹੈ। ਫਿਰ ਵੀ, ਇਹ ਦੁਖਦਾਈ ਹੈ ਕਿ ਮਹਿਲਾਵਾਂ ਸਾਡੇ ਕੋਲ ਉਦੋਂ ਪਹੁੰਚਦੀਆਂ ਹਨ ਜਦੋਂ ਬਿਮਾਰੀ ਵੱਧ ਚੁੱਕੀ ਹੁੰਦੀ ਹੈ, ਕਿਉਂਕਿ ਉਨ੍ਹਾਂ ਨੂੰ ਆਪਣੀ ਤਕਲੀਫ਼ ਨੂੰ 'ਮਾਮੂਲੀ' ਮੰਨ ਕੇ ਨਜ਼ਰਅੰਦਾਜ਼ ਕਰਨ ਦੀ ਆਦਤ ਪਾ ਦਿੱਤੀ ਗਈ ਹੈ।

ਹਰ ਮਹਿਲਾ ਨੂੰ ਇਨ੍ਹਾਂ 8 ਲੱਛਣਾਂ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ:

* **ਅਸਾਧਾਰਨ ਬਲੀਡਿੰਗ:** ਸਰੀਰਕ ਸਬੰਧ ਬਣਾਉਣ ਤੋਂ ਬਾਅਦ ਖ਼ੂਨ ਆਉਣਾ।
* **ਬੇਵਕਤੀ ਸਪੋਟਿੰਗ:** ਦੋ ਪੀਰੀਅਡਜ਼ ਦੇ ਵਿਚਕਾਰ ਖ਼ੂਨ ਦੇ ਧੱਬੇ ਦਿਖਣਾ।
* **ਮੇਨੋਪੌਜ਼ ਤੋਂ ਬਾਅਦ ਬਲੀਡਿੰਗ:** ਮਾਹਵਾਰੀ ਬੰਦ ਹੋਣ ਤੋਂ ਬਾਅਦ ਕਿਸੇ ਵੀ ਤਰ੍ਹਾਂ ਦੀ ਬਲੀਡਿੰਗ।
* **ਪੀਰੀਅਡਜ਼ ਵਿੱਚ ਬਦਲਾਅ:** ਪੀਰੀਅਡਜ਼ ਦਾ ਬਹੁਤ ਹੈਵੀ ਹੋਣਾ ਜਾਂ ਆਮ ਨਾਲੋਂ ਜ਼ਿਆਦਾ ਦਿਨਾਂ ਤੱਕ ਚੱਲਣਾ।
* **ਡਿਸਚਾਰਜ ਵਿੱਚ ਬਦਲਾਅ:** ਲਗਾਤਾਰ ਪਾਣੀ ਵਰਗਾ, ਖ਼ੂਨ ਮਿਲਿਆ ਜਾਂ ਬਦਬੂਦਾਰ ਡਿਸਚਾਰਜ ਹੋਣਾ।
* **ਦਰਦਨਾਕ ਸਬੰਧ:** ਸੈਕਸ ਦੌਰਾਨ ਦਰਦ ਮਹਿਸੂਸ ਹੋਣਾ।
* **ਲਗਾਤਾਰ ਦਰਦ:** ਪੇਡੂ (Pelvic area) ਜਾਂ ਪਿੱਠ ਦੇ ਹੇਠਲੇ ਹਿੱਸੇ ਵਿੱਚ ਲਗਾਤਾਰ ਦਰਦ ਬਣਿਆ ਰਹਿਣਾ।
* **ਭਾਰ ਘਟਣਾ ਅਤੇ ਥਕਾਵਟ:** ਬਿਨਾਂ ਕਿਸੇ ਕਾਰਨ ਭਾਰ ਘਟਣਾ ਜਾਂ ਬਹੁਤ ਜ਼ਿਆਦਾ ਥਕਾਵਟ ਹੋਣਾ।

### ਅਲਰਟ ਰਹਿਣਾ ਹੈ ਜ਼ਰੂਰੀ

ਡਾਕਟਰ ਅਨੁਸਾਰ ਸਰਵਾਈਕਲ ਕੈਂਸਰ ਤੋਂ ਬਚਣ ਲਈ ਡਰਨਾ ਨਹੀਂ, ਸਗੋਂ ਅਲਰਟ ਰਹਿਣਾ ਜ਼ਰੂਰੀ ਹੈ। ਇਹ ਲੱਛਣ ਕਿਸੇ ਆਮ ਇਨਫੈਕਸ਼ਨ ਜਾਂ ਹਾਰਮੋਨਲ ਬਦਲਾਅ ਕਾਰਨ ਵੀ ਹੋ ਸਕਦੇ ਹਨ, ਪਰ ਜੇਕਰ ਇਹ ਕੁਝ ਗੰਭੀਰ ਹੈ, ਤਾਂ ਸਮੇਂ ਸਿਰ ਪਤਾ ਲੱਗਣ ਨਾਲ ਤੁਹਾਡੀ ਜਾਨ ਬਚ ਸਕਦੀ ਹੈ।

**ਇਨ੍ਹਾਂ ਗੱਲਾਂ ਦਾ ਰੱਖੋ ਧਿਆਨ:** ਜੇਕਰ ਤੁਹਾਡੀ ਉਮਰ 25 ਸਾਲ ਤੋਂ ਜ਼ਿਆਦਾ ਹੈ ਜਾਂ ਤੁਸੀਂ ਸਰੀਰਕ ਤੌਰ 'ਤੇ ਐਕਟਿਵ ਹੋ, ਤਾਂ ਸੰਕੋਚ ਛੱਡੋ। ਆਪਣੀ ਗਾਇਨੀਕੋਲੋਜਿਸਟ ਨਾਲ ਮਿਲੋ ਅਤੇ ਪੈਪ ਸਮੀਅਰ (Pap Smear) ਜਾਂ HPV ਟੈਸਟ ਬਾਰੇ ਗੱਲ ਕਰੋ। ਸਮੇਂ-ਸਮੇਂ 'ਤੇ ਜਾਂਚ ਜ਼ਰੂਰ ਕਰਵਾਓ।

# ਹੱਡੀਆਂ 'ਚ ਦਰਦ ਹੋਵੇ ਜਾਂ ਖ਼ੂਨ ਦੀ ਘਾਟ

ਰੋਟੀ ਭਾਰਤੀ ਖੁਰਾਕ ਦਾ ਇੱਕ ਜ਼ਰੂਰੀ ਹਿੱਸਾ ਹੈ। ਬਹੁਤ ਸਾਰੇ ਲੋਕ ਇਸ ਤੋਂ ਬਿਨਾਂ ਇਸਨੂੰ ਨਹੀਂ ਖਾ ਸਕਦੇ, ਪਰ ਰੋਟੀ ਨੂੰ ਸਿਰਫ਼ ਪੇਟ ਭਰਨ ਨਾਲੋਂ ਜ਼ਿਆਦਾ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਹ ਪੋਸ਼ਣ ਦਾ ਇੱਕ ਵਧੀਆ ਸਰੋਤ ਵੀ ਹੈ, ਜਿਸਨੂੰ ਲੋਕ ਅਕਸਰ ਘੱਟ ਸਮਝਦੇ ਹਨ। ਜਦੋਂ ਰੋਟੀ ਦੀ ਗੱਲ ਆਉਂਦੀ ਹੈ, ਤਾਂ ਕਣਕ ਹਮੇਸ਼ਾ ਇੱਕ ਪਸੰਦੀਦਾ ਰਹੀ ਹੈ।

ਹਾਲਾਂਕਿ, ਕਣਕ ਤੋਂ ਇਲਾਵਾ ਹੋਰ ਵੀ ਕਈ ਕਿਸਮਾਂ ਦੀਆਂ ਰੋਟੀਆਂ ਹਨ, ਜਿਨ੍ਹਾਂ ਨੂੰ ਜਦੋਂ ਤੁਹਾਡੀ ਖੁਰਾਕ ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਤਾਂ ਇਹ ਸ਼ਾਨਦਾਰ ਸਿਹਤ ਲਾਭ ਪ੍ਰਦਾਨ ਕਰਦੀਆਂ ਹਨ। ਡਾ. ਸਲੀਮ ਜ਼ੈਦੀ ਨੇ ਹਾਲ ਹੀ ਵਿੱਚ ਇੰਸਟਾਗ੍ਰਾਮ 'ਤੇ ਇੱਕ ਵੀਡੀਓ ਸਾਂਝਾ ਕੀਤਾ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਤੁਹਾਨੂੰ ਆਪਣੀ ਖੁਰਾਕ ਵਿੱਚ ਕਿਹੜੀਆਂ ਸੱਤ ਕਿਸਮਾਂ ਦੀਆਂ ਰੋਟੀਆਂ ਜ਼ਰੂਰ ਸ਼ਾਮਲ ਕਰਨੀਆਂ ਚਾਹੀਦੀਆਂ ਹਨ ਅਤੇ ਕਿਉਂ।

**ਕਣਕ ਦੀ ਰੋਟੀ :** ਫਾਈਬਰ ਅਤੇ ਬੀ ਵਿਟਾਮਿਨ ਨਾਲ ਭਰਪੂਰ, ਕਣਕ ਊਰਜਾ ਪ੍ਰਦਾਨ ਕਰਦੀ ਹੈ। ਹਾਲਾਂਕਿ, ਇਸਨੂੰ ਜ਼ਿਆਦਾ ਖਾਣ ਨਾਲ ਬਲੱਡ ਸ਼ੂਗਰ ਅਤੇ ਭਾਰ ਵਧ ਸਕਦਾ ਹੈ। ਇਸ ਲਈ, ਡਾਕਟਰਾਂ ਦੇ ਅਨੁਸਾਰ, ਕਣਕ ਦਾ ਸੇਵਨ ਸੰਜਮ ਨਾਲ ਕਰੋ ਜਾਂ ਇਸਨੂੰ ਹੋਰ ਅਨਾਜਾਂ, ਜਿਵੇਂ ਕਿ ਮਲਟੀਗ੍ਰੇਨ, ਨਾਲ ਮਿਲਾਓ।

**ਬਾਜਰੇ ਦੀ ਰੋਟੀ :** ਬਾਜਰੇ ਦੀ ਰੋਟੀ ਸਰਦੀਆਂ ਦਾ ਇੱਕ ਸੁਆਦੀ ਭੋਜਨ ਹੈ। ਆਇਰਨ, ਮੈਗਨੀਸ਼ੀਅਮ ਅਤੇ ਓਮੇਗਾ-3 ਨਾਲ ਭਰਪੂਰ, ਇਹ ਸਰੀਰ ਨੂੰ ਅੰਦਰੋਂ ਗਰਮ ਰੱਖਣ ਵਿੱਚ ਮਦਦ ਕਰਦਾ ਹੈ। ਇਹ ਅਨੀਮੀਆ ਨੂੰ ਦੂਰ ਕਰਨ ਅਤੇ ਅੱਖਾਂ ਦੀ ਰੌਸ਼ਨੀ ਨੂੰ ਬਿਹਤਰ ਬਣਾਉਣ ਵਿੱਚ ਵੀ ਮਦਦ ਕਰਦਾ ਹੈ। ਇਸ ਦੇ ਸਾੜ ਵਿਰੋਧੀ ਗੁਣ ਦਮੇ ਦੇ ਮਰੀਜ਼ਾਂ ਨੂੰ ਰਾਹਤ ਪ੍ਰਦਾਨ ਕਰਦੇ ਹਨ ਅਤੇ ਇਹ ਬਲੱਡ ਸ਼ੂਗਰ ਨੂੰ ਸਥਿਰ ਰੱਖਣ ਵਿੱਚ ਵੀ ਮਦਦ ਕਰਦੇ ਹਨ।

**ਜਵਾਰ ਰੋਟੀ :** ਜੇਕਰ ਤੁਸੀਂ ਭਾਰ ਘਟਾਉਣਾ ਚਾਹੁੰਦੇ ਹੋ, ਤਾਂ ਜਵਾਰ ਦੀ ਰੋਟੀ ਇੱਕ ਵਧੀਆ ਵਿਕਲਪ ਹੈ। ਅਧਿਐਨ ਦਰਸਾਉਂਦੇ ਹਨ ਕਿ ਇਸ ਵਿੱਚ ਕੈਲੋਰੀ ਘੱਟ ਹੁੰਦੀ ਹੈ ਅਤੇ ਇਹ ਗਲੂਟਨ-ਮੁਕਤ ਹੁੰਦੀ ਹੈ। ਇਸਨੂੰ ਖਾਣ ਨਾਲ ਇੱਕ ਸਿਹਤਮੰਦ ਪਾਚਨ ਪ੍ਰਣਾਲੀ ਬਣਾਈ ਰੱਖਣ ਅਤੇ ਦਿਲ ਦੀ ਸਿਹਤ ਵਿੱਚ ਸੁਧਾਰ ਕਰਨ ਵਿੱਚ ਮਦਦ ਮਿਲ ਸਕਦੀ ਹੈ।

**ਰਾਗੀ ਰੋਟੀ :** ਰਾਗੀ ਕੈਲਸ਼ੀਅਮ ਦਾ ਇੱਕ ਪਾਵਰਹਾਊਸ ਹੈ, ਜੋ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ। ਇਸ ਵਿੱਚ ਉੱਚ ਫਾਈਬਰ ਸਮੱਗਰੀ ਤੁਹਾਨੂੰ ਲੰਬੇ ਸਮੇਂ ਤੱਕ ਸੰਤੁਸ਼ਟ ਰੱਖਦੀ ਹੈ, ਜ਼ਿਆਦਾ ਖਾਣ ਤੋਂ ਰੋਕਦੀ ਹੈ। ਇਹ ਸਰੀਰ ਵਿੱਚ ਹੀਮੋਗਲੋਬਿਨ ਵਧਾਉਣ ਲਈ ਵੀ ਜਾਣਿਆ ਜਾਂਦਾ ਹੈ।

**ਮੱਕੀ ਦੀ ਰੋਟੀ :** ਸਰਦੀਆਂ ਦੌਰਾਨ ਮੱਕੀ ਦੀ ਰੋਟੀ ਅਤੇ ਸਰ੍ਹੋਂ ਦੇ ਸਾਗ ਖਾਣ ਦਾ ਆਨੰਦ ਮਾਣਨਾ ਬਹੁਤ ਵਧੀਆ ਹੁੰਦਾ ਹੈ। ਮੱਕੀ ਦੀ ਰੋਟੀ ਨਾ ਸਿਰਫ਼ ਭੋਜਨ ਦਾ ਸੁਆਦ ਵਧਾਉਂਦੀ ਹੈ, ਸਗੋਂ ਇਹ ਸਿਹਤ ਲਈ ਵੀ ਫਾਇਦੇਮੰਦ ਹੁੰਦੀ ਹੈ। ਵਿਟਾਮਿਨ ਏ ਨਾਲ ਭਰਪੂਰ, ਇਹ ਤੁਰੰਤ ਊਰਜਾ ਅਤੇ ਸਹਿਣਸ਼ੀਲਤਾ ਪ੍ਰਦਾਨ ਕਰਦਾ ਹੈ। ਹਾਲਾਂਕਿ, ਥੋੜ੍ਹਾ ਭਾਰੀ ਹੋਣ ਕਰਕੇ, ਇਸਨੂੰ ਪਚਣ ਵਿੱਚ ਸਮਾਂ ਲੱਗਦਾ ਹੈ, ਇਸ ਲਈ ਇਸਨੂੰ ਸੀਮਤ ਮਾਤਰਾ ਵਿੱਚ ਖਾਣਾ ਚਾਹੀਦਾ ਹੈ।












# ਰਾਸ਼ੀਫਲ

**ਮੇਖ:** ਅਸੁਵਿਧਾ ਤੁਹਾਡੀ ਮਾਨਸਿਕ ਸ਼ਾਂਤੀ ਨੂੰ ਭੰਗ ਕਰ ਸਕਦੀ ਹੈ। ਪੈਸੇ ਕਮਾਉਣ ਦੇ ਲਈ ਨਵੇਂ ਮੌਕੇ ਲਾਭ ਦੇਣਗੇ। ਇਹ ਸਮਾਂ ਇਸ ਗੱਲ ਨੂੰ ਸਮਝਣ ਦਾ ਹੈ ਕਿ ਗੁੱਸਾ ਛੋਟਾ ਪਾਗਲਪਣ ਹੈ ਅਤੇ ਇਹ ਤੁਹਾਨੂੰ ਭਾਰੀ ਨੁਕਸਾਨ ਦੀ ਤਰਫ ਭੇਜ ਸਕਦਾ ਹੈ। ਅੱਜ ਆਪਣਾ ਪ੍ਰੇਮੀ ਆਪਣੇ ਮਨੋਭਾਵਾਂ ਨੂੰ ਤੁਹਾਡੇ ਸਾਹਮਣੇ ਖੁੱਲ ਕੇ ਨਹੀਂ ਰੱਖ ਸਕੇਗਾ ਜਿਸ ਦੀ ਵਜਾਹ ਨਾਲ ਤੁਸੀ ਨਾਰਾਜ਼ ਹੋ ਸਕਦੇ ਹੋ। ਤੁਹਾਨੂੰ ਕੰਮਕਾਰ ਵਿਚ ਚੰਗੇ ਨਤੀਜੇ ਪਾਉਣ ਦੇ ਲਈ ਆਪਣੇ ਕੰਮ ਕਰਨ ਦੇ ਤਰੀਕੇ ਤੇ ਧਿਆਨ ਦੇਣ ਦੀ ਲੋੜ ਹੈ ਨਹੀਂ ਤਾਂ ਤੁਸੀ ਬੌਸ ਦੀਆਂ ਨਜ਼ਰਾਂ ਵਿਚ ਤੁਹਾਡੀ ਨਾਕਾਰਾਤਮਕ ਛਾਂ ਬਣ ਸਕਦੀ ਹੈ। ਖਾਲੀ ਸਮੇਂ ਦਾ ਅੱਜ ਤੁਸੀ ਸਦਉਪਯੋਗ ਕਰੋਗੇ ਅਤੇ ਉਨਾਂ ਕੰਮਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰੋਗੇ ਜੋ ਬੀਤੇ ਦਿਨ ਵਿਚ ਪੂਰੇ ਨਹੀਂ ਹੋਏ ਸੀ। ਤੁਹਾਡੇ ਅਤੇ ਤੁਹਾਡੇ ਜੀਵਨ ਸਾਥੀ ਦੇ ਵਿਚਕਾਰ ਕੋਈ ਬਾਹਰੀ ਵਿਅਕਤੀ ਦੂਰੀ ਪੈਦਾ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ ਪਰ ਤੁਸੀ ਦੋਵੇਂ ਸੰਭਾਲ ਲਵੋਗੇ।

**ਬ੍ਰਿਸ਼ਭ:** ਦਿਲ ਵਾਲੇ ਰੋਗੀਆਂ ਨੂੰ ਕੌਫੀ ਛੱਡਣ ਦਾ ਸਹੀ ਸਮਾਂ ਹੈ ਹੁਣ ਇਸ ਦਾ ਇਸਤੇਮਾਲ ਦਿਲ ਤੇ ਅਤਿਰਿਕਤ ਦਬਾਅ ਪਾਵੇਗਾ। ਸੱਟੇਬਾਜ਼ੀ ਨਾਲ ਕਾਫੀ ਲਾਭ ਹੋ ਸਕਦਾ ਹੈ। ਪਰਿਵਾਰ ਦੇ ਮੈਂਬਰਾਂ ਦਾ ਤੁਹਾਡੇ ਜੀਵਨ ਵਿਚ ਵਿਸ਼ੇਸ਼ ਮਹੱਤਵ ਹੋਵੇਗਾ। ਰੋਮਾਂਸ ਲਈ ਵਧੀਆ ਦਿਨ ਹੈ। ਆਪਣੀ ਕੰਮ ਦੀ ਕੁਸ਼ਲਤਾ ਵਧਾਉਣ ਦੇ ਲਈ ਨਵੀਂ ਤਕਨੀਕਾਂ ਦਾ ਸਹਾਰਾ ਲਉ। ਤੁਹਾਡੀ ਸ਼ੈਲੀ ਅਤੇ ਕੰਮ ਕਰਨ ਦਾ ਨਵਾਂ ਅੰਦਾਜ਼ ਉਨਾਂ ਲੋਕਾਂ ਵਿਚ ਦਿਲਚਸਪੀ ਪੈਦਾ ਕਰੇਗਾ। ਜੋ ਤੁਹਾਡੇ ਤੇ ਨੇੜੇ ਤੋਂ ਧਿਆਨ ਰੱਖਦੇ ਹਨ। ਅੱਜ ਸੋਚ ਸਮਝ ਕੇ ਕਦਮ ਵਧਾਉਣ ਦੀ ਲੋੜ ਹੈ ਜਿੱਥੇ ਦਿਲ ਦੀ ਬਜਾਏ ਦਿਮਾਗ ਦਾ ਜ਼ਿਆਦਾ ਇਸਤੇਮਾਲ ਕਰਨਾ ਚਾਹੀਦਾ ਹੈ। ਅੱਜ ਤੁਹਾਡਾ ਜੀਵਨ ਸਾਥੀ ਅੱਧ ਤੁਹਾਡੀ ਜ਼ਿੰਦਗੀ ਦੀ ਸਭ ਤੋਂ ਨਾਜ਼ੁਕ ਚੀਜ਼ ਦਾ ਸਮਰੱਥਨ ਕਰੇਗਾ।

**ਮਿਥੁਨ:** ਜੇਕਰ ਤੁਸੀ ਬਹੁਤ ਜ਼ਿਆਦਾ ਤਣਾਅ ਮਹਿਸੂਸ ਕਰ ਰਹੇ ਹੋ ਤਾਂ ਬੱਚਿਆਂ ਦੇ ਨਾਲ ਜ਼ਿਆਦਾ ਸਮਾਂ ਬਿਤਾਉ। ਉਹਨਾਂ ਦੇ ਪਿਆਰ ਭਰੇ ਅਲਿਗਨ ਅਤੇ ਮਾਸੂਮ ਮੁਸਕਰਾਹਟ ਤੁਹਾਡੀ ਸਾਰੀਆਂ ਪਰੇਸ਼ਾਨੀਆਂ ਨੂੰ ਖਤਮ ਕਰ ਦੇਵੇਗੀ। ਜੇਕਰ ਤੁਸੀ ਘਰ ਤੋਂ ਬਾਹਰ ਰਹਿ ਕੇ ਕੰਮ ਜਾਂ ਪੜਾਈ ਕਰ ਰਹੇ ਹੋ ਤਾਂ ਅਜਿਹੇ ਲੋਕਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਜੋ ਤੁਹਾਡੀ ਸਮਾਂ ਅਤੇ ਪੈਸੇ ਖਰਾਬ ਕਰਦੇ ਹਨ। ਦੋਸਤ ਅਤੇ ਪਰਿਵਾਰਿਕ ਮੈਂਬਰਾਂ ਦੇ ਨਾਲ ਸ਼ਾਮ ਦੇ ਸਮੇਂ ਸੰਗਤਿਤ ਹੋਵੋ। ਅੱਜ ਪਿਆਰ ਦੀ ਘਾਟ ਮਹਿਸੂਸ ਹੋ ਸਕਦੀ ਹੈ। ਨਵੀਂ ਸਾਂਝੀਦਾਰੀ ਅੱਜ ਦੇ ਦਿਨ ਲਾਭਦਾਇਕ ਰਹੇਗੀ। ਅੱਜ ਤੁਸੀ ਆਪਣਾ ਦਿਨ ਸਾਰੇ ਰਿਸ਼ਤੇਦਾਰਾਂ ਤੋਂ ਦੂਰ ਇਕ ਸ਼ਾਂਤ ਸਥਾਨ ਤੇ ਬਿਤਾਉਣਾ ਪਸੰਦ ਕਰੋਗੇ। ਤੁਹਾਨੂੰ ਸ਼ਾਇਦ ਤੁਹਾਡੀ ਵਿਆਹੁਤਾ ਜ਼ਿੰਦਗੀ ਬੋਰਿੰਗ ਲੱਗ ਰਹੀ ਹੋਵੇ, ਕੁਝ ਰੋਮਾਂਚਕ ਲੱਭੋ।



**ਕਰਕ:** ਤੁਹਾਨੂੰ ਉਹ ਕੰਮ ਕਰਨੇ ਚਾਹੀਦੇ ਹਨ ਜੋ ਤੁਹਾਡੀ ਸਿਹਤ ਅਤੇ ਦਿਖਤਾ ਵਿਚ ਸੁਧਾਰ ਕਰਨ ਵਿਚ ਮਦਦ ਕਰੇ। ਜਿਹੜੇ ਲੋਕਾਂ ਨੇ ਕਿਸੇ ਤੋਂ ਲਿਆ ਹੋਇਆ ਹੈ ਉਨਾਂ ਨੂੰ ਅੱਜ ਕਿਸੇ ਵੀ ਹਾਲਤ ਵਿਚ ਉਧਾਰ ਵਾਪਿਸ ਦੇਣਾ ਪੈ ਸਕਦਾ ਹੈ ਜਿਸ ਨਾਲ ਆਰਥਿਕ ਸਥਿਤੀ ਕਮਜ਼ੋਰ ਹੋ ਜਾਵੇਗੀ। ਇਹ ਵਧੀਆ ਸਮਾਂ ਹੈ ਜੋ ਤੁਹਾਡੇ ਲਈ ਕਾਮਯਾਬੀ ਅਤੇ ਖੁਸ਼ਹਾਲੀ ਲਿਆਵੇਗੀ ਇਸਦੇ ਲਈ ਆਪਣੀ ਕੋਸ਼ਿਸ਼ ਅਤੇ ਆਪਣੇ ਪਰਿਵਾਰ ਨਾਲ ਮਿਲਣ ਵਾਲੇ ਸ਼ੁਕਰਦੁਜ਼ਾਰ ਹੋਣਾ ਚਾਹੀਦਾ ਹੈ। ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਤਾਰੀਖ ਦਾ ਪ੍ਰੋਗਰਾਮ ਅਸਫਲ ਹੋ ਸਕਦਾ ਹੈ। ਕਾਰੋਬਾਰ ਦੇ ਲਈ ਚੰਗਾ ਦਿਨ ਹੈ ਕਾਰੋਬਾਰ ਦੇ ਲਈ ਅਚਾਨਕ ਕੀਤੀ ਗਈ ਯਾਤਰਾ ਸਾਕਾਰਾਤਮਕ ਪਰਿਣਾਮ ਦੇਵੇਗੀ। ਦਿਲ ਦੇ ਕਰੀਬ ਲੋਕਾਂ ਦੇ ਨਾਲ ਤੁਹਾਡਾ ਮਨ ਸਮਾਂ ਬਿਤਾਉਣ ਨੂੰ ਕਰੇਗਾ ਪਰੰਤੂ ਤੁਸੀ ਅਜਿਹਾ ਕਰਨ ਵਿਚ ਸਫਲ ਨਹੀਂ ਹੋ ਪਾਉਂਗੇ। ਅੱਜ ਚੀਜਾਂ ਤੁਹਾਡੀ ਇੱਛਾ ਦੇ ਮੁਤਾਬਿਕ ਨਹੀਂ ਚੱਲਣਗੀਆਂ, ਪਰੰਤੂ ਤੁਹਾਡੇ ਪਿਆਰੇ ਦੇ ਨਾਲ ਤੁਹਾਡਾ ਚੰਗਾ ਸਮਾਂ ਗੁਜ਼ਰੇਗਾ।

**ਸਿੰਘ:** ਸਫਲਤਾ ਨੇੜੇ ਹੋਣ ਦੇ ਬਾਵਜੂਦ ਤੁਹਾਡੇ ਉਰਜਾ ਦੇ ਸਤਰ ਵਿਚ ਗਿਰਾਵਟ ਆਏਗੀ। ਲਾਭ ਦੇ ਨਜ਼ਰੀਏ ਤੋਂ ਸਟਾਕ ਅਤੇ ਮਯੂਚਲ ਫੰਡ ਵਿਚ ਨਿਵੇਸ਼ ਕਰਨਾ ਲਾਭਦਾਇਕ ਰਹੇਗਾ। ਪੜ੍ਹਾਈ ਲਿਖਾਈ ਵਿਚ ਘੱਟ ਰੁਚੀ ਦੇ ਚਲਦੇ ਬੱਚੇ ਤੁਹਾਨੂੰ ਥੋੜਾ ਨਿਰਾਸ਼ ਕਰ ਸਕਦੇ ਹਨ। ਅੱਜ ਦੇ ਦਿਨ ਪਿਆਰ ਦਾ ਬੁਖਾਰ ਤੁਹਾਡੇ ਸਿਰ ਤੇ ਚੜਨ ਲਈ ਤਿਆਰ ਹੈ ਇਸ ਦਾ ਅਨੁਭਵ ਕਰੋ ਬੇਹਤਰੀਨ ਦਿਨ ਹੈ ਜਦੋਂ ਮਹੱਤਵਪੂਰਨ ਵਪਾਰਕ ਸੋਦਿਆਂ ਨੂੰ ਅੰਤਮ ਰੂਪ ਦੇਣ ਲਈ ਤਰੱਕੀ ਕੀਤੀ ਜਾਣੀ ਚਾਹੀਦੀ ਹੈ। ਜੇਕਰ ਤੁਸੀ ਆਪਣੀ ਚੀਜਾਂ ਪ੍ਰਤੀ ਬੇਪਰਵਾਹ ਹੋ ਤਾਂ ਉਨਾਂ ਦੀ ਹਾਨੀ ਅਤੇ ਚੋਰੀ ਹੋਣ ਦੀ ਸੰਭਾਵਨਾ ਹੈ। ਜ਼ਿੰਦਗੀ ਤੁਹਾਨੂੰ ਤੋਹਫੇ ਦਿੰਦੀ ਰਹਿੰਦੀ ਹੈ ਪਰ ਅੱਜ ਤੁਸੀ ਆਪਣੇ ਸਾਥੀ ਦਾ ਇਕ ਸ਼ਾਨਦਾਰ ਪੱਖ ਦੇਖ ਕੇ ਅਚੰਭੇ ਵਿਚ ਪੈ ਸਕਦੇ ਹੋ।

**ਕੰਨਿਆ:** ਆਰਥਿਕ ਦਿੱਕਤਾਂ ਤੁਹਾਡੇ ਲਈ ਪਰੇਸ਼ਾਨੀ ਦਾ ਸਬੱਬ ਬਣ ਸਕਦੀ ਹੈ। ਤੁਹਾਨੂੰ ਕਈ ਆਰਥਿਕ ਸਕੀਮਾਂ ਤੋਂ ਲਾਭ ਪ੍ਰਾਪਤ ਹੋਵੇਗਾ। ਦੂਜਿਆਂ ਦੀਆਂ ਕਮਜ਼ੋਰੀਆਂ ਲੱਭਣ ਦਾ ਗੈਰ ਜਰੂਰੀ ਕੰਮ ਰਿਸ਼ਤੇਦਾਰਾਂ ਦੀ ਆਲੋਚਨਾ ਦਾ ਰੂਪ ਤੁਹਾਡੇ ਵੱਲ ਮੁੜ ਸਕਦਾ ਹੈ ਤੁਹਾਨੂੰ ਸਮਝਣਾ ਚਾਹੀਦਾ ਹੈ ਕਿ ਇਹ ਕੇਵਲ ਸਮੇਂ ਦੀ ਬਰਬਾਦੀ ਹੈ ਅਤੇ ਇਸ ਤੋਂ ਕੁਝ ਹਾਸਲ ਨਹੀਂ ਹੋਵੇਗਾ ਚੰਗਾ ਹਰੇਗਾ ਕਿ ਤੁਸੀ ਆਪਣੀ ਇਹ ਆਦਤ ਛੱਡ ਦਿਉ। ਤੁਹਾਡਾ ਸਾਥੀ ਤੁਹਾਡੇ ਬਾਰੇ ਚੰਗਾ ਸੋਚਦਾ ਹੈ ਇਸੇ ਕਰਕੇ ਤੁਹਾਨੂੰ ਉਸ ਤੇ ਕਈ ਵਾਰ ਗੁੱਸਾ ਆਉਂਦਾ ਹੈ ਵਾਪਸ ਜਵਾਬ ਦੇਣ ਦੀ ਬਜਾਏ ਉਨਾਂ ਦੇ ਸ਼ਬਦਾਂ ਨੂੰ ਅਤੇ ਇਹ ਕਿੱਥੋਂ ਆ ਰਹੇ ਹਨ ਨੂੰ ਸਮਝਣਾ ਬਿਹਤਰ ਹੋਵੇਗਾ। ਅੱਜ ਕੰਮ ਕਾਰ ਵਿਚ ਤੁਹਾਨੂੰ ਕੋਈ ਵਧੀਆ ਖਬਰ ਮਿਲ ਸਕਦੀ ਹੈ। ਰਾਤ ਦੇ ਸਮੇਂ ਅੱਜ ਤੁਸੀ ਘਰ ਦੇ ਲੋਕਾਂ ਤੋਂ ਦੂਰ ਰਹਿ ਕੇ ਆਪਣੇ ਘਰ ਦੀ ਛੱਤ ਤੇ ਜਾਂ ਕਿਸੇ ਪਾਰਕ ਵਿਚ ਟਹਿਲਣਾ ਪਸੰਦ ਕਰੋਗੇ। ਪਰਿਵਾਰ ਦੇ ਮੈਂਬਰਾਂ ਨਾਲ ਥੋੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਪਰੰਤੂ ਦਿਨ ਦੇ ਆਖਰ ਵਿਚ ਤੁਹਾਡਾ ਜੀਵਨ ਸਾਥੀ ਤੁਹਾਡੀ ਪਰੇਸ਼ਾਨੀਆਂ ਨੂੰ ਸੁਲਝਾਏਗਾ।

**ਤੁਲਾ:** ਸਿਹਤ ਨਾਲ ਜੁੜੀ ਸਮੱਸਿਆ ਪਰੇਸ਼ਾਨੀ ਦੇ ਸਕਦੀ ਹੈ। ਜੇਕਰ ਤੁਸੀ ਸੂਝ ਨਾਲ ਕੰਮ ਲਵੋ ਤਾਂ ਅੱਜ ਜ਼ਿਆਦਾ ਪੈਸਾ ਕਮਾ ਸਕਦੇ ਹੋ। ਜੇਕਰ ਤੁਸੀ ਆਪਣੇ ਸਾਥੀ ਦੇ ਨਜ਼ਰੀਏ ਨੂੰ ਨਜ਼ਰਅੰਦਾਜ਼ ਕਰੋਗੇ ਤਾਂ ਉਹ ਆਪਣਾ ਆਪਾ ਖੋ ਸਕਦਾ ਸਕਦੀ ਹੈ। ਤੁਸੀ ਪ੍ਰੇਮੀ ਦੀ ਗੈਰਮੌਜੂਦਗੀ ਵਿਚ ਆਪਣੇ ਆਪ ਨੂੰ ਖਾਲੀ ਮਹਿਸੂਸ ਕਰੋਗੇ। ਇਹ ਦੂਜੇ ਦੇਸ਼ਾਂ ਨਾਲ ਪ੍ਰੋਫੈਸ਼ਨਲ ਸੰਪਰਕ ਉਸਾਰਨ ਦਾ ਬਹੁਤ ਵਧੀਆ ਸਮਾਂ ਹੈ। ਦਿਨ ਵਧੀਆ ਹੈ ਦੂਸਰਿਆਂ ਦੇ ਨਾਲ ਨਾਲ ਤੁਸੀ ਆਪਣੇ ਲਈ ਵੀ ਸਮਾਂ ਕੱਢ ਪਾਉਗੇ। ਇਕ ਕਰੀਬੀ ਦੋਸਤ ਜਾਂ ਗੁਆਂਢੀ ਦੀ ਵਜਾਹ ਨਾਲ ਅੱਜ ਵਿਆਹੁਤਾ ਜੀਵਨ ਤਕਰਾਰ ਸੰਭਵ ਹੈ।

**ਬ੍ਰਿਸ਼ਚਕ:** ਦੋਸਤਾਂ ਅਤੇ ਪਰਿਵਾਰਿਕ ਮੈਂਬਰਾਂ ਨੂੰ ਤੁਹਾਡੀ ਜ਼ਿੰਦਗੀ ਸ਼ਾਇਦ ਬੇਹਤਰੀਨ ਨਜ਼ਰ ਆਵੇ ਪਰ ਹਾਲ ਹੀ ਵਿਚ ਹੋਈ ਘਟਨਾ ਦੇ ਚਲਦੇ ਤੁਸੀ ਅੰਦਰ ਹੀ ਅੰਦਰ ਉਦਾਸ ਹੋ। ਨੌਕਰੀ ਪੇਸ਼ੇ ਨਾਲ ਜੁੜੇ ਲੋਕਾਂ ਨੂੰ ਅੱਜ ਪੈਸੇ ਦੀ ਕਾਫੀ ਲੋੜ ਹੋਵੇਗੀ ਪਰੰਤੂ ਬਿਤੇ ਦਿਨ ਵਿਚ ਕੀਤੇ ਗਏ ਫਜ਼ੂਲਖਰਚ ਦੇ ਕਾਰਨ ਉਨਾਂ ਕੋਲ ਜ਼ਿਆਦਾ ਪੈਸਾ ਨਹੀਂ ਹੋਵੇਗਾ। ਦੋਸਤਾਂ ਦੀਆਂ ਪਰੇਸ਼ਾਨੀਆਂ ਅਤੇ ਤਣਾਵ ਦੇ ਚਲਦੇ ਤੁਸੀ ਖੁਦ ਚੰਗਾ ਮਹਿਸੂਸ ਨਹੀਂ ਕਰੋਗੇ। ਤੁਹਾਨੂੰ ਆਪਣੀ ਤਰਫ ਤੋਂ ਸਭ ਬੇਹਤਰ ਤਰੀਕੇ ਨਾਲ ਵਿਵਹਾਰ ਕਰਨ ਦੀ ਲੋੜ ਹੈ ਕਿਉਂ ਕਿ ਅੱਜ ਤੁਹਾਡਾ ਪ੍ਰੇਮੀ ਜਲਦ ਹੀ ਨਾਰਾਜ਼ ਹੋ ਸਕਦਾ ਹੈ। ਜੋ ਵੀ ਤੁਸੀ ਅੱਜ ਕਰੋਗੇ ਤੁਸੀ ਹਮੇਸ਼ਾ ਪ੍ਰਭਾਵਸ਼ਾਲੀ ਸਥਿਤੀ ਵਿਚ ਹੋਵੋਗੇ। ਅੱਜ ਖਾਲੀ ਸਮੇਂ ਵਿਚ ਤੁਸੀ ਮੋਬਾਇਲ ਤੇ ਕੋਈ ਵੈਬ ਸੀਰੀਜ਼ ਦੇਖ ਸਕਦੇ ਹੋ। ਜੀਵਨ ਸਾਥੀ ਦੇ ਰਿਸ਼ਤੇਦਾਰਾਂ ਦਾ ਦਖਲ ਵਿਆਹੁਤ ਜ਼ਿੰਦਗੀ ਦਾ ਸੰਤੁਲਨ ਵਿਗਾੜ ਸਕਦਾ ਹੈ।

**ਧਨੁ:** ਆਪਣੇ ਖਰਾਬ ਮੂਡ ਨੂੰ ਵਿਆਹੀ ਵਰੀ ਜ਼ਿੰਦਗੀ ਵਿਚ ਤਣਾਅ ਦਾ ਕਾਰਨ ਨਾ ਬਣਨ ਦਿਉ ਇਸ ਤੋਂ ਬਚਣ ਦੀ ਕੋਸ਼ਿਸ਼ ਕਰੋ ਨਹੀਂ ਤਾਂ ਬਾਅਦ ਵਿਚ ਪਛਤਾਉਣਾ ਪਵੇਗਾ। ਅੱਜ ਦਾ ਦਿਨ ਅਜਿਹੀਆਂ ਚੀਜ਼ਾਂ ਨੂੰ ਖਰੀਦਣ ਲਈ ਵਧੀਆ ਹੈ ਜਿਨਾਂ ਦੀ ਕੀਮਤ ਅੱਗੇ ਜਾ ਕੇ ਵੱਧ ਸਕਦੀ ਹੈ। ਘਰ ਬਦਲਣ ਲਈ ਸ਼ੁਭ ਦਿਨ ਹੈ। ਤੁਹਾਡੀ ਮੌਜੂਦਗੀ ਵਿਚ ਤੁਹਾਡੇ ਪਿਆਰ ਦੇ ਲਈ ਯੋਗ ਬਣਾਉਂਦੀ ਹੈ। ਹਾਰ ਦਿਨਾਂ ਦੀ ਉਮੀਦ ਅੱਜ ਤੁਹਾਡੇ ਸਹਿਕਰਮੀ ਨੂੰ ਸਮਝਾਉਣ ਦੀ ਕੋਸ਼ਿਸ਼ ਕਰੋਗੇ। ਕੁਝ ਵੀ ਅਸੰਭਵ ਨਹੀਂ ਹੈ ਜੇਕਰ ਤੁਹਾਡੇ ਕੋਲ ਹਾਲਾਤ ਨਾਲ ਉੱਭਰਨ ਦੀ ਇੱਛਾ ਸ਼ਕਤੀ ਨਹੀਂ ਹੈ। ਅੱਜ ਤੁਹਾਨੂੰ ਆਪਣੇ ਜੀਵਨਸਾਥੀ ਨਾਲ ਫਿਰ ਦੁਬਾਰਾ ਪਿਆਰ ਹੋ ਜਾਵੇਗਾ।

**ਮਕਰ:** ਸਿਹਤ ਨਾਲ ਜੁੜੀ ਸਮੱਸਿਆ ਪਰੇਸ਼ਾਨੀ ਦੇ ਸਕਦੀ ਹੈ। ਜਿਹੜੇ ਲੋਕਾਂ ਨੇ ਕਿਸੇ ਤੋਂ ਲਿਆ ਹੋਇਆ ਹੈ ਉਨਾਂ ਨੂੰ ਅੱਜ ਕਿਸੇ ਵੀ ਹਾਲਤ ਵਿਚ ਉਧਾਰ ਵਾਪਿਸ ਦੇਣਾ ਪੈ ਸਕਦਾ ਹੈ ਜਿਸ ਨਾਲ ਆਰਥਿਕ ਸਥਿਤੀ ਕਮਜ਼ੋਰ ਹੋ ਜਾਵੇਗੀ। ਕੰਮ ਕਾਰ ਵਿਚ ਲੋੜ ਤੋਂ ਜ਼ਿਆਦਾ ਤਣਾਵ ਦੇ ਚਲਦੇ ਪਰਿਵਾਰ ਦੀਆਂ ਲੋੜਾਂ ਅਤੇ ਇਛਾਵਾਂ ਨੂੰ ਨਾਕਾਰਤਮਕ ਨਾ ਕਰੋ। ਤੁਸੀ ਪੋਪੂਲਰ ਹੋਵੋਂਗੇ ਅਤੇ ਅਸਾਨੀ ਨਾਲ ਵਿਰੋਧੀ ਲਿੰਗ ਦੇ ਮੈਂਬਰਾਂ ਨੂੰ ਆਕਰਸ਼ਿਤ ਕਰੋਂਗੇ। ਯੋਗ ਕਰਮਚਾਰੀਆਂ ਨੂੰ ਤਰੱਕੀ ਅਤੇ ਆਰਥਿਕ ਮੁਨਾਫਾ ਹੋ ਸਕਦਾ ਹੈ। ਤੁਹਾਡਾ ਵਿਅਰਤਿਤਵ ਅਜਿਹਾ ਹੈ ਕਿ ਜਿਆਦਾ ਲੋਕਾਂ ਨਾਲ ਮਿਲ ਕੇ ਤੁਸੀ ਪਰੇਸ਼ਾਨ ਹੋ ਜਾਂਦੇ ਹੋ ਅਤੇ ਫਿਰ ਆਪਣੇ ਲਈ ਸਮਾਂ ਕੱਢਣ ਦੀ ਕੋਸ਼ਿਸ਼ ਕਰਨ ਲੱਗ ਜਾਂਦੇ ਹੋ। ਇਸ ਲਿਹਾਜ਼ ਨਾਲ ਅੱਜ ਦਾ ਦਿਨ ਤੁਹਾਡੇ ਲਈ ਬਹੁਤ ਉਮੀਦ ਵਾਲਾ ਰਹਿਣ ਵਾਲਾ ਹੈ ਅੱਜ ਤੁਹਾਨੂੰ ਆਪਣੇ ਲਈ ਸਹੀ ਸਮਾਂ ਮਿਲੇਗਾ। ਲੰਬੇ ਸਮੇਂ ਦੇ ਬਾਅਦ ਜੀਵਨਸਾਥੀ ਦੇ ਨਾਲ ਕਾਫੀ ਵਧੀਆ ਸਮਾਂ ਬਿਤਾਉਣ ਦਾ ਮੌਕਾ ਮਿਲ ਸਕਦਾ ਹੈ।

**ਕੁੰਭ:** ਸਿਹਤ ਦਾ ਖਿਆਲ ਰੱਖੋ ਨਹੀਂ ਤਾਂ ਲੈਣੇ ਦੇ ਦੇਣੇ ਪੈ ਸਕਦਾ ਹੈ। ਜਿਨਾਂ ਲੋਕਾਂ ਨੇ ਲੋਨ ਲਿਆ ਸੀ ਅੱਜ ਉਨਾਂ ਨੂੰ ਉਸ ਲੋਨ ਦੀ ਰਾਸ਼ੀ ਨੂੰ ਵਾਪਸ ਕਰਨ ਵਿਚ ਮੁਸ਼ਕਿਲ ਆ ਸਕਦੀ ਹੈ। ਘਰੇਲੂ ਕੰਮ ਥਕਾਉਣ ਵਾਲਾ ਹੋਵੇਗਾ ਅਤੇ ਇਸ ਲਈ ਇਹ ਮਾਨਸਿਕ ਤਣਾਵ ਦੀ ਵਜਾਹ ਵੀ ਬਣ ਸਕਦਾ ਹੈ। ਕੋਸ਼ਿਸ਼ ਕਰੋ ਬੋਲਣ ਤੇ ਕਾਬੂ ਰੱਖੋ ਕਿਉਂ ਕਿ ਸਖਤ ਸ਼ਬਦ ਸ਼ਾਤੀ ਨੂੰ ਖਤਮ ਕਰਕੇ ਤੁਹਾਡੇ ਅਤੇ ਪ੍ਰੇਮੀ ਵਿਚਕਾਰ ਦਰਾੜ ਪੈਦਾ ਕਰ ਸਕਦੇ ਹਨ। ਜੇਕਰ ਤੁਸੀ ਸਹੀ ਲੋਕਾਂ ਨੂੰ ਆਪਣੀ ਸਮਰੱਥਾ ਅਤੇ ਪ੍ਰਤਿਭਾ ਦਿਖਾਉਂਗੇ ਤਾਂ ਜਲਦ ਹੀ ਲੋਕਾਂ ਦੀਆਂ ਨਜ਼ਰਾਂ ਵਿਚ ਤੁਸੀ ਨਵੀਂ ਅਤੇ ਬੇਹਤਰ ਤਸਵੀਰ ਹੋਵੇਗੀ। ਇਕ ਅਧਿਆਤਮਕ ਗੁਰੂ ਜਾਂ ਕੋਈ ਵੱਡਾ ਤੁਹਾਨੂੰ ਗਾਈਡ ਕਰ ਸਕਦਾ ਹੈ। ਅੱਜ ਤੁਸੀ ਆਪਣੇ ਜੀਵਨ ਸਾਥੀ ਦੇ ਨਾਲ ਛੋਟੀ ਜਿਹੀ ਗੱਲ ਨੂੰ ਲੈ ਕੇ ਬੋਲੇ ਗਏ ਝੂਠ ਤੋਂ ਆਹਤ ਮਹਿਸੂਸ ਕਰ ਸਕਦੇ ਹੋ।

**ਮੀਨ:** ਜੇਕਰ ਤੁਸੀ ਬਹੁਤ ਜ਼ਿਆਦਾਂ ਤਣਾਅ ਮਹਿਸੂਸ ਕਰ ਰਹੇ ਹੋ ਤਾਂ ਬੱਚਿਆਂ ਦੇ ਨਾਲ ਜ਼ਿਆਦਾ ਸਮਾਂ ਬਿਤਾਉ। ਉਹਨਾਂ ਦੇ ਪਿਆਰ ਭਰੇ ਅਲਿਗਨ ਅਤੇ ਮਾਸੂਮ ਮੁਸਕਰਾਹਟ ਤੁਹਾਡੀ ਸਾਰੀਆਂ ਪਰੇਸ਼ਾਨੀਆਂ ਨੂੰ ਖਤਮ ਕਰ ਦੇਵੇਗੀ। ਦੋਸਤਾਂ ਤੁਹਾਡੇ ਬੇਹਤ ਦਾਰਾ ਤੁਹਾਡੇ ਤੋਂ ਆਰਥਿਕ ਮਦਦ ਮੰਗ ਸਕਦੇ ਹਨ ਪਰ ਮਦਦ ਕਰਕੇ ਤੁਸੀ ਆਰਥਿਕ ਤੰਗੀ ਵਿਚ ਆ ਸਕਦੇ ਹੋ ਤਾਂ ਕਿ ਜਲਦ ਹੀ ਸਥਿਤੀ ਵਿਚ ਸੁਧਾਰ ਹੋਵੇਗਾ। ਪਰਿਵਾਰ ਦੇ ਕਿਸੇ ਮੈਂਬਰ ਦੀ ਖਰਾਬ ਸਿਹਤ ਦੀ ਵਜਾਹ ਤੋਂ ਘੁੰਮਣ ਫਿਰਨ ਦਾ ਪ੍ਰੋਗਰਾਮ ਟਾਲ ਸਕਦੀ ਹੈ। ਪਿਆਰ ਦੇ ਮਾਮਲਿਆਂ ਵਿਚ ਦਬਾਅ ਬਣਾਉਣ ਦੀ ਕੋਸ਼ਿਸ਼ ਨਾ ਕਰੋ। ਜੇਕਰ ਤੁਹਾਡੀ ਸਾਥੀ ਵਾਧਾ ਨਾ ਨਿਭਾਵੇ ਤਾਂ ਬੁਰਾ ਮਹਿਸੂਸ ਨਾ ਕਰੋ ਤੁਹਾਨੂੰ ਬੈਠ ਕੇ ਅਤੇ ਗੱਲਬਾਤ ਦੇ ਜ਼ਰੀਏ ਮਾਮਲਾ ਸੁਲਝਾਉਣ ਦੀ ਲੋੜ ਹੈ। ਜੇਕਰ ਤੁਸੀ ਕਿਸੇ ਪਰਸਥਿਤੀ ਤੋਂ ਘਬਰਾ ਕੇ ਭੱਜੋਗੇ ਤਾਂ ਉਹ ਤੁਹਾਡਾ ਪਿੱਛਾ ਹਰ ਤਰੀਕੇ ਨਾਲ ਕਰੇਗੀ। ਅੱਜ ਤੁਹਾਡੇ ਜੀਵਨ ਸਾਥੀ ਵੱਲੋਂ ਮੁਸ਼ਕਿਲ ਹਾਲਾਤ ਵਿਚੋਂ ਨਿਕਲਣ ਤੇ ਜੀਵਨ ਸਾਥੀ ਵੱਲੋਂ ਜ਼ਿਆਦਾ ਸਹਿਯੋਗ ਨਹੀਂ ਮਿਲੇਗਾ।

# ਗੁਰਦੇਵ ਚੌਹਾਨ ਦੀ ਕਿਤਾਬ 'ਕਲਮੀ ਗੁਲਾਬ' ਨੂੰ ਚਿੱਥ ਕੇ ਪੜ੍ਹਦਿਆਂ...

ਕਿਤਾਬਾਂ ਦੇ ਪੜ੍ਹੇ ਜਾਣ ਬਾਰੇ ਅੰਗਰੇਜ਼ੀ ਦੇ ਉੱਘੇ-ਲੇਖਕ ਫ਼ਰਾਂਸਿਸ ਬੇਕਨ ਦਾ ਮਸ਼ਹੂਰ ਭਾਵਨਾਤਮਿਕ 'ਕਥਨ' (ਕੋਟੇਸ਼ਨ) ਹੈ, "Some books are to be tasted, others to be swallowed, and some few to be chewed and digested."

ਪੰਜਾਬੀ ਵਿੱਚ ਇਸ ਨੂੰ ਇੰਜ ਕਿਹਾ ਜਾ ਸਕਦਾ ਹੈ ਕਿ ਕਈ ਕਿਤਾਬਾਂ ਕੇਵਲ ਸੁਆਦ ਚੱਖਣ ਵਾਂਗ ਹੁੰਦੀਆਂ ਹਨ, ਕਈ ਗਲ਼ੇ ਦੇ ਅੰਦਰ ਸੁੱਟਣ ਵਾਲੀਆਂ ਅਤੇ ਕੁਝ ਕੁ ਚਬਾਉਣ ਤੇ ਪਚਾਉਣ ਵਾਲੀਆਂ ਹੁੰਦੀਆਂ ਹਨ। ਇਸ ਦਾ ਭਾਵ ਹੈ ਕਿ ਕਈ ਕਿਤਾਬਾਂ ਕੇਵਲ ਉਪਰੀ ਨਜ਼ਰੇ 'ਵੇਖਣ-ਚਾਖਣ' ਵਾਲੀਆਂ ਹੁੰਦੀਆਂ ਹਨ, ਕਈ ਪੜ੍ਹਨ ਵਾਲੀਆਂ ਹੁੰਦੀਆਂ ਹਨ ਪਰ ਓਨੀ ਦਿਲਚਸਪੀ ਨਾਲ਼ ਨਹੀਂ, ਅਤੇ ਕਈ ਕਿਤਾਬਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਅੱਖਰ-ਅੱਖਰ ਬੜੇ ਧਿਆਨ ਨਾਲ ਪੜ੍ਹਿਆ ਜਾਂਦਾ ਹੈ, ਜਿਸ ਨੂੰ ਅੰਗਰੇਜ਼ੀ ਵਾਲੇ 'ਬੀਟਵੀਨ ਦ ਲਾਈਨਜ਼' (Between the lines) ਕਹਿੰਦੇ ਹਨ।

ਗੁਰਦੇਵ ਚੌਹਾਨ ਦੀ ਇਹ ਵਾਰਤਕ ਪੁਸਤਕਾਂ ਦੀ ਅਖ਼ੀਰਲੀ ਕਿਸਮ ਦੀ ਸ਼੍ਰੇਣੀ 'ਚ ਆਉਂਦੀ ਹੈ ਜਿਸ ਦੀ ਇੱਕ-ਇੱਕ ਸਤਰ ਧਿਆਨ ਨਾਲ ਪੜ੍ਹਨ ਵਾਲੀ ਹੈ। ਗੁਰਦੇਵ ਚੌਹਾਨ ਵੱਲੋਂ ਇਹ ਪੁਸਤਕ ਮੈਨੂੰ 7-8 ਮਹੀਨੇ ਪਹਿਲਾਂ ਪ੍ਰਾਪਤ ਹੋਈ ਪਰ ਉਦੋਂ ਕੁਝ ਨਿੱਜੀ ਰੁਝੇਵਿਆਂ ਕਾਰਨ ਮੈਂ ਇਸ ਨੂੰ ਕੇਵਲ ਸਰਸਰੀ ਨਜ਼ਰ ਨਾਲ ਹੀ ਵੇਖ ਸਕਿਆ ਸੀ। ਮੈਨੂੰ ਇਹ ਲੱਗਿਆ ਸੀ ਕਿ ਇਹ ਪੁਸਤਕ ਆਮ ਪੁਸਤਕਾਂ ਵਰਗੀ ਨਹੀਂ ਹੈ ਅਤੇ ਇਸ ਨੂੰ ਨਿੱਠ ਕੇ ਪੜ੍ਹਨ ਦੀ ਜ਼ਰੂਰਤ ਹੈ ਤੇ ਇਸ ਦੇ ਬਾਰੇ ਕੁਝ ਲਿਖਣ ਲਈ ਇਹ ਵਧੇਰੇ ਧਿਆਨ ਮੰਗਦੀ ਹੈ। ਇਸ ਦੌਰਾਨ ਚਾਰ-ਪੰਜ ਹੋਰ ਲੇਖਕਾਂ ਦੀਆਂ ਕਿਤਾਬਾਂ ਆ ਗਈਆਂ ਅਤੇ ਮੇਰੇ ਵੱਲੋਂ ਪੜ੍ਹਨ ਲਈ ਪਹਿਲ ਉਨ੍ਹਾਂ ਨੂੰ ਦੇ ਦਿੱਤੀ ਗਈ, ਕਿਉਂਕਿ ਉਹ ਪੜ੍ਹਨੀਆਂ ਮੁਕਾਬਲਤਨ ਆਸਾਨ ਸਨ। ਵਾਰੀ-ਵਾਰੀ ਉਹ ਪੜ੍ਹੀਆਂ ਤੇ ਉਨ੍ਹਾਂ ਬਾਰੇ ਆਪਣੇ ਵਿਚਾਰ 'ਪੁਸਤਕ-ਰੀਵਿਊ' ਦੇ ਰੂਪ 'ਚ ਵੱਖ-ਵੱਖ ਅਖ਼ਬਾਰਾਂ 'ਚ ਛਪਣ ਲਈ ਭੇਜੇ ਜੋ ਪਾਠਕਾਂ ਦੀ ਨਜ਼ਰੀਂ ਪਏ ਅਤੇ ਸਲਾਹੇ ਵੀ ਗਏ। ਪੰਜਾਬੀ ਪੁਸਤਕਾਂ ਬਾਰੇ ਮੇਰਾ ਵਿਚਾਰ ਤੇ ਹੁਣ ਤੱਕ ਦਾ ਨਿੱਜੀ ਤਜਰਬਾ ਹੈ ਕਿ ਕਹਾਣੀ, ਨਾਵਲ, ਸਵੈਜੀਵਨੀ ਜਾਂ ਕਿਸੇ ਸਫ਼ਰਨਾਮੇ ਦੇ 60-70 ਪੰਨੇ ਇੱਕ ਦਿਨ 'ਚ ਬੜੇ ਆਰਾਮ ਨਾਲ ਪੜ੍ਹੇ ਜਾ ਸਕਦੇ ਹਨ। ਕਵਿਤਾਵਾਂ ਦੀ 100 ਕੁ ਪੰਨਿਆਂ ਦੀ ਕਿਤਾਬ ਤਾਂ ਇੱਕ ਬੈਠਕ ਵਿੱਚ ਵੀ ਪੜ੍ਹੀ ਜਾ ਸਕਦੀ ਹੈ, ਪਰ ਵਾਰਤਕ ਨੂੰ ਸਮਝ ਕੇ ਪੜ੍ਹਨ ਲਈ ਵਧੇਰੇ ਸਮਾਂ ਚਾਹੀਦਾ ਹੈ। ਗੁਰਦੇਵ ਚੌਹਾਨ ਦੀ ਇਸ ਵਾਰਤਕ ਪੁਸਤਕ ਦੇ 8-10 ਪੰਨਿਆਂ ਦਾ ਆਰਟੀਕਲ ਮੈਂ ਇੱਕ ਦਿਨ 'ਚ ਮਸਾਂ ਇੱਕ ਹੀ ਪੜ੍ਹ ਸਕਿਆਂ ਹਾਂ। ਇਸ ਤਰ੍ਹਾਂ 319 ਪੰਨਿਆਂ ਦੀ ਇਹ ਕਿਤਾਬ ਪੜ੍ਹਨ ਵਿੱਚ ਮੈਨੂੰ ਡੇਢ ਮਹੀਨੇ ਤੋਂ ਵੀ ਵਧੇਰੇ ਸਮਾਂ ਲੱਗ ਗਿਆ, ਕਿਉਂਕਿ ਇਸ ਕਿਤਾਬ ਦੀਆਂ ਕਈ ਸਤਰਾਂ ਵਾਰ-ਵਾਰ ਪੜ੍ਹਨ ਵਾਲੀਆਂ ਸਨ। ਇੱਥੋਂ ਇਸ ਪੁਸਤਕ ਅਤੇ ਇਸਦੇ ਲੇਖਕ ਦੀ ਗੰਭੀਰਤਾ ਬਾਰੇ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਕਿਤਾਬ ਦੀ ਸਮੱਗਰੀ 'ਚ ਵਿਭਿੰਨਤਾ ਤੇ ਵੰਨ-ਸਵੰਨਤਾ ਹੈ ਅਤੇ ਇਸ ਨੂੰ ਪਾਠਕਾਂ ਅੱਗੇ ਪ੍ਰੋਸਣ ਦਾ ਗੁਰਦੇਵ ਚੌਹਾਨ ਹੁਰਾਂ ਦਾ ਆਪਣਾ ਹੀ ਵਿਲੱਖਣ ਤਰੀਕਾ ਤੇ ਸਲੀਕਾ ਹੈ।

ਪੰਜਾਬੀ ਲੇਖਕਾਂ ਦੀ ਸੂਚੀ ਵਿੱਚ ਗੁਰਦੇਵ ਚੌਹਾਨ ਅਹਿਮ ਹਸਤਾਖ਼ਰ ਹੈ। ਇਸ ਤੋਂ ਪਹਿਲਾਂ ਉਸ ਦੀਆਂ ਕਵਿਤਾਵਾਂ ਦੀਆਂ ਕਵਿਤਾਵਾਂ ਦੀਆਂ ਪੰਜ ਪੁਸਤਕਾਂ 'ਨਿੱਕੀਆਂ ਬੇੜੀਆਂ ਨਿੱਕੇ ਚੱਪੂ', 'ਮੱਕੀ ਦਾ ਗੀਤ', 'ਦਿੱਭ ਦੇ ਸਿੱਟੇ', 'ਸਪਤਕ', ਅਕਸਮਾਤ', ਵਾਰਤਕ ਦੀਆਂ ਦੋ 'ਆਸ ਪਾਸ' ਤੇ 'ਚਸ਼ਮਦੀਦ' ਅਤੇ ਹਾਸ-ਵਿਅੰਗ ਦੀਆਂ ਦੋ ਪੁਸਤਕਾਂ 'ਕੁੱਤਾ, ਕਿਤਾਬ ਤੇ ਗੁਲਾਬ' ਤੇ 'ਦੇਸੀ ਮੁਰਗ਼ ਵਲਾਇਤੀ ਬਾਂਗ' ਪੰਜਾਬੀ ਪਾਠਕਾਂ ਦੀ ਨਜ਼ਰੀਂ ਚੜ੍ਹ ਚੁੱਕੀਆਂ ਹਨ। ਇਨ੍ਹਾਂ ਮੌਲਿਕ ਸਾਹਿਤਕ ਪੁਸਤਕਾਂ ਤੋਂ ਇਲਾਵਾ ਲੇਖਕ ਨੇ ਬੁੱਧ ਧਰਮ ਬਾਰੇ ਗੰਭੀਰ ਅਧਿਐਨ ਕਰਨ ਤੋਂ ਬਾਅਦ ਪੁਸਤਕ 'ਬੁੱਧ ਦ੍ਰਿਸ਼ਟੀ' ਵੀ ਛਪਵਾਈ ਹੈ ਅਤੇ ਕਈ ਅੰਗਰੇਜ਼ੀ ਤੇ ਹਿੰਦੀ ਪੁਸਤਕਾਂ ਦਾ ਅਨੁਵਾਦ ਪੰਜਾਬੀ ਵਿੱਚ ਕੀਤਾ ਹੈ, ਜਿਸ ਦੇ ਵਿਸਥਾਰ 'ਚ ਜਾਣ ਦੀ ਇੱਥੇ ਲੋੜ ਨਹੀਂ ਹੈ। ਇਸ ਦੇ ਨਾਲ ਹੀ ਇਹ ਬਹੁ-ਪੱਖੀ ਤੇ ਬਹੁ-ਭਾਸ਼ਾਈ ਲੇਖਕ ਅੰਗਰੇਜ਼ੀ ਦਾ ਮਿਆਰੀ ਤਿਮਾਹੀ ਮੈਗ਼ਜ਼ੀਨ 'ਸਾਊਥ ਏਸ਼ੀਅਨ ਅਨਸਾਂਬਲ' ਵੀ ਕਈ ਸਾਲ ਸੰਪਾਦਿਤ ਕਰਦਾ ਰਿਹਾ ਹੈ। ਹੱਥਲੀ ਪੁਸਤਕ 'ਕਲਮੀ ਗੁਲਾਬ' ਵਿੱਚ ਜਿੱਥੇ ਪੰਜਾਬੀ ਦੇ ਪ੍ਰਮੁੱਖ ਲੇਖਕਾਂ ਅੰਮ੍ਰਿਤਾ ਪ੍ਰੀਤਮ, ਡਾ. ਹਰਿਭਜਨ ਸਿੰਘ, ਸ਼ਿਵ ਕੁਮਾਰ ਬਟਾਲਵੀ, ਭੂਸ਼ਨ ਧਿਆਨਪੁਰੀ, ਨਵਤੇਜ ਭਾਰਤੀ, ਅਜਮੇਰ ਰੋਡੇ, ਅਮਰਜੀਤ ਚੰਦਨ, ਪਟਿਆਲੇ ਵਾਲੇ 'ਲਾਲੀ ਬਾਬਾ', ਸੁਰਜਨ ਜ਼ੀਰਵੀ, ਹਰਭਜਨ ਹਲਵਾਰਵੀ, ਗੁਰਬਚਨ, ਡਾ. ਸੁਖਪਾਲ, ਗੁਰਬਚਨ, ਜਸਪਾਲ ਸਿੰਘ, ਆਦਿ ਨਾਲ ਬਿਤਾਏ ਹੋਏ ਖ਼ੂਬਸੂਰਤ ਪਲਾਂ ਤੇ ਦਿਨਾਂ ਦੀਆਂ ਯਾਦਾਂ ਨੂੰ ਗੁਰਦੇਵ ਚੌਹਾਨ ਵੱਲੋਂ ਦਿਲਚਸਪ ਸ਼ਬਦ-ਚਿੱਤਰਾਂ ਦੇ ਰੂਪ ਵਿੱਚ ਬਾਖ਼ੂਬੀ ਪੇਸ਼ ਕੀਤਾ ਗਿਆ ਹੈ, ਉੱਥੇ ਬਰੈਂਪਟਨ ਵਿੱਚ ਰਹਿੰਦੇ ਬਲਰਾਜ ਚੀਮਾ ਦੀ ਸ਼ਖ਼ਸੀਅਤ ਨੂੰ 'ਚਾਚੇ ਚੀਮੇ ਦਾ ਚੁਬਾਰਾ' ਅਤੇ ਰਾਮ ਸਰੂਪ ਅਣਖੀ ਨੂੰ ਉਸ ਦੇ ਨਾਵਲ 'ਚ ਵਸਾਏ ਗਏ ਪਿੰਡ 'ਕੋਠੇ ਖੜਕ ਸਿੰਘ' ਨਾਂ ਦੇ ਲੇਖਾਂ ਦੇ ਰੂਪ ਵਿੱਚ ਬਾਖ਼ੂਬੀ ਪੇਸ਼ ਕੀਤਾ ਗਿਆ ਹੈ। ਏਸੇ ਤਰ੍ਹਾਂ ਲੇਖਕ ਵੱਲੋਂ ਆਪਣੇ ਬਾਪ, ਜਿਸ ਨੂੰ ਉਹ 'ਚਾਚਾ' ਕਹਿ ਕੇ ਸੰਬੋਧਨ ਕਰਦਾ ਹੈ ਅਤੇ ਆਪਣੀ ਮਾਂ (ਚਾਚੀ) ਬਾਰੇ ਬਹੁਤ ਵਧੀਆ ਤਰੀਕੇ ਨਾਲ ਜਾਣਕਾਰੀ ਸਾਂਝੀ ਕੀਤੀ ਗਈ ਹੈ।

ਅੰਗਰੇਜ਼ੀ ਦੀ ਮਸ਼ਹੂਰ ਪੱਤਰਕਾਰ ਤੇ ਲੇਖਿਕਾ ਅਰੁਨਧੁਤੀ ਰੌਏ ਨੂੰ ਉਹ ਉਸ ਦੀਆਂ ਗਰਮ ਸਮਾਜਿਕ ਤੇ ਰਾਜਨੀਤਕ ਲਿਖ਼ਤਾਂ ਕਰਕੇ 'ਅੱਗ ਦੀ ਪੁਤਲੀ' ਕਹਿੰਦਾ ਹੈ। ਜਾਪਾਨ ਤੋਂ ਸ਼ੁਰੂ ਹੋਈ ਕਵਿਤਾ ਦੀ ਵੰਨਗੀ 'ਹਾਈਕੂ' ਬਾਰੇ ਗੱਲ ਕਰਦਿਆਂ ਆਪਣੀ ਹਾਈਕੂ-ਪੁਸਤਕ 'ਨਿੱਕੀਆਂ ਬੇੜੀਆਂ ਨਿੱਕੇ ਚੱਪੂ' ਬਾਰੇ ਉਹ ਦੱਸਦਾ ਹੈ ਕਿ ਹਾਈਕੂ ਦੇ ਨਿੱਕੇ ਆਕਾਰ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਹਾਈਕੂ ਲਿਖਣੇ ਸ਼ੁਰੂ ਕੀਤੇ, ਉੱਥੇ ਉਸ ਨੇ ਇਨ੍ਹਾਂ ਦੇ ਰਚਣਹਾਰਿਆਂ 'ਬਾਸ਼ੋ', 'ਸ਼ੀਕੀ', 'ਬੂਸਨ', 'ਈਸ਼ਾ', 'ਸ਼ੋਹਾ', 'ਕਿਓਰੀ', 'ਸੈਬੀ' ਅਤੇ ਔਟਵਾ ਰਹਿੰਦੇ 'ਪੰਜਾਬੀ ਹਾਈਕੂ ਸਪੈਸ਼ਲਿਸਟ' ਅਮਰਜੀਤ ਸਾਥੀ, ਬਾਰੇ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਵੱਲੋਂ ਲਿਖੇ ਗਏ 'ਹਾਈਕੂਆਂ' ਦੀਆਂ ਕੁਝ ਮਿਸਾਲਾਂ ਵੀ ਇਸ ਪੁਸਤਕ ਵਿੱਚ ਦਿੱਤੀਆਂ ਗਈਆਂ ਹਨ। ਗੁਰਦੇਵ ਚੌਹਾਨ ਦੀ ਕਵਿਤਾ ਬਾਰੇ ਉਸ ਦੇ ਨਾਲ ਪੰਜਾਬੀ ਕਵੀਆਂ/ਕਵਿੱਤਰੀਆਂ ਗੁਰਪ੍ਰੀਤ, ਸ਼ਾਇਰ ਮਲਵਿੰਦਰ ਅਤੇ ਸੁਰਜੀਤ ਕੌਰ ਟੋਰਾਂਟੋ ਵੱਲੋਂ ਕੀਤੀਆਂ ਗਈਆਂ ਲੰਮੀਆਂ-ਚੌੜੀਆਂ ਗੱਲਾਂ-ਬਾਤਾਂ ਇੰਟਰਵਿਊਆਂ ਦੇ ਰੂਪ ਵਿੱਚ ਪੁਸਤਕ 'ਚ ਸ਼ਾਮਲ ਕੀਤੀਆਂ ਗਈਆਂ ਹਨ। ਇਸ ਦੇ ਨਾਲ ਹੀ ਪੁਸਤਕ ਵਿੱਚ ਹਾਸ-ਵਿਅੰਗ ਨਾਲ ਭਰਪੂਰ ਦੋ ਆਰਟੀਕਲ 'ਚੋਣਾਂ: ਦੇਸੀ ਅਤੇ ਕੈਨੇਡੀਅਨ' ਤੇ 'ਚੋਣ-ਸਮੱਗਰੀ ਦੀ ਹੱਟੀ' ਵੀ ਦਰਜ ਕੀਤੇ ਗਏ ਹਨ। ਖ਼ੈਰ, ਇਹ ਤਾਂ ਹੋਈ ਪੁਸਤਕ ਦੀ ਵਿਭਿੰਨਤਾ ਤੇ ਵੰਨ-ਸਵੰਨਤਾ ਦੀ ਗੱਲ। ਹੁਣ ਜ਼ਰਾ ਇਸਦੀ ਵੰਨ-ਸਵੰਨੀ ਸਮੱਗਰੀ ਵੱਲ ਵੀ ਥੋੜ੍ਹਾ ਜਿਹਾ ਧਿਆਨ ਮਾਰ ਲਈਏ, ਜਿਸ ਦੇ ਲਈ ਪੁਸਤਕ ਵਿਚਲੇ ਹਵਾਲਿਆਂ ਦਾ ਕੁਝ ਜ਼ਿਕਰ ਜ਼ਰੂਰੀ ਹੈ। ਪੁਸਤਕ ਦਾ ਪਹਿਲਾ ਆਰਟੀਕਲ ਅੰਮ੍ਰਿਤਾ ਪ੍ਰੀਤਮ ਬਾਰੇ ਹੈ ਜਿਸ ਨੂੰ ਉਸ ਦੇ ਘਰ ਮਿਲਣ ਦੀ ਤੀਬਰ ਇੱਛਾ ਉਦੋਂ ਹਰੇਕ ਪੰਜਾਬੀ ਲੇਖਕ ਦੀ ਹੁੰਦੀ ਸੀ।

ਲੇਖਕ ਉਸ ਦੇ ਨਾਲ ਆਪਣੀਆਂ ਦਿਲਚਸਪ ਮੁਲਾਕਾਤਾਂ ਦਾ ਜ਼ਿਕਰ ਕਰਦਿਆਂ ਕਹਿੰਦਾ ਹੈ, "ਉਸ ਨੂੰ ਮਿਲਣ ਲਈ ਕਦੇ ਮੈਂ ਇਕੱਲਾ ਚਲੇ ਜਾਂਦਾ, ਕਦੇ ਕੋਈ ਲੇਖਕ ਦੋਸਤ ਨਾਲ ਹੁੰਦਾ ਤੇ ਕਦੇ ਕਦੇ ਤਾਂ ਲੇਖਕਾਂ ਦਾ ਪੂਰਾ ਲਾਣਾ ਹੀ ਕਿਸੇ ਸਾਹਿਤਕ ਫੰਕਸ਼ਨ ਤੋਂ ਬਾਅਦ ਉੱਥੇ ਚਲਾ ਜਾਂਦਾ। ਬਹੁਤੀ ਵੇਰ ਲੇਖਕ ਆਪਣੀਆਂ ਪ੍ਰੇਮਕਾਵਾਂ ਨੂੰ ਵੀ ਅੰਮ੍ਰਿਤਾ ਨਾਲ ਆਪਣੀ ਨੇੜਤਾ ਦਾ ਰੋਅਬ ਪਾਉਣ ਲਈ ਲੈ ਜਾਂਦੇ। (ਪੰਨਾ-14)

ਗੁਰਦੇਵ ਚੌਹਾਨ ਕਈ ਵਾਰ 'ਨਾਗਮਣੀ' ਵਿਚ ਛਪਣ ਵਾਲੇ ਮੈਟਰ ਲਈ 'ਸਹਿਯੋਗ' ਦੇਣ ਲਈ ਜਾਂਦਾ ਸੀ ਅਤੇ ਉਸਨੇ ਇਸ ਦੇ ਕਈ ਸਪੈਸ਼ਲ ਅੰਕਾਂ 'ਕਾਲੇ ਤਿਲੀਅਰ', 'ਦੇਖ ਕਬੀਰਾ' ਆਦਿ ਵਿੱਚ ਆਪਣਾ ਯੋਗਦਾਨ ਪਾਇਆ, ਜਿਸ ਵਿੱਚ ਭੂਸ਼ਨ ਧਿਆਨਪੁਰੀ, ਰਾਮ ਸਰੂਪ ਅਣਖੀ, ਕਿਰਪਾਲ ਕਜ਼ਾਕ ਤੇ ਕਈ ਹੋਰ ਲੇਖਕਾਂ ਦੀਆਂ ਪਤਨੀਆਂ ਬਾਰੇ ਲਿਖੇ ਹੋਏ ਦਿਲਚਸਪ ਸ਼ਬਦ-ਚਿੱਤਰ ਸ਼ਾਮਲ ਸਨ। ਭੂਸ਼ਨ ਦੇ ਨਾਲ ਅੰਮ੍ਰਿਤਾ ਦੇ ਘਰ ਉਹ ਪਹਿਲੀ ਵਾਰ ਅਜੀਤ ਕੌਰ, ਦਲੀਪ ਕੌਰ ਟਿਵਾਣਾ ਅਤੇ ਕਈ ਹੋਰ ਲੇਖਕਾਂ ਨੂੰ ਮਿਲਿਆ। ਜੋਗਾ ਸਿੰਘ ਤੇ ਹਰਭਜਨ ਹਲਵਾਰਵੀ ਦੇ ਨਾਲ ਅੰਮ੍ਰਿਤਾ ਨੂੰ ਮਿਲਣ ਜਾਣ ਦੀ ਦਿਲਚਸਪ ਗਾਥਾ ਬਿਆਨ ਕਰਦਿਆਂ ਉਹ ਦੱਸਦਾ ਹੈ ਕਿ 1993 ਦੇ ਅੱਤਵਾਦ ਦੇ ਦਿਨਾਂ ਦੇ ਇੱਕ ਮਹੀਨੇ ਉਹ ਤਿੰਨੇ ਭਾਰਤੀ ਸਾਹਿਤ ਅਕਾਦਮੀ ਦੇ ਇੱਕ ਸੈਮੀਨਾਰ ਵਿੱਚ ਭਾਗ ਲੈਣ ਗਏ। ਉੱਥੇ ਉਸਨੇ ਤੇ ਜੋਗਾ ਸਿੰਘ ਨੇ ਆਪਣੇ ਪਰਚੇ ਪੜ੍ਹਨੇ ਸਨ ਤੇ ਹਰਭਜਨ ਹਲਵਾਰਵੀ ਉੱਪਰ ਕਿਸੇ ਹੋਰ ਨੇ ਪਰਚਾ ਪੜ੍ਹਨਾ ਸੀ। ਰਾਤ ਉਨ੍ਹਾਂ ਦਾ ਜੋਗਾ ਸਿੰਘ ਦੇ ਮਾਮੇ ਦੇ ਘਰ ਠਹਿਰਨ ਦਾ ਪ੍ਰੋਗਰਾਮ ਸੀ ਜਿਸ ਨੂੰ ਲੱਭਦਿਆਂ ਬੱਸੋਂ ਉੱਤਰ ਕੇ ਉਹ 10 ਕਿਲੋਮੀਟਰ ਤੋਂ ਵੀ ਵਧੇਰੇ ਪੈਂਡਾ ਪੈਦਲ ਤੁਰੇ। ਜੋਗਾ ਸਿੰਘ ਸੈਮੀਨਾਰ ਲਈ ਆਪਣਾ ਪੇਪਰ ਤਿਆਰ ਨਹੀਂ ਸੀ




ਕਰ ਸਕਿਆ ਅਤੇ ਉਸ ਨੇ ਅਗਲੇ ਦਿਨ ਇਸਦੇ ਸ਼ੁਰੂ ਹੋਣ ਤੋਂ ਪਹਿਲਾਂ ਬੁਲਾਰਿਆਂ ਕੋਲੋਂ ਉਨ੍ਹਾਂ ਦੇ ਲਿਖਤੀ ਪੇਪਰ ਲੈਣ ਆਈ ਲੜਕੀ ਨੂੰ ਬੜੀ ਖ਼ੂਬਸੂਰਤੀ ਨਾਲ ਟਾਲ਼ਿਆ ਤੇ ਲਿਖਤੀ ਪੇਪਰ ਦੀ ਬਜਾਏ ਜ਼ਬਾਨੀ ਬੋਲ ਕੇ ਡੰਗ ਟਪਾਇਆ। ਸੈਮੀਨਾਰ ਤੋਂ ਬਾਅਦ ਅੰਮ੍ਰਿਤਾ ਦੇ ਘਰ ਜਾਣ ਤੋਂ ਜੋਗਾ ਸਿੰਘ ਡਰ ਰਿਹਾ ਸੀ, ਕਿਉਂਕਿ ਅੰਮ੍ਰਿਤਾ ਨੇ ਉਸਦੀ ਜ਼ਾਮਨੀ 'ਤੇ ਪ੍ਰਤਾਪ ਮਹਿਤਾ ਦੀ ਦੁਕਾਨ 'ਤੇ ਆਪਣੀਆਂ ਕਾਫ਼ੀ ਕਿਤਾਬਾਂ ਭੇਜੀਆਂ ਸਨ ਜੋ ਵਿਕ ਚੁੱਕੀਆਂ ਸਨ ਪਰ ਉਨ੍ਹਾਂ ਦੇ ਪੈਸੇ ਅੰਮ੍ਰਿਤਾ ਨੂੰ ਨਹੀਂ ਮਿਲੇ ਸਨ। ਦਰਅਸਲ, ਪ੍ਰਤਾਪ ਮਹਿਤਾ ਉਹ ਪੈਸੇ ਕਿਧਰੇ ਹੋਰ ਵਰਤ ਚੁੱਕਾ ਸੀ ਅਤੇ ਉਹ ਹੋਰ ਦੇਣ ਤੋਂ ਉਸ ਸਮੇਂ ਅਸਮਰੱਥ ਸੀ। ਖ਼ੈਰ, ਜੋਗਾ ਸਿੰਘ ਵੱਲੋਂ ਬਾਰ-ਬਾਰ ਮੁਆਫ਼ੀ ਮੰਗਣ 'ਤੇ ਅਖ਼ੀਰ ਉਹ ਮਸਾਂ ਹੀ ਇਹ ਪੈਸੇ ਉਸਦੇ ਕੋਲੋਂ ਕਿਸ਼ਤਾਂ 'ਚ ਹਰ ਮਹੀਨੇ ਵਾਪਸ ਕਰਨ 'ਤੇ ਸਹਿਮਤ ਹੋਈ ਅਤੇ ਤਾਂ ਜਾ ਕੇ ਹਾਲਾਤ ਸਾਂਵੇਂ-ਪੱਧਰੇ ਹੋ ਸਕੇ। (ਪੰਨਾ- 20)

ਡਾ. ਹਰਿਭਜਨ ਸਿੰਘ ਨਾਲ ਗੁਰਦੇਵ ਚੌਹਾਨ ਦੀ ਸਾਂਝ ਅਤੇ ਵਾਕਫ਼ੀਅਤ ਬਾਹਰੀ ਨਾਲੋਂ ਅੰਦਰੂਨੀ ਲਹਿਜਾ ਵੱਧ ਰੱਖਦੀ ਹੈ। ਉਹ ਉਸ ਦੀਆਂ ਕਵਿਤਾਵਾਂ ਤੋਂ ਬੜਾ ਪ੍ਰਭਾਵਿਤ ਹੋਇਆ ਸੀ ਅਤੇ ਉਸ ਦਾ ਬਹੁਤ ਸਤਿਕਾਰ ਕਰਦਾ ਸੀ। ਉਸ ਦੇ ਕਹਿਣ ਅਨੁਸਾਰ, "ਹਰਿਭਜਨ ਸਿੰਘ ਸਪਾਟ ਦਾ ਕਵੀ ਨਹੀਂ; ਉਹ ਵਿਸਤਾਰ ਦਾ ਕਵੀ ਹੈ, ਡੂੰਘ ਦਾ ਕਵੀ ਹੈ, ਪਸਰੀ ਹੋਈ ਜਟਿਲਤਾ ਦਾ ਕਵੀ ਹੈ। ਆਪਣੀਆਂ ਬਹੁਤੀਆਂ ਕਵਿਤਾਵਾਂ ਵਿੱਚ ਉਹ ਰਹੱਸਵਾਦੀ ਲਹਿਜੇ ਵਿੱਚ ਤੁਰਦਾ ਹੈ।" (ਪੰਨਾ-29)

ਸ਼ਿਵ ਕੁਮਾਰ ਬਟਾਲਵੀ ਨਾਲ ਲੇਖਕ ਦੀ ਪਹਿਲੀ ਮੁਲਾਕਾਤ ਚੰਡੀਗੜ੍ਹ 'ਚ ਹੋਈ ਜਦੋਂ ਉਹ ਉੱਥੇ ਬੈਂਕ ਵਿੱਚ ਨੌਕਰੀ ਕਰਦਾ ਸੀ। ਉਹ ਤੇ ਭੂਸ਼ਨ ਸ਼ਿਵ ਦੇ 21 ਸੈਕਟਰ ਵਾਲੇ ਘਰ ਉਸਦੀ ਨਵੀਂ ਛਪੀ ਕਿਤਾਬ 'ਮੈਂ ਤੇ ਮੈਂ' ਦੇਣ ਗਏ ਸਨ ਤੇ ਫਿਰ ਉਨ੍ਹਾਂ ਦੀ ਬਾਅਦ 'ਚ 'ਪਿਆਲੇ ਦੀ ਸਾਂਝ' ਕਰਕੇ ਕਾਫ਼ੀ ਨੇੜਤਾ ਹੋ ਗਈ। ਉਹ ਸ਼ਿਵ ਦੇ ਅਖ਼ੀਰਲੇ ਦਿਨਾਂ ਦਾ ਜ਼ਿਕਰ ਬੜੇ ਭਾਵਨਾਤਮਿਕ ਸ਼ਬਦਾਂ ਵਿੱਚ ਕਰਦਾ ਹੈ, "ਉਸਨੂੰ ਜਿੰਨਾ ਕੁਝ ਤੇਜ਼ੀ ਨਾਲ ਯਾਦ ਆ ਰਿਹਾ ਸੀ, ਉਤਨੀ ਤੇਜ਼ੀ ਨਾਲ ਇਹ ਭੁੱਲ ਵੀ ਰਿਹਾ ਸੀ। ਹੁਣ ਕੋਈ ਉਸ ਨੂੰ ਇੰਗਲੈਂਡ ਬਾਰੇ ਕੁਝ ਦੱਸਣ ਲਈ ਕਹਿ ਰਿਹਾ ਸੀ ਤਾਂ ਕੋਈ ਉਸ ਨੂੰ ਤਾਜ਼ਾ ਨਜ਼ਮ ਸੁਣਾਉਣ ਲਈ ਆਖ ਰਿਹਾ ਸੀ ਪਰ ਲਸਿਵ ਕੁਝ ਵੀ ਜਵਾਬ ਨਹੀਂ ਦੇ ਰਿਹਾ ਸੀ। ਉਹ ਬਸ ਬਿੱਟ-ਬਿੱਟ ਵੇਖ ਹੀ ਰਿਹਾ ਸੀ, ਕਦੇ ਸਾਡੇ ਵੱਲ ਅਤੇ ਕਦੇ ਕਿਸੇ ਦੇ ਵੱਲ ਵੀ ਨਹੀਂ। ਫਿਰ ਅਚਾਨਕ ਇੱਕ ਮੋਟਾ ਹੰਝੂ ਨਿਕਲ ਕੇ ਉਸ ਦੀ ਗੱਲ੍ਹ ਦੀ ਇੱਕ ਤ੍ਰੇੜ ਵਿੱਚ ਅਟਕ ਗਿਆ।" (ਪੰਨਾ- 38)

ਭੂਸ਼ਨ ਧਿਆਨਪੁਰੀ (ਅਸਲ ਨਾਂ ਬੇਨਤੀ ਸਰੂਪ ਸ਼ਰਮਾ) ਬਾਰੇ ਲੇਖਕ ਦਾ ਕਹਿਣਾ ਹੈ, "ਭੂਸ਼ਨ ਪੀਂਦਾ ਜੱਟਾਂ ਵਾਂਗ ਹੈ ਪਰ ਪਿਲਾਉਣ ਤੋਂ ਠੇਠ ਬਾਣੀਏ ਵਾਂਗ ਭੱਜਦਾ ਹੈ। ਲਤੀਫ਼ੇ ਘੜਦਾ ਹੈ, ਸਮਾਂ ਕੋਈ ਵੀ ਹੋਵੇ। ਉਸ ਦੇ ਲਤੀਫ਼ਿਆਂ ਵਿੱਚ ਮੱਕੀ ਦੇ ਮੁਰਮੁਰਿਆਂ ਦੀ ਕੜਾਕੇਦਾਰ ਤਾਜ਼ਗੀ ਤੇ ਸਵਾਦ ਹੁੰਦਾ ਹੈ।" (ਪੰਨਾ-39)

ਉਸ ਦੀ ਪੈਰੋਡੀ ਦੀ ਗੱਲ ਕਰਦਿਆਂ ਉਹ ਕਹਿੰਦਾ ਹੈ, "ਅਸਲ ਵਿੱਚ ਭੂਸ਼ਨ ਵੇਖਣ ਨੂੰ, ਬੰਦਾ ਘੱਟ ਅਤੇ 'ਪੈਰੋਡੀ' ਵੱਧ ਲੱਗਦਾ ਹੈ। ਉਸ ਨੇ ਪੈਰੋਡੀਆਂ ਕੇਵਲ ਉਨ੍ਹਾਂ ਸਾਹਿਤਕਾਰਾਂ ਜਾਂ ਉਨ੍ਹਾਂ ਦੀਆਂ ਕਵਿਤਾਵਾਂ ਬਾਰੇ ਹੀ ਲਿਖੀਆਂ ਹਨ ਜਿਨ੍ਹਾਂ ਨੂੰ ਬੇਹੱਦ ਪਿਆਰ ਕਰਦਾ ਹੈ।
ਉਦਾਹਰਣ ਵਜੋਂ :
ਸੰਤ ਸਿੰਘ ਸੇਖੋਂ ਆਖੇ ਤੇਜਵੰਤ ਨੂੰ,
ਮੇਰੇ ਵਾਲਾ ਹਾਲ ਹੋਣਾ ਤੇਰਾ ਅੰਤ ਨੂੰ।

ਆਖ ਭੱਠੀ ਵਾਲੀ ਨੂੰ,
ਨੀ ਪੀੜਾਂ ਦਾ ਪਰਾਗਾ ਮੇਰਾ,
ਸਾੜ ਕੇ ਸਵਾਹ ਕਰ ਦੇ। (ਪੰਨਾ-44)

ਨਵਤੇਜ ਭਾਰਤੀ ਤੇ ਅਜਮੇਰ ਰੋਡੇ ਬਾਰੇ ਗੁਰਦੇਵ ਚੌਹਾਨ ਦਾ ਕਹਿਣਾ ਹੈ ਕਿ ਪਿਛਲੇ ਦਸ ਸਾਲ ਤੋਂ ਜਦ ਤੋਂ ਦੋਹਾਂ ਭਰਾਵਾਂ ਸਾਂਝੀ ਕਾਵ-ਪੁਸਤਕ 'ਲੀਲ੍ਹਾ' ਪ੍ਰਕਾਸ਼ਿਤ ਹੋਈ ਹੈ, ਇਸਨੇ ਪੰਜਾਬੀ ਦੀ ਬਹੁਤ ਸਾਰੀ ਕਵਿਤਾ ਨੂੰ ਬੇਲੋੜੀ ਤੇ ਗ਼ੈਰ-ਪ੍ਰਸੰਗਿਕ ਬਣਾ ਦਿੱਤਾ ਹੈ। ਇਸ ਨੂੰ ਪੜ੍ਹ ਕੇ ਜਾਪਦਾ ਹੈ ਕਿ ਜ਼ਿੰਦਗੀ ਦਾ ਅਸਲ ਮਜ਼ਬੂਨ ਤਾਂ ਛੋਟੇ ਅਹਿਸਾਸਾਂ ਅਤੇ ਭਾਵ-ਚਿਤਰਾਂ ਵਿੱਚ ਪਿਆ ਹੈ, ਕੁਦਰਤ ਦੀ ਅਮੁੱਕ ਅਤੇ ਅਤੁੱਟ ਵਿਰਾਟਤਾ ਅਤੇ ਨੇੜਤਾ ਵਿੱਚ, ਝੁਣਝੁਣੀ ਦੀ ਸਰੀਰਕਤਾ ਵਿੱਚ ਅਤੇ ਪਿਆਰ ਦੀ ਅਛੋਹ ਅਤੇ ਅਮੂਕ ਛਹਿਬਰ ਵਿੱਚ। 'ਲੀਲ੍ਹਾ' ਦੀ ਬਹੁਤੀ ਕਵਿਤਾ ਕੁਝ ਕਹਿਣ ਤੇ ਮਨਾਉਣ ਵੱਲ ਨਹੀਂ, ਕੁਝ ਮਹਿਸੂਸ ਕਰਾਉਣ ਵੱਲ ਰੁਚਿਤ ਹੈ। (ਪੰਨਾ-51)

ਅਮਰਜੀਤ ਚੰਦਨ ਬਾਰੇ ਲੇਖਕ ਦਾ ਕਹਿਣਾ ਹੈ, "ਇਸ ਵਿੱਚ ਕੋਈ ਸ਼ੱਕ ਨਹੀਂ ਕਿ ਚੰਦਨ ਵਿੱਚ ਨਵਾਂ ਰਚਣ ਅਤੇ ਨਵੀਂ ਤਰ੍ਹਾਂ ਰਚਣ ਦੀ ਸਮਰੱਥਾ ਹੈ। ਪੰਜਾਬੀ ਵਿੱਚ ਅਜਿਹੀ ਮਿਸਾਲ ਮਿਲਣੀ ਔਖੀ ਹੈ ਪਰ ਕਈ ਵੇਰ ਇਸ ਪ੍ਰਵਿਰਤੀ ਕਰਕੇ ਉਹ ਅਜਿਹਾ ਵੀ ਲਿਖ ਜਾਂਦਾ ਹੈ ਜਿਹੜਾ ਉਠਾਲਣਯੋਗ ਨਹੀਂ ਹੁੰਦਾ ਜਾਂ ਨਹੀਂ ਰਹਿੰਦਾ। (ਪੰਨਾ-59)


ਡਾ.ਸੁਖਦੇਵ ਸਿੰਘ ਝੰਡ
647-567-9128

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਂਥਰੋਪੌਲੋਜੀਕਲ ਲਿੰਗੁਇਸਟਿਕਸ ਵਿਭਾਗ ਦੇ ਪ੍ਰੋਫ਼ੈਸਰ ਤੇ ਮੁਖੀ 'ਲਾਲੀ ਬਾਬੇ' ਨੂੰ ਗੁਰਦੇਵ ਚੌਹਾਨ ਪਟਿਆਲਾ ਦੇ 'ਭੂਤਵਾੜੇ' ਦੇ ਅਹਿਮ ਮੈਂਬਰ ਵਜੋਂ ਯਾਦ ਕਰਦਾ ਹੈ। ਉਹ ਕਹਿੰਦਾ ਹੈ, "ਭੂਤਵਾੜੇ ਨੂੰ ਲਾਲੀ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਇਸ ਦੀਆਂ ਸਾਰੀਆਂ ਹਸਤੀਆਂ ਆਪੋ ਆਪਣੀਆਂ ਰਚਨਾਤਮਿਕ ਭਟਕਣਾਂ ਕਾਰਨ ਇੱਕ ਦੂਜੇ ਦੀਆਂ ਪੂਰਕ ਸਨ। ਗੁਰਭਗਤ, ਨਵਤੇਜ ਭਾਰਤੀ, ਹਰਿੰਦਰ ਮਹਿਬੂਬ, ਲਾਲੀ ਬਾਬਾ, ਪ੍ਰੇਮ ਪਾਲੀ, ਅਮਰਜੀਤ ਸਾਥੀ, ਨੂਰ, ਸੁਰਜੀਤ ਲੀਅ, ਕੁਲਵਫ਼ਲਟ;ਤ ਗਰੇਵਾਲ, ਨਕਸਲੀਆ ਹਰਭਜਨ ਸੋਹੀ, ਜੋਗਿੰਦਰ ਹੀਰ ਇਸ ਦੇ ਮੁੱਖ ਮੈਂਬਰ ਸਨ। ਕਦੇ ਕਦੇ ਜੋਗਾ ਸਿੰਘ, ਅਮਰਜੀਤ ਪਰਾਗ, ਗੁਰਬਖ਼ਸ਼ ਸਿੰਘ ਸੋਚ ਵੀ ਉੱਥੇ ਜਾ ਡੇਰਾ ਲਾਉਂਦੇ। ਇਨ੍ਹਾਂ 'ਭੂਤਾਂ' ਦਾ ਅਜੇ ਆਪਣਾ ਕੋਈ 'ਪ੍ਰਛਾਵਾਂ' ਨਹੀਂ ਸੀ ਉੱਭਰਿਆ। ਸਾਰਿਆਂ ਭੂਤਾਂ ਦੇ ਪੈਰ ਪੁੱਠੇ ਸਨ। (ਪੰਨਾ-80)

ਸੁਰਜਨ ਸਿੰਘ ਜ਼ੀਰਵੀ ਜੋ 'ਨਵਾਂ ਜ਼ਮਾਨਾ' ਅਖ਼ਬਾਰ ਦੇ ਲੰਮਾਂ ਸਮਾਂ ਸੰਪਾਦਕ ਰਹੇ, ਨੂੰ ਲੇਖਕ 'ਇੱਕੀਵੀ ਸਦੀ ਦਾ ਸ਼ਾਹਸਵਾਰ' ਮੰਨਦਾ ਹੈ। ਉਹ ਕਹਿੰਦਾ ਹੈ, "ਜ਼ੀਰਵੀ ਦੇ ਨਜ਼ਰ ਵਾਲੇ ਚਸ਼ਮੇਂ ਦੇ ਸ਼ੀਸ਼ਿਆਂ ਵਿੱਚੋਂ ਉਸਦੀ ਪੈਨੀ ਦ੍ਰਿਸ਼ਟੀ ਸੱਭ ਉਨ੍ਹਾਂ ਚੀਜ਼ਾਂ 'ਤੇ ਪੈਂਦੀ ਸੀ ਜਿਹੜੀਆਂ ਮੀਡੀਆ ਦੇ ਰਹਿਮੋ-ਕਰਮ 'ਤੇ ਸਨ। ... ਉਸਦੀ 'ਇਹ ਹੈ ਬਾਰਬੀ ਸੰਸਾਰ' ਵਿੱਚ ਕੁਝ ਅਜਿਹੇ ਮਸਲੇ ਹਨ ਜਿਹੜੇ ਕੈਨੇਡਾ ਤੇ ਅਮਰੀਕੀ ਰਾਜਨੀਤੀ ਅਤੇ ਅਰਥਚਾਰੇ ਨਾਲ ਸਬੰਧਿਤ ਹੀ ਨਹੀਂ, ਸਗੋਂ ਇਨ੍ਹਾਂ ਉੱਤੇ ਕਰਾਰੀ ਚੋਟ ਵੀ ਕਰਦੇ ਹਨ।" (ਪੰਨਾ-83,84)

ਇਸ ਤਰ੍ਹਾਂ ਇਸ ਆਰਟੀਕਲ ਵਿੱਚ ਇਸ ਕਿਤਾਬ ਵਿੱਚੋਂ ਗੁਰਦੇਵ ਚੌਹਾਨ ਦੇ ਸਮਕਾਲੀ ਲੇਖਕਾਂ, ਜਿਨ੍ਹਾਂ ਦੀ ਤੁਲਣਾ ਉਸ ਨੇ ਖ਼ੂਬਸੂਰਤ 'ਕਲਮੀ ਗੁਲਾਬਾਂ' ਨਾਲ ਕੀਤੀ ਹੈ ਅਤੇ ਜਿਨ੍ਹਾਂ ਦੇ ਨਾਲ ਉਸਦੀ ਬੜੀ ਨੇੜਤਾ ਰਹੀ ਹੈ, ਬਾਰੇ ਬਹੁਤ ਦਿਲਚਸਪ ਟੂਕਾਂ ਤੇ ਟਿੱਪਣੀਆਂ ਦਿੱਤੀਆਂ ਸਕਦੀਆਂ ਹਨ। ਪਰ ਇੱਥੇ ਇਹ ਏਨੀਆਂ ਹੀ ਕਾਫ਼ੀ ਹਨ, ਬਾਕੀ ਪਾਠਕ ਆਪ ਇਹ ਪੁਸਤਕ ਪੜ੍ਹ ਕੇ ਵੇਖ ਸਕਦੇ ਹਨ। ਕਿਤਾਬ ਸਾਰੀ ਦੀ ਸਾਰੀ ਨਿੱਠ ਕੇ ਪੜ੍ਹਨ ਵਾਲੀ ਹੈ। ਪਾਠਕ ਨੂੰ ਇਸ ਵਿੱਚੋਂ 'ਬਹੁ-ਮੁੱਲੇ ਪ੍ਰਵਚਨ' ਪ੍ਰਾਪਤ ਹੋ ਸਕਦੇ ਹਨ। ਮਸਲਿਨ, ਸਫ਼ਰਨਾਮੇ ਬਾਰੇ ਗੁਰਦੇਵ ਚੌਹਾਨ ਦਾ ਕਹਿਣਾ ਹੈ, "ਸਫ਼ਰਨਾਮਾ ਉਹ ਹੁੰਦਾ ਹੈ ਜਦ ਕੋਈ ਕਿਧਰੇ ਇਸ ਆਸ ਨਾਲ ਜਾਵੇ ਕਿ ਉਸ ਨੇ ਮੁੜ ਆਣਾ ਹੈ। ਸਫ਼ਰਨਾਮਾ ਮੁੜ ਆਣ ਦੀ ਆਸ ਵਿੱਚੋਂ ਸ਼ੁਰੂ ਹੁੰਦਾ ਹੈ। ਇਸ ਵਿੱਚ ਉਹ ਖ਼ੁਸ਼ੀ ਸ਼ਾਮਲ ਹੁੰਦੀ ਹੈ, ਜਿਹੜੀ ਕੋਈ ਹੋਰਨਾਂ ਨੂੰ ਦੱਸਦਾ ਹੋਇਆ ਮਹਿਸੂਸ ਕਰਦਾ ਹੈ ਕਿ ਉਸ ਕਿਵੇਂ ਤੇ ਕਿਹੜੀਆਂ ਦੂਰ-ਦੁਰਾਢੀਆਂ ਥਾਵਾਂ ਗਾਹ ਮਾਰੀਆਂ ਹਨ। (ਪੰਨਾ- 186)

ਏਸੇ ਤਰ੍ਹਾਂ ਕਾਵਿ-ਸਿਰਜਣਾ ਬਾਰੇ ਉਸ ਦਾ ਵਿਚਾਰ ਹੈ ਕਿ ਇਹ ਦਰਖ਼ਤਾਂ ਦੇ ਸੱਕ ਲਾਹੁਣ ਵਾਂਗ ਹੈ। ਬਾਗ਼ ਵਿੱਚ ਦੇਰ ਸਵੇਰ ਅਕਾਰਣ ਸੈਰ ਕਰਨ ਵਾਂਗ। ਬਾਗ਼ ਦੀ ਥਾਂ ਥੇਹ ਵੀ ਲੈ ਸਕਦੀ ਹੈ ਅਤੇ ਦਰਖ਼ਤਾਂ ਦੀ ਥਾਂ ਦਰਦ ਵੀ। ਕਵਿਤਾ ਦੀ ਸਾਰਥਕਤਾ ਵਿੱਚ ਫ਼ਰਕ ਕੇਵਲ ਉਦੋਂ ਪੈਂਦਾ ਹੈ ਜਦ ਗੱਲ ਨਿਰੀ ਦਿਮਾਗ਼ੀ ਬਣ ਕੇ ਰਹਿ ਜਾਵੇ। ਬਾਗ਼, ਥੇਹ ਜਾਂ ਦਰਖ਼ਤ ਇਸ ਵਿੱਚ ਹੋਣ ਜਾਂ ਨਾ, ਪਰ ਕਵਿਤਾ ਵਿੱਚ ਦਿਲ ਦੇ ਟੋਟੇ ਦਾ ਹੋਣਾ ਅਤਿਅੰਤ ਜ਼ਰੂਰੀ ਹੈ। (ਪੰਨਾ-199)

ਨੌਕਰੀ ਤੋਂ ਸੇਵਾ-ਮੁਕਤ ਹੋਣ ਤੋਂ ਬਾਅਦ ਗੁਰਦੇਵ ਚੌਹਾਨ ਨੇ ਕੈਨੇਡਾ ਦੀ ਮੋਟਲ ਇੰਡਸਟਰੀ ਨੂੰ ਨੇੜਿਉਂ ਵੇਖਿਆ ਤੇ ਹੱਡੀਂ ਹੰਢਾਇਆ ਹੈ। ਅੱਠ ਸਾਲ ਦੇ ਇਸ ਲੰਮੇਂ ਸਮੇਂ ਦੌਰਾਨ ਉਸ ਨੇ ਇੱਥੋਂ ਦੇ ਛੋਟੇ ਜਿਹੇ ਸ਼ਹਿਰ 'ਟਰਿੰਟਨ' ਵਿਖੇ ਸਥਿਤ ਆਪਣੇ ਧੀ-ਜੁਆਈ ਦੇ 'ਡੋਰਵਾਲ ਪਾਰਕ ਮੋਟਲ' ਦਾ ਦੋ-ਤਿੰਨ ਵਾਰ ਚਾਰਜ ਸੰਭਾਲਿਆ। ਇਸ ਦੌਰਾਨ ਉਸਦਾ ਕਈ ਤਰ੍ਹਾਂ ਦੇ 'ਗਾਹਕਾਂ' (ਗੈੱਸਟਾਂ) ਨਾਲ ਵਾਹ ਪਿਆ ਜਿਨ੍ਹਾਂ ਵਿੱਚ ਕਈ ਚਲਾਕ ਕਿਸਮ ਦੇ ਕਿਰਾਇਆ ਮਾਰਨ ਵਾਲੇ ਅਤੇ ਗ਼ਲਤ ਕੰਮ ਕਰਨ ਵਾਲੇ ਵੀ ਸ਼ਾਮਲ ਸਨ ਅਤੇ ਉਨ੍ਹਾਂ ਨੂੰ ਬੜੀ ਮੁਸ਼ਕਲ ਨਾਲ ਪੋਲੀਸ ਦੀ ਮਦਦ ਨਾਲ ਮੋਟਲ ਵਿੱਚੋਂ ਬਾਹਰ ਕੱਢਿਆ ਗਿਆ। ਇੱਥੇ ਉਹ ਇੱਕ ਅਜਿਹੀ ਮਾਸੂਮ ਲੜਕੀ ਦਾ ਵੀ ਜ਼ਿਕਰ ਕਰਦਾ ਹੈ ਜਿਸ ਨੂੰ ਵੇਸਵਾ ਬਣਨ ਲਈ ਮਜਬੂਰ ਕਰ ਦਿੱਤਾ ਗਿਆ ਸੀ। (ਪੰਨਾ-283)

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਇਸ ਪੁਸਤਕ ਵਿੱਚ ਗੁਰਦੇਵ ਚੌਹਾਨ ਨੇ ਜਿੱਥੇ ਆਪਣੇ ਸਮਕਾਲੀ ਲੇਖਕਾਂ ਨਾਲ ਗੁਜ਼ਾਰੇ ਹੋਏ ਦਿਨ੍ਹਾਂ ਨੂੰ ਬਾਖ਼ੂਬੀ ਯਾਦ ਕੀਤਾ ਹੈ, ਉੱਥੇ ਇਸ ਵਿੱਚ ਕਵਿਤਾ, ਕਾਵਿ-ਸਿਰਜਣਾ, ਸਫ਼ਰਨਾਮੇ, ਮੋਟਲਨਾਮੇ, ਕੈਨੇਡਾ ਦੇ ਬਰਫ਼ਨਾਮੇ, ਕਰੋਨਾ, ਨੀਂਦ, ਪੇੜਾਂ, ਪੱਤਿਆਂ, ਬ੍ਰਹਿਮੰਡੀ ਚੇਤਨਾ, ਮੱਛੀ ਦੇ ਪਕੌੜਿਆਂ ਦੀ ਸੁਗੰਧ, ਸ਼ਰਾਬ ਤੇ ਹਾਈਡਰੋਜਨ ਦੇ ਅਦਭੁੱਤ ਗੁਣਾਂ, ਆਦਿ ਬਾਰੇ ਬਹੁ-ਮੁੱਲੀਆਂ ਗੱਲਾਂ ਦਰਜ ਕੀਤੀਆਂ ਗਈਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਦੀ ਜਾਣਕਾਰੀ ਵਿੱਚ ਢੇਰ ਸਾਰਾ ਵਾਧਾ ਹੁੰਦਾ ਹੈ। ਮੈਂ ਇਹ ਪੁਸਤਕ ਲਿਆਉਣ ਲਈ ਗੁਰਦੇਵ ਚੌਹਾਨ ਨੂੰ ਹਾਰਦਿਕ ਵਧਾਈ ਦਿੰਦਾਂ ਹਾਂ ਅਤੇ ਪਾਠਕਾਂ ਨੂੰ ਇਹ ਬਹੁ-ਮੁੱਲੀ ਜਾਣਕਾਰੀ ਭਰਪੂਰ ਪੁਸਤਕ ਪੜ੍ਹਨ ਦੀ ਪੁਰਜ਼ੋਰ ਸਿਫ਼ਾਰਿਸ਼ ਕਰਦਾ ਹਾਂ।

# ਲੋਹੜੀ

ਖ਼ੁਸ਼ੀਆਂ ਦਾ ਤਿਓਹਾਰ ਏ ਲੋਹੜੀ,
ਪੰਜਾਬ ਦਾ ਸੱਭਿਆਚਾਰ ਏ ਲੋਹੜੀ।

ਹੱਕ, ਸੱਚ ਅਤੇ ਇਨਸਾਫ਼ ਦੇ ਲਈ,
ਦੁੱਲੇ ਭੱਟੀ ਦਾ ਕਿਰਦਾਰ ਏ ਲੋਹੜੀ।

'ਸੁੰਦਰ-ਮੁੰਦਰੀ' ਨੂੰ ਸੀ ਵਿਆਹਿਆ,
ਗ਼ਰੀਬਾਂ ਦੀ ਮਦਦਗਾਰ ਏ ਲੋਹੜੀ।



ਨਵ-ਜੰਮੇਂ ਬੱਚਿਆਂ ਨੂੰ 'ਜੀ ਆਇਆਂ',
ਉਨ੍ਹਾਂ ਦੇ ਲਈ 'ਦੁਲਾਰ' ਏ ਲੋਹੜੀ।
ਪਹਿਲਾਂ ਪੁੱਤਾਂ ਦੀ ਹੀ ਸੀ ਮਨਾਉਂਦੇ,
ਧੀਆਂ ਦਾ ਹੁਣ ਸਤਿਕਾਰ ਏ ਲੋਹੜੀ।

ਨਵੇਂ ਵਿਆਹੇ ਗਏ 'ਜੋੜੇ' ਇਸ ਸਾਲ,
ਉਨ੍ਹਾਂ ਲਈ 'ਕਰਜ਼ਦਾਰ' ਹੈ ਲੋਹੜੀ।

ਬੱਚੇ ਮੰਗਦੇ ਲੋਹੜੀ ਘਰ-ਘਰ ਜਾ,
ਗਲ਼ੀਂ/ਬਜ਼ਾਰੀਂ ਵਿਚਕਾਰ ਏ ਲੋਹੜੀ।

ਰੇੜੀਆਂ/ਮੂੰਗਫਲੀਆਂ/'ਮੱਕੀ ਫੁੱਲੇ',
ਗੁੜ ਦੀ ਰੋੜੀ 'ਸਰਦਾਰ' ਏ ਲੋਹੜੀ।

ਰਲ਼-ਮਿਲ 'ਝੰਡ' ਮਨਾਈਏ ਸਾਰੇ,
ਸ਼ਗਨਾਂ ਦਾ ਤਿਓਹਾਰ ਏ ਲੋਹੜੀ।
ਖ਼ੁਸ਼ੀਆਂ ਦਾ ਤਿਓਹਾਰ ਏ ਲੋਹੜੀ,
ਪੰਜਾਬ ਦਾ ਸੱਭਿਆਚਾਰ ਏ ਲੋਹੜੀ।

ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1 647-567-9128

AUTOBAHN
FREIGHT LINES LTD



We Require:
• Min. 2 yrs. experience • Must have FAST CARD
• Clean driver abstract & CVOR
• Clean police report • Clean drug and alcohol test
We Offer:
• Dedicated lanes from WINDSOR to OH, ILL, MO, GA, TN, KY, OK
• Teams required for TX • Steady work
• Decent home time • Excellent mileage rate
• Excellent equipment • Friendly atmosphere
• Newer model Freightliner Hi-Con. Trucks
For more information call Paul
416-741-0204
Or email at: pauls@autobahnfreight.com
www.autobahnfreight.com

Now Hiring
Professional AZ Drivers
& Owner Operators
from
TO & WINDSOR, ON TO USA



SherGill Law Firm
Barrister, Solicitor & Notary Public
A Firm That Acts Big!
Services:
• Real Estate
• Residential, Commercial, Franchise
• Criminal Law
• Family Law
• Affidavit, Power of Attorney & Notarization
• Immigration Matters
Paramjit Singh Gill (MBA, LL.B.)
Tel: 905-790-3636



Emergency Contact:
416-910-5676
www.shergilllawfirm.ca
2565 Steeles Ave E. Unit #20, Brampton, ON L6T 4L6

# ਸੂਰਬੀਰ ਜਰਨੈਲ ਅਕਾਲੀ ਫੂਲਾ ਸਿੰਘ

ਜ਼ੇ ਜ਼ੋਰ ਦੇ ਸ਼ੋਰ ਦਾ ਜ਼ਿਕਰ ਸੁਣ ਲਓ, ਹੈਸੀ ਨਾਲ ਸਰਕਾਰ ਦੇ ਸੰਗ ਯਾਰੋ ।
ਇਕ ਨਾਮੀ ਗਰਾਮੀ ਸਰਦਾਰ ਭਾਰਾ ,ਹੁਸ਼ਿਆਰ ਮਾਨਿੰਦ ਪਲੰਗ ਯਾਰੋ ।
ਮਸਤ ਜੰਗ ਦੇ ਵਿਚ ਅਨੰਦ ਰਹਿੰਦਾ, ਪੀਂਦਾ ਰੰਗ ਹਰਿਆਵਲੀ ਭੰਗ ਯਾਰੋ ।
ਕਾਦਰਯਾਰ ਮਸ਼ਹੂਰ ਜਹਾਨ ਅੰਦਰ, ਫ਼ੂਲਾ ਸਿੰਘ ਅਕਾਲੀ ਨਿਹੰਗ ਯਾਰੋ ।13।
.......(ਕਾਦਰਯਾਰ)



ਅਕਾਲੀ ਫੂਲਾ ਸਿੰਘ ਜੀ ਨਿਹੰਗ ਜਿਨ੍ਹਾਂ ਨੂੰ ਅਕਸਰ ਸੰਤ ਸਿਪਾਹੀ ਦੇ ਉੱਚ ਆਦਰਸ਼ ਦਾ ਜਿਊਂਦਾ ਰੂਪ ਕਿਹਾ ਜਾਂਦਾ ਹੈ , ਸਿੱਖ ਰਾਜ ਦੇ ਉਭਾਰ ਅਤੇ ਅਕਾਲ-ਤਖਤ ਦੀ ਰੂਹਾਨੀ-ਰਾਜਸੀ ਤਾਕਤ ਨੂੰ ਮਜਬੂਰ ਕਰਨ ਵਾਲੇ ਜਰਨੈਲ ਸਨ। ਉਹਨਾਂ ਦਾ ਜੀਵਨ ਸਿੱਖੀ ਦੇ ਅਨੂਠੇ ਜੰਗੀ ਇਤਿਹਾਸ, ਨਿਹੰਗ ਰੀਤ, ਤਿਆਗੀ ਸੁਭਾਉ ਅਤੇ ਗੁਰੂ ਗ੍ਰੰਥ ਪੰਥ ਦੀ ਸਰਦਾਰੀ ਨੂੰ ਸਮਰਪਿਤ ਰਿਹਾ ।

ਡਾ ਰਤਨ ਸਿੰਘ ਜੱਗੀ ਦੇ ਸਿੱਖ ਵਿਸ਼ਵ ਕੋਸ਼ ਅਨੁਸਾਰ ਅਕਾਲੀ ਫੂਲਾ ਸਿੰਘ ਦਾ ਜਨਮ ਪੰਜਾਬ ਦੇ ਬਾਂਗਰ ਦੇ ਇਲਾਕੇ ਵਜੋਂ ਜਾਣੇ ਜਾਂਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਦੇਹਲਾ ਸਿਹਾਂ ਵਿੱਚ 14 ਜਨਵਰੀ 1760 ਈਸਵੀ ਨੂੰ ਸਰਦਾਰ ਈਸ਼ਰ ਸਿੰਘ ਜੀ ਦੇ ਘਰ ਬੀਬੀ ਹਰਿ ਕੌਰ ਦੀ ਕੁੱਖੋਂ ਹੋਇਆ। ਪਿਤਾ ਈਸ਼ਰ ਸਿੰਘ ਜੀ ਦੇ ਵੱਡੇ ਘੱਲੂਘਾਰੇ ਵਿੱਚ ਜਖਮੀ ਹੋ ਗਏ ਅਤੇ ਥੋੜ੍ਹੀ ਦੇਰ ਬਾਅਦ ਹੀ ਉਨਾਂ ਦੀ ਮੌਤ ਹੋ ਗਈ। ਡਾ ਬਲਕਾਰ ਸਿੰਘ ਜੀ ਅਨੁਸਾਰ ,"ਅਕਾਲੀ ਫੂਲਾ ਸਿੰਘ ਵੀ ਉਸ ਡੇਰੇ ਨਾਲ ਜੁੜੇ ਹੋਏ ਸਨ ਜਿਸ ਨਾਲ ਉਨ੍ਹਾਂ ਦੇ ਪਿਤਾ ਜੀ ਜੁੜੇ ਹੋਏ ਸਨ। ਪਿਤਾ ਦੀ ਵੱਡੇ ਘੱਲੂਘਾਰੇ ਵਿਚ ਮੌਤ ਤੋਂ ਬਾਅਦ ਛੋਟੀ ਉਮਰੇ ਉਹ ਉਸ ਡੇਰੇ ਵਿਚ ਬਾਬਾ ਨੈਣਾ ਸਿੰਘ ਕੋਲ ਚਲੇ ਗਏ। ਉਨ੍ਹਾਂ ਨੇ ਧਰਮ ਦੀ ਅਤੇ ਜੰਗ ਦੀ ਸਿੱਖਿਆ ਇਸ ਡੇਰੇ ਤੋਂ ਲਈ। ਅਸਲ ਵਿੱਚ ਇਹ ਡੇਰੇ ਸਿਖਿਆ ਦਿੰਦੇ ਸਨ ਕਿ ਇੱਕ ਸਿੱਖ ਨੇ ਸਮਾਜ ਵਿਚ ਕਿਸ ਤਰਾਂ ਵਿਚਰਨਾ ਹੈ। ਇੱਕ ਸਮੇਂ ਬਾਅਦ ਉਹ ਇਸ ਡੇਰੇ ਦੇ ਮੁਖੀ ਬਣੇ।"

ਅਜੇ 14 ਸਾਲ ਦੇ ਸਨ, ਜਦੋਂ ਮਾਤਾ ਜੀ ਵੀ ਸਾਥ ਛੱਡ ਗਏ। ਬਚਪਨ ਤੋਂ ਹੀ ਨਿਹੰਗ ਦਲ ਨਾਲ ਜੁੜਨ ਅਤੇ ਬੁੱਢਾ ਦਲ ਦੀ ਸੰਗਤ ਵਿਚ ਖਾਲਸਾ ਸੰਤ ਸਿਪਾਹੀ ਮਰਯਾਦਾ ਵਿਚ ਪਰਪੱਕ ਹੋ ਗਏ। ਰੋਜ਼ਾਨਾ ਦੇ ਨੇਮ ਵਿਚ ਅੰਮ੍ਰਿਤ ਵੇਲਾ, ਆਸਾ ਦੀ ਵਾਰ, ਜਪ ਤਪ, ਸੰਗੀਤਮਈ ਕੀਰਤਨ, ਗੁਰਬਾਣੀ ਅਭਿਆਸ ਦੇ ਨਾਲ ਘੋੜ ਸਵਾਰੀ, ਅਖਾੜਾ, ਸ਼ਸ਼ਤਰ ਵਿੱਦਿਆ ਅਤੇ ਜੰਗੀ ਰਣਨੀਤੀ ਦੀ ਵਿਧੀਬੱਧ ਸਿਖਲਾਈ ਮਿਲਦੀ ਸੀ। ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜਰੀ ਵਿਚ ਹੋਣ ਵਾਲੇ ਗੁਰਮਤੇ ਨੂੰ ਗੁਰੂ ਦੀ ਸੰਗਤ-ਪ੍ਰਮਾਣਿਤ ਆਗਿਆ ਮੰਨਦੇ ਸਨ ਅਤੇ ਉਸਦੇ ਨਿਭਾਉ ਨੂੰ ਆਪਣੇ ਜੀਵਨ ਦਾ ਸਭ ਤੋਂ ਵੱਡਾ ਫਰਜ ਸਮਝਦੇ ਸਨ। ਉਨਾਂ ਦੀ ਨਿਹੰਗ ਰੀਤ ਵਿੱਚ ਚੜ੍ਹਦੀ ਕਲਾ, ਨਿਰਭਉ ਨਿਰਵੈਰ ਮਨੋਂਭਾਵ, ਲੰਗਰ,ਸੇਵਾ,ਅਤੇ ਮਰਨ ਲਈ ਹਮੇਸ਼ਾ ਤਿਆਰ ਰਹਿਣ ਦਾ ਮਿਸ਼ਰਤ ਰੂਪ ਮਿਲਦਾ ਹੈ ਜਿਹੜਾ ਸੰਤ ਸਿਪਾਹੀ ਦੇ ਸੰਕਲਪ ਨੂੰ ਜੀਵਤ ਕਰਦਾ ਹੈ। ਹੌਲੀ ਹੌਲੀ ਉਹ ਨਿਹੰਗ ਰੰਗ ਦੇ ਨੀਲ ਬਸਤਰ ਬਾਣਿਆਂ ਅਤੇ ਖਾਲਸਾ ਪੰਥ ਦੀ ਮਿਥੀ ਪ੍ਰਥਾ ਦੇ ਪ੍ਰਤੀਕ ਵਜੋਂ ਮਸ਼ਹੂਰ ਹੋਏ ਅਤੇ ਅੰਤ ਵਿਚ ਬੁੱਢਾ ਦਲ ਦੇ ਆਗੂ ਅਤੇ ਅਕਾਲ ਬੁੰਗਾ ਦੇ ਮੁੱਖ ਸੇਵਾਦਾਰ ਦੇ ਰੂਪ ਵਿਚ ਪ੍ਰਮੁੱਖ ਸਥਿਤੀ ਵਿਚ ਆ ਗਏ। ਉਹ ਨਿਹੰਗ ਜਥੇਬੰਦੀ ਬੁੱਢਾ ਦਲ ਦੇ ਛੇਵੇਂ ਜੱਥੇਦਾਰ ਵੀ ਰਹੇ ਸਨ।

ਅੰਮ੍ਰਿਤਸਰ ਅਤੇ ਗੁਰਦੁਆਰੇ :- 1800 ਦੇ ਆਸ ਪਾਸ ਅਕਾਲੀ ਫੂਲਾ ਸਿੰਘ ਨੇ ਅੰਮ੍ਰਿਤਸਰ ਆ ਕੇ ਉੱਥੋਂ ਦੇ ਮਹੰਤਾਂ ਅਤੇ ਗੁਰਦੁਆਰਿਆਂ ਦੀ ਬਦਇੰਤਜਾਮੀ ਨੂੰ ਠੀਕ ਕੀਤਾ। ਗੁਰਦੁਆਰਾ ਪ੍ਰਬੰਧ ਵਿਚ ਧਾਰਮਿਕ ਅਨੁਸਾਸ਼ਨ ਲੰਗਰ ਅਤੇ ਸੰਗਤ ਦੇ ਹੱਕ ਦੀ ਪੱਖ ਦਾਰੀ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਭੰਗੀਆਂ ਦੀ ਤੋਪ ਦੇਣ ਤੋਂ ਇਨਕਾਰ ਕਰਨ ਕਰਕੇ ਭੰਗੀ ਮਿਸਲ ਦੇ ਗੁਲਾਬ ਸਿੰਘ ਭੰਗੀ ਦੇ ਪੁੱਤਰ ਨੂੰ ਮਾਰ ਦਿੱਤਾ, ਅੰਮ੍ਰਿਤਸਰ ਨੂੰ ਜਿੱਤਿਆ ਤੇ ਅਕਾਲੀ ਫੂਲਾ ਸਿੰਘ ਨੇ ਸ਼ਹਿਰ ਦੇ ਵਸਨੀਕਾਂ ਨਾਲ ਲੁੱਟ ਖਸੁੱਟ ਨਾ ਕਰਨ ਦੀ ਸਿਫਾਰਸ਼ ਕਰਕੇ ਖਾਲਸਾ ਰਾਜ ਦੇ ਨੈਤਿਕ ਮਾਡਲ ਦੀ ਰੱਖਿਆ ਹੋਈ । ਮਹਾਰਾਜਾ ਨੇ ਅਕਾਲੀ ਜੀਂ ਦੇ ਅਧੀਨ ਅਕਾਲ ਨਾਂ ਦੀ ਇਕ ਰੈਜਮੈਂਟ ਬਣਾਈ ਤੇ ਫੂਲਾ ਸਿੰਘ ਨੂੰ ਉਸਦਾ ਮੁਖੀ ਥਾਪ ਦਿੱਤਾ।

ਜੰਗਾਂ ਅਤੇ ਫੌਜੀ ਸੇਵਾ :- ਕਸੂਰ ਦੀ ਲੜਾਈ :- 1807 ਵਿਚ ਨਵਾਬ ਕਸੂਰ ਦੇ ਖਿਲਾਫ ਪਹਿਲੀ ਵੱਡੀ ਲੜਾਈ ਵਿਚ ਅਕਾਲੀ ਫੂਲਾ ਸਿੰਘ ਜੀ ਅਤੇ ਉਹਨਾਂ ਦੇ ਨਿਹੰਗ ਦਲ ਨੇ ਦਰਬਾਰ-ਏ-ਖਾਲਸਾ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਮੋਹਰੀ ਭੂਮਿਕਾ ਨਿਭਾਈ । ਕਸੂਰ ਦਾ ਕਿਲ੍ਹਾ ਬਹੁਤ ਮਜਬੂਤ ਸੀ ਸਿੱਖ ਤੋਪਾਂ ਨੇ ਇੱਕ ਮਹੀਨੇ ਤੱਕ ਕੰਧਾਂ ਤੇ ਗੋਲਾਬਾਰੀ ਕੀਤੀ, ਫਿਰ ਗੁਪਤ ਤਰੀਕੇ ਨਾਲ ਕਿਵਾੜਾਂ ਦੇ ਹੇਠਾਂ ਬਾਰੂਦ ਲਗਾ ਕੇ ਕੰਗੂਰਾ ਤੋੜਿਆ ਗਿਆ ਅਤੇ ਸਭ ਤੋਂ ਪਹਿਲਾਂ ਨਿਹੰਗ ਸਿੰਘ ਅਕਾਲੀ ਜੀਂ ਦੀ ਅਗਵਾਈ ਵਿਚ ਉਸ ਸੁੱਤ ਦੇ ਰਾਹੀਂ ਅੰਦਰ ਦਾਖਲ ਹੋਏ ਅਤੇ ਹੱਥੋਂ ਹੱਥੀ ਜੰਗ ਵਿਚ ਕਿਲ੍ਹਾ ਜਿੱਤਿਆ। ਨਵਾਬ ਕਸੂਰ ਦੀ ਗ੍ਰਿਫਤਾਰੀ ਤੋਂ ਬਾਅਦ ਵੀ ਅਕਾਲੀ ਫੂਲਾ ਸਿੰਘ ਨੇ ਗੁਰੂ ਸਿੱਖੀ ਦੇ ਨਿਆਂ ਸਿਧਾਂਤ ਦੇ ਅਨੁਸਾਰ ਉਸ ਨਾਲ ਬੇਇਨਸਾਫ਼ੀ ਤੋਂ ਬਚਦੇ ਹੋਏ ਉਸਨੂੰ ਸਤਲੁਜ ਨੇੜੇ ਇੱਕ ਜਮੀਨ ਦੇ ਦੇਣ ਦੀ ਸਿਫਾਰਿਸ਼ ਕੀਤੀ ਜੋ ਉਹਨਾਂ ਦੀ ਇਨਸਾਫ ਪਸੰਦ ਪ੍ਰਵਿਰਤੀ ਨੂੰ ਦਰਸਾਉਂਦਾ ਹੈ।

ਇਤਿਹਾਸਕਾਰ ਡਾ ਹਰਜਿੰਦਰ ਸਿੰਘ ਦਿਲਗੀਰ ਸਿੱਖ ਤਵਾਰੀਖ ਵਿਚ ਲਿਖਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਡੋਗਰਿਆਂ ਨੂੰ ਵੱਡੇ ਤੇ ਅਹਿਮ ਅਹੁਦੇ ਦਿੱਤੇ ਜਾਣ , ਮਿਸਰ ਗੰਗਾ ਰਾਮ ਬ੍ਰਾਹਮਣ ਦੀਆਂ ਐਂਟੀ ਸਿੱਖ ਕਾਰਵਾਈਆਂ, ਗੰਗਾ ਰਾਮ ਵਲੋਂ ਲਾਹੌਰ ਦਰਬਾਰ ਵਿਚ ਰਿਸ਼ਤੇਦਾਰਾਂ ਦੀ ਭਰਤੀ, ਹਿੰਦੂ ਅਹਿਲਕਾਰਾਂ ਵਲੋਂ ਰਣਜੀਤ ਸਿੰਘ ਤੇ ਕੁੰਵਰ ਖੜਕ ਸਿੰਘ, ਰਣਜੀਤ ਸਿੰਘ ਤੇ ਕੁੰਵਰ ਸ਼ੇਰ ਸਿੰਘ ਵਿਚਕਾਰ ਪੈਦਾ ਕੀਤੀ ਨਫਰਤ ਅਤੇ ਰਣਜੀਤ ਸਿੰਘ ਦੀਆਂ ਬ੍ਰਾਹਮਣਵਾਦ ਵਾਲੀਆਂ ਕਾਰਵਾਈਆਂ ਵਿਚ ਵਾਧੇ ਤੋਂ ਅਕਾਲੀ ਫੂਲਾ ਸਿੰਘ ਬਹੁਤ ਨਿਰਾਸ਼ ਹੋ ਗਏ ਸਨ । ਰਣਜੀਤ ਸਿੰਘ ਸ਼ਰਾਬ ਤੇ ਸ਼ਬਾਬ ਵਿਚ ਮਸਤ ਫੂਲਾ ਸਿੰਘ ਜੀ ਦੀ ਬਹੁਤੀ ਪਰਵਾਹ ਨਹੀਂ ਸੀ ਕਰਦਾ, ਸਤੰਬਰ 1814 ਵਿਚ ਫੂਲਾ ਸਿੰਘ ਨੇ ਅੰਮ੍ਰਿਤਸਰ ਛੱਡ ਦਿੱਤਾ ਅਤੇ ਅਨੰਦਪੁਰ ਚਲਿਆ ਗਿਆ। ਇੱਕ ਵਿਚਾਰ ਅਨੁਸਾਰ ਫੂਲਾ ਸਿੰਘ ਦਾ ਨਿਰਾਸ਼ ਹੋ ਕੁਐ ਭੱਜਣਾ ਬਹਾਦਰੀ ਨਹੀਂ, ਬਲਕਿ ਕਮਜ਼ੋਰੀ ਸੀ। ਸ਼ਾਇਦ ਉਹ ਰਣਜੀਤ ਸਿੰਘ ਦੀ ਵੱਡੀ ਫੌਜ ਨਾਲ ਮੱਥਾ ਨਹੀਂ ਸੀ ਲਾਉਣਾ ਚਾਹੁੰਦਾ।

ਮਹਾਰਾਜਾ ਜੀਂਦ ਅੰਗਰੇਜਾਂ ਨਾਲ ਕਿਸੇ ਗਲ਼ੋਂ ਨਾਰਾਜ਼ ਸੀ ਤੇ ਉਹ ਅਕਾਲੀ ਫੂਲਾ ਸਿੰਘ ਦੀ ਸ਼ਰਨ ਵਿਚ ਅਨੰਦਪੁਰ ਆ ਗਿਆ। ਅੰਗਰੇਜਾਂ ਨੇ ਰਣਜੀਤ ਸਿੰਘ ਅਤੇ ਮਹਾਰਾਜਾ ਨਾਭਾ ਪਾਸੋਂ ਫੂਲਾ ਸਿੰਘ ਤੇ ਜੋਰ ਪਾਇਆ ਕਿ ਉਹ ਜੀਂਦ ਦੇ ਰਾਜੇ ਨੂੰ ਕੱਢ ਦੇਣ, ਪਰ ਸਿਰੜ ਦੇ ਪੱਕੇ ਅਕਾਲੀ ਫੂਲਾ ਸਿੰਘ ਨੇ ਸ਼ਰਨ ਆਏ ਨੂੰ ਧੱਕਾ ਦੇਣਾ ਠੀਕ ਨਾ ਸਮਝਿਆ ਅਤੇ ਸਾਫ ਇਨਕਾਰ ਕਰ ਦਿੱਤਾ। ਡੋਗਰਿਆਂ ਦੀ ਸਾਜਿਸ਼ ਨਾਲ ਅਨੰਦਪੁਰ ਚੜ੍ਹਾਈ ਕਰਕੇ ਫੂਲਾ ਸਿੰਘ ਨੂੰ ਮੋੜ ਲਿਆਉਣ ਲਈ ਵੀ ਹੁਕਮ ਕੀਤਾ ਗਿਆ ਪਰ ਸਿੱਖ ਫ਼ੌਜ ਨੇ ਅਕਾਲੀ ਜੀ ਵਿਰੁੱਧ ਲੜਨ ਤੋਂ ਨਾਂਹ ਕਰ ਦਿੱਤੀ। ਅੰਗਰੇਜਾਂ ਦੇ ਕਹਿਣ ਤੇ ਇਸੇ ਮੰਤਵ ਲਈ ਨਵਾਬ ਮਲੇਰਕੋਟਲਾ ਤੇ ਰਾਜਾ ਜਸਵੰਤ ਸਿੰਘ ਨਾਭਾ ਦੀਆਂ ਫੌਜਾਂ ਨੇ ਵੀ ਅਕਾਲੀ ਫੂਲਾ ਸਿੰਘ ਵਿਰੁੱਧ ਲੜਨ ਤੋਂ ਇਨਕਾਰ ਕਰ ਦਿੱਤਾ। ਰਣਜੀਤ ਸਿੰਘ ਨੂੰ ਪਤਾ ਲੱਗਣ ਤੇ ਉਹ ਆਪ ਅਕਾਲੀ ਫੂਲਾ ਸਿੰਘ ਕੋਲ ਪੁੱਜੇ ਅਤੇ ਪਿਆਰ ਨਾਲ ਵਾਪਸ ਅੰਮ੍ਰਿਤਸਰ ਮੋੜ ਲਿਆਏ।

ਮੁਲਤਾਨ ਦੀ ਮੁਹਿੰਮ :- ਮੁਲਤਾਨ ਦੀ ਲੜਾਈ ਵਿਚ ਅਕਾਲੀ ਫੂਲਾ ਸਿੰਘ ਦੇ ਨਿਹੰਗ ਦਲ ਨੇ ਇੱਕ ਬੜੀ ਤਿਆਗਮਈ ਕਾਰਵਾਈ ਕੀਤੀ। ਕਿਲੇ ਦੀ ਕੰਧ ਤੋੜਨ ਲਈ ਜਦੋਂ ਤੋਪ ਨੂੰ ਝੁਕਾਉਣ ਦੀ ਲੋੜ ਪਈ ਤਾਂ ਨਿਹੰਗ ਜੱਥੇਦਾਰਾਂ ਨੇ ਇੱਕ ਪਾਸੇ ਤੋਪ ਦੇ ਹੇਠਾਂ ਆਪਣੇ ਸਰੀਰ ਰੱਖ ਕੇ ਉਸਨੂੰ ਠੀਕ ਕੋਣ ਤੇ ਲਿਆ ਅਤੇ ਵਾਰ ਵਾਰ ਗੋਲੇ ਦਾਗਣ ਨਾਲ ਕਈ ਸਿੰਘ ਸ਼ਹੀਦ ਹੋ ਗਏ। ਇਹ ਘਟਨਾ ਸਿੱਖ ਜੰਗੀ ਇਤਿਹਾਸ ਵਿਚ "ਆਪਣੇ ਸਰੀਰਾਂ ਨੂੰ ਤੋਪ ਦੀ ਟੇਕ ਬਣਾਉਣ " ਵਜੋਂ ਦਰਜ ਹੈ। ਇਸ ਮੁਲਤਾਨ ਨੂੰ ਜਿੱਤਣ ਵਿਚ 5 ਵਾਰੀ ਰਣਜੀਤ ਸਿੰਘ ਅਸਫਲ ਹੋ ਚੁੱਕਿਆ ਸੀ, ਜਿਸ ਤੇ ਹੁਣ ਅਕਾਲੀ ਫੂਲਾ ਸਿੰਘ ਦੇ ਜੱਥੇ ਨੇ ਜਿੱਤ ਹਾਸਲ ਕੀਤੀ ਅਤੇ ਰਣਜੀਤ ਸਿੰਘ ਦੀ ਝੋਲੀ ਵਿਚ ਪਾਈ।

ਪਠਾਨ ਬਗਾਵਤ ਅਟਕ ਅਤੇ ਕਸ਼ਮੀਰ :- 1818 ਦੇ ਕਰੀਬ ਜਦੋਂ ਅਟਕ ਦੇ ਨੇੜੇ ਕਈ ਪਠਾਨ ਕਬੀਲਿਆਂ ਨੇ ਬਗਾਵਤ ਕੀਤੀ, ਪਹਿਲਾਂ ਛੋਟਾ ਜੱਥਾ ਭੇਜਿਆ ਗਿਆ ਜੋ ਘਾਤ ਲਾ ਕੇ ਬਰਬਾਦ ਕਰ ਦਿੱਤਾ ਗਿਆ। ਇਸ ਤੇ ਮਹਾਰਾਜਾ ਰਣਜੀਤ ਸਿੰਘ ਪ੍ਰੇਸ਼ਾਨ ਹੋਏ ਅਤੇ ਅਕਾਲੀ ਫੂਲਾ ਸਿੰਘ ਨੂੰ ਹਰੀ ਸਿੰਘ ਨਲੂਆ ਦੇ ਨਾਲ ਭੇਜਿਆ ਗਿਆ। ਨਿਹੰਗ ਦਲ ਨੇ ਅੱਗੇ ਵਧ ਕੇ ਪਠਾਨ ਬਗਾਵਤ ਨੂੰ ਕੁਚਲਿਆ ਜਿਸ ਨਾਲ ਉੱਤਰ ਪੱਛਮੀ ਸਰਹੱਦ ਤੇ ਸਿੱਖ ਰਾਜ ਦਾ ਦਬਦਬਾ ਬਰਕਰਾਰ ਰਿਹਾ। 1819 ਵਿੱਚ ਕਸ਼ਮੀਰ ਦੇ ਸਾਸ਼ਕ ਨੇ ਕੀਤੇ ਗਏ ਇਕ ਸਮਝੌਤੇ ਨੂੰ ਤੋੜਿਆ, ਸਿੱਧੇ ਦਰਰੇ ਵਲ਼ਏ ਰਸਤਾ ਸੁਰਖਿਅਤ ਹੋਣ ਕਰਕੇ ਬੰਦ ਸੀ ਇਸ ਲਈ ਫੌਜ ਨੂੰ ਹਦਾਇਤ ਮਿਲੀ ਕਿ ਪਹਾੜੀ ਪਗਡੰਡੀਆਂ ਰਾਹੀਂ ਪਿਛਲੇ ਰੱਖਿਆਂ ਤੇ ਹਮਲਾ ਕਰਨਾ ਹੈ। ਇਸ ਰਣਨੀਤਕ ਕਦਮ ਦੀ ਅਗਵਾਈ ਅਕਾਲੀ ਫੂਲਾ ਸਿੰਘ ਨੇ ਕੀਤੀ, ਸਿਖਾਂ ਨੇ ਪਹਿਲਾਂ ਬਾਹਰੀ ਰੱਖੇ ਮੋਹਰੇ ਕਬਜੇ ਚ ਕੀਤੇ ਫਿਰ ਭਾਰੀ ਜੰਗ ਤੋਂ ਬਾਅਦ ਮੁੱਖ ਕਿਲ੍ਹਾ ਫਤਹਿ ਕੀਤਾ ਅਤੇ ਕਸ਼ਮੀਰ ਸਿੱਖ ਰਾਜ ਵਿਚ ਸ਼ਾਮਲ ਹੋ ਗਿਆ।

ਨੁਸ਼ਹਿਰੇ ਦੀ ਜੰਗ ਅਤੇ ਸ਼ਹਾਦਤ :-ਪਿਸ਼ਾਵਰ ਦੇ ਹਾਕਮ ਮੁਹੰਮਦ ਅਜ਼ੀਜ਼ ਖਾਂ ਨੇ ਬਗਾਵਤ ਕਰ ਦਿੱਤੀ। ਲੱਖਾਂ ਦੀ ਗਿਣਤੀ ਵਿਚ ਸੈਨਾ ਇਕੱਠੀ ਕਰਕੇ ਉਸਨੇ ਕਈ ਥਾਂ ਸਿੱਖ ਰਾਜ ਵਿਰੁੱਧ ਜੰਗ ਛੇੜ ਦਿੱਤੀ। ਨੁਸ਼ਹਿਰੇ ਲੂੰਡੇ ਦਰਿਆ ਕੋਲ ਉਸਨੇ ਭਾਰੀ ਤੋਪਖਾਨੇ ਦੀ ਸਹਾਇਤਾ ਨਾਲ ਸਿੱਖ ਫੌਜਾਂ ਦਾ ਪਿਸ਼ਾਵਰ ਨੂੰ ਜਾਣ ਵਾਲਾ ਰਾਹ ਰੋਕ ਲਿਆ। ਰਣਜੀਤ ਸਿੰਘ ਨੇ ਆਪਣੀਆਂ ਫੌਜਾਂ ਲੈ ਕੇ ਅਟਕ ਨੂੰ ਪਾਰ ਕੀਤਾ ਫਿਰ ਉਹਨਾਂ ਨੂੰ ਨੁਸ਼ਹਿਰੇ ਵੱਲ ਦੁਸ਼ਮਣ ਫੌਜਾਂ ਦੀ ਤਿਆਰੀ ਬਾਰੇ ਸੂਚਨਾ ਮਿਲੀ । ਸਿੰਘਾਂ ਨੇ ਅਰਦਾਸ ਕੀਤੀ ਤੇ ਚੜ੍ਹਾਈ ਸ਼ੁਰੂ ਕਰ ਦਿੱਤੀ ਪਰ ਉਸ ਵੇਲੇ ਤੱਕ ਪਿੱਛੋਂ ਤੋਪਾਂ ਨਹੀਂ ਸਨ ਪਹੁੰਚੀਆਂ। ਇਸਲਈ ਤੋਪਾਂ ਦੀ ਉਡੀਕ ਵਿੱਚ ਮੁਹਿੰਮ ਨੂੰ ਕੁਝ ਚਿਰ ਪਿੱਛੇ ਪਾਉਣਾ ਮੁਨਾਸਿਬ ਸਮਝਦਿਆਂ ਮਹਾਰਾਜਾ ਨੇ ਫੌਜਾਂ ਨੂੰ ਰੁਕਣ ਦਾ ਹੁਕਮ ਦੇ ਦਿੱਤਾ। ਅਕਾਲੀ ਫੂਲਾ ਸਿੰਘ ਨੇ ਅਰਦਾਸ ਦਾ ਹਵਾਲਾ ਦੇ ਕੇ ਕੜਕ ਕੇ ਕਿਹਾ ਚੜ੍ਹਾਈ ਹੁਣੇ ਹੀ ਹੋਵੇਗੀ।



ਜਸਵਿੰਦਰ ਸਿੰਘ ਰੁਪਾਲ
9814715796

ਪ੍ਰੋ.ਸਰਬਜਿੰਦਰ ਸਿੰਘ ਅਨੁਸਾਰ ਨੁਸ਼ਹਿਰਾ ਦੀ ਲੜਾਈ ਅਫਗਾਨਿਸਤਾਨ ਦੇ ਬਾਦਸ਼ਾਹ ਨਾਲ ਹੋਈ ਤਾਂ ਉਹ 50,000 ਸੈਨਿਕਾਂ ਦੀ ਫੌਜ ਲੈ ਕੇ ਆਏ ਸਨ ਪਰ ਅਕਾਲੀ ਫੂਲਾ ਸਿੰਘ ਕੋਲ 1500 ਸੈਨਿਕਾਂ ਦੀ ਫੌਜ ਸੀ। ਪ੍ਰੋ.ਸਾਹਿਬ ਲਿਖਦੇ ਹਨ, "ਇਸ ਲੜਾਈ ਵਿਚ ਮਹਾਰਾਜਾ ਰਣਜੀਤ ਸਿੰਘ ਛਾਪਾਮਾਰ ਗੁਰੀਲਾ ਯੁੱਧ ਦੀ ਤਕਨੀਕ ਅਪਨਾਉਣਾ ਚਾਹੁੰਦੇ ਸਨ, ਪਰ ਬਾਬਾ ਫੂਲਾ ਸਿੰਘ ਨੇ ਅੱਗੇ ਵਧਣ ਦਾ ਫੈਸਲਾ ਕੀਤਾ ਅਤੇ ਕਿਹਾ ਕਿ ਉਹ " ਅਰਦਾਸਾ ਸੋਧ ਚੁੱਕੇ ਹਨ" ਅਤੇ "ਚੜ੍ਹਾਈ ਕਰਨਗੇ। " ਫੂਲਾ ਸਿੰਘ ਆਪਣੀ 1500 ਘੋੜ ਸਵਾਰਾਂ ਦੀ ਫੌਜ ਨਾਲ ਦਰਿਆ ਟੱਪ ਕੇ ਹਮਲਾ ਕਰ ਦਿੱਤਾ। ਜਦੋ ਮਹਾਰਾਜਾ ਰਣਜੀਤ ਸਿੰਘ ਨੇ ਇਸ ਦਲੇਰੀ ਨੂੰ ਦੇਖਿਆ ਤਾਂ ਉਹ ਵੀ ਪਿੱਛੇ ਨਾ ਰਹਿ ਸਕੇ ਅਤੇ ਸ਼ਹਿਜ਼ਾਦਾ ਖੜਕ ਸਿੰਘ, ਸ. ਹਰੀ ਸਿੰਘ ਨਲੂਆ ਸ. ਸ਼ਾਮ ਸਿੰਘ ਅਟਾਰੀ ਆਦਿ ਜਰਨੈਲਾਂ ਦੀ ਕਮਾਨ ਹੇਠ ਸਿੱਖ ਫੌਜਾਂ ਨੂੰ ਅੱਗੇ ਵਧਣ ਲਈ ਕਿਹਾ। ਅਕਾਲੀ ਜੀ ਆਪਣੇ ਅਰਦਾਸੇ ਅਨੁਸਾਰ ਦੁਸ਼ਮਣ ਦਲਾਂ ਨੂੰ ਚੀਰਦੇ ਹਜਾਰਾਂ ਪਠਾਣਾਂ ਨੂੰ ਰੱਬ ਦੇ ਘਰ ਪਹੁੰਚਾ ਦਿੱਤਾ। 1823 ਦੀ ਇਹ ਜੰਗ ਬਹੁਤ ਘਮਸਾਨ ਦੀ ਜੰਗ ਸੀ। ਜੰਗ ਦੌਰਾਨ ਨਿਹੰਗ ਫੌਜ ਘੋੜਿਆਂ ਤੇ ਸਵਾਰ ਹੋ ਕੇ ਪਹਿਲਾਂ ਦੁਸ਼ਮਣ ਦੇ ਮੱਥੇ ਤੇ ਜਾ ਟਕਰਾਈ। ਨੇੜੇ ਪੁੱਜ ਕੇ ਘੋੜੇ ਛੱਡ ਕੇ ਪੈਦਲ ਹੱਥੋਂ ਹੱਥੀ ਤਲਵਾਰਬਾਜ਼ੀ ਕੀਤੀ, ਤੇ ਦੁਸ਼ਮਣ ਦੇ ਕਈ ਮੋਰਚੇ ਤੋੜੇ। ਪਰ ਨਿਹੰਗ ਫੌਜਾਂ ਵੀ ਵੱਡੀ ਗਿਣਤੀ ਵਿਚ ਸ਼ਹੀਦ ਹੋਈਆਂ।

ਕਾਦਰਯਾਰ ਆਪਣੀਆਂ ਸੀ-ਹਰਫ਼ੀਆਂ ਵਿਚ ਜਿਕਰ ਕਰਦਾ ਹੈ --
ਵਾਓ ਵਰ੍ਹਾਈ ਫਿਰ ਸਿੰਘ ਤਲਵਾਰ ਐਸੀ, ਦੂਰੋਂ ਆਉਂਦਾ ਪਿਆ ਸੀ ਖੜਕ ਮੀਆਂ ॥
ਜਿੰਨੂ ਧਾਰ ਤਲਵਾਰ ਇੱਕ ਵਾਰ ਚੁੱਭੀ, ਗਿਆ ਵਾਂਗ ਕਰੀਰ ਦੇ ਕੜਕ ਮੀਆਂ ॥
ਲਾ ਜਰੂਰ ਅਫਗਾਨ ਬੇ-ਖੌਫ ਹੁੰਦੇ, ਲੇਕਿਨ ਸਿੰਘ ਸੀ ਬਹੁਤ ਬੇਧੜਕ ਮੀਆਂ ॥
ਕਾਦਰਯਾਰ ਅਫਗਾਨ ਬੇਸ਼ਕ ਲੜਦੇ, ਐਪਰ ਝੱਲ ਨਾ ਸਕਦੇਂ ਫੜਕ ਮੀਆਂ ॥ 29॥.................(ਕਾਦਰਯਾਰ)

ਅਕਾਲੀ ਫੂਲਾ ਸਿੰਘ ਅੱਗੇ ਅੱਗੇ ਰਹੇ ਅਤੇ ਆਖਰੀ ਵਾਰ ਉਹ ਇੱਕ ਤਿੱਖੇ ਹਮਲੇ ਦੌਰਾਨ ਉਹ ਖੁਦ ਵੀ ਦੁਸ਼ਮਣ ਦੇ ਹਮਲਿਆਂ 7 ਗੋਲੀਆਂ ਖਾ ਕੇ ਮੈਦਾਨੇ-ਜੰਗ ਵਿੱਚ ਸ਼ਹੀਦ ਹੋ ਗਏ ਪਰ ਉਨ੍ਹਾਂ ਦੇ ਜਜ਼ਬੇ ਨੇ ਪੂਰੀ ਸਿੱਖ ਫ਼ੌਜ ਦੇ ਮਨੋਬਲ ਨੂੰ ਇਸ ਕਦਰ ਉਭਾਰਿਆ ਕਿ ਅੰਤ ਵਿਚ ਨੁਸ਼ਹਿਰਾ ਵਿਚ ਅਫਗਾਨ ਕਬੀਲਿਆਂ ਨੂੰ ਭਾਰੀ ਨੁਕਸਾਨ ਨਾਲ ਪਿੱਛੇ ਹਟਣਾ ਪਿਆ। ਉਹਨਾਂ ਦੀ ਸ਼ਹਾਦਤ ਤੋਂ ਬਾਅਦ ਵੀ ਨਿਹੰਗ ਦਲ ਲੜਦਾ ਰਿਹਾ ਅਤੇ ਲਗਭਗ ਚਾਰ ਹਜ਼ਾਰ ਅਫਗਾਨ ਮੈਦਾਨ ਵਿਚ ਮਾਰੇ ਗਏ ਜਿਸਨੂੰ ਸਿੱਖ ਰਾਜ ਦੀ ਰੱਖਿਆ ਵਿਚ ਇਕ ਨਿਰਣਾਇਕ ਜਿੱਤ ਮੰਨਿਆ ਜਾਂਦਾ ਹੈ। ਉਹਨਾਂ ਦਾ ਸੰਸਕਾਰ ਫੌਜੀ ਸ਼ਾਨ ਨਾਲ ਇੱਥੇ ਹੀ ਕੀਤਾ ਗਿਆ। ਉਹਨਾਂ ਦੀ ਸਮਾਧ ਨੁਸ਼ਹਿਰਾ ਪੰਨੂੰਆਂ ਤੋਂ 6 ਕਿਲੋ ਮੀਟਰ ਦੂਰ ਲੂੰਡੇ ਦਰਿਆ ਦੇ ਕੰਢੇ ਤੇ ਹੈ। ਇਹ ਇੱਕ ਮੰਨੀ ਹੋਈ ਸਚਾਈ ਸੀ ਕਿ ਸਿੱਖ ਰਾਜ ਵਿਚ ਇਸਤੋਂ ਵੱਧ ਸੂਰਬੀਰ, ਧਾਰਮਿਕ ਤੌਰ ਤੇ ਪ੍ਰਪੱਕ ਅਤੇ ਨਿਡਰ ਕੋਈ ਹੋਰ ਜਰਨੈਲ ਨਜਰ ਨਹੀਂ ਆਉਂਦਾ । ਹਰ ਸਾਲ ਉਹਨਾਂ ਦੇ ਪਿੰਡ ਦੇਹਲਾ ਸੀਹਾਂ ਜਿਲਾ ਸੰਗਰੂਰ ਵਿਚ 14 ਜਨਵਰੀ ਨੂੰ ਜਨਮ ਦਿਹਾੜਾ ਅਤੇ 10 ਤੋਂ14 ਮਾਰਚ ਤੱਕ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉਹਨਾਂ ਨੇ ਸਾਰੀ ਉਮਰ ਵਿਆਹ ਨਹੀਂ ਸੀ ਕਰਵਾਇਆ। ਉਹਨਾਂ ਦੇ ਭਰਾ ਸੰਤ ਸਿੰਘ ਦੀ ਔਲਾਦ ਅੱਜ ਵੀ ਤਰਨਤਾਰਨ ਇਲਾਕੇ ਵਿਚ ਹੈ। ਅਕਾਲੀ ਫੂਲਾ ਸਿੰਘ ਦਾ ਬੁਰਜ ਅਤੇ ਛਾਉਣੀ ਅੰਮ੍ਰਿਤਸਰ ਵਿਚ ਦੇਖੀ ਜਾ ਸਕਦੀ ਹੈ।

ਮਹਾਰਾਜਾ ਰਣਜੀਤ ਸਿੰਘ ਅਤੇ ਫੂਲਾ ਸਿੰਘ :- ਫੂਲਾ ਸਿੰਘ ,ਮਹਾਰਾਜਾ ਰਣਜੀਤ ਸਿੰਘ ਦੇ ਚੋਣਵੇਂ ਉੱਤਮ ਜਰਨੈਲਾਂ ਵਿਚੋਂ ਇੱਕ ਸਨ। ਉਹਨਾਂ ਨੇ ਰਾਜੇ ਨੂੰ ਕਸੂਰ, ਮੁਲਤਾਨ, ਕਸ਼ਮੀਰ, ਪਿਸ਼ਾਵਰ ,ਬਿਹਾਵਲਪੁਰ ਤੇ ਅਟਕ ਵਰਗੀਆਂ ਔਖੀਆਂ ਜੰਗਾਂ ਜਿੱਤ ਕੇ ਦਿੱਤੀਆਂ। ਪਰ ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ ਦੀ ਉਨੀ ਕਦਰ ਨਹੀਂ ਕੀਤੀ, ਜਿੰਨੀ ਦਾ ਉਹ ਹੱਕਦਾਰ ਸੀ। ਅਕਾਲੀ ਫੂਲਾ ਸਿੰਘ ਨੂੰ ਬਹੁਤੀ ਵਾਰ ਜਥੇਦਾਰ ਅਕਾਲ ਤਖਤ ਵੀ ਕਹਿ ਦਿੱਤਾ ਜਾਂਦਾ ਹੈ ਜਦ ਕਿ ਆਧੁਨਿਕ ਵਿਦਵਾਨਾਂ ਅਨੁਸਾਰ ਉਹਨਾਂ ਦੀ ਪਦਵੀ ਮੁੱਖ ਸੇਵਾਦਾਰ ਅਕਾਲ ਬੁੰਗਾ ਜਾਂ ਮੁਖੀ ਨਿਹੰਗ ਬੁੱਢਾ ਦਲ ਸੀ ਜਦੋਂ ਕਿ ਅਕਾਲ ਤਖਤ ਦੀ ਸੰਸਥਾ ਆਪਣੇ ਨਾਮ ਅਤੇ ਸਰੂਪ ਵਿਚ ਵਿਕਸਿਤ ਨਹੀਂ ਸੀ ਹੋਈ। ਤਕਨੀਕੀ ਪਦਵੀ ਜਿਹੜੀ ਵੀ ਹੋਵੇ, ਅਮਲੀ ਤੌਰ ਤੇ ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜਰੀ ਵਿਚ ਪੰਥਕ ਗੁਰਮਤੇ ਕਰਵਾਉਣ, ਵਿਵਾਦਾਂ ਤੇ ਫੈਸਲੇ ਕਰਨ ਅਤੇ ਦੂਰੋਂ ਆਈਆਂ ਸੰਗਤਾਂ ਲਈ ਅੰਤਿਮ ਪੰਥਕ ਅਧਿਕਾਰਤਾ ਦਾ ਰੂਪ ਸਨ। ਇੱਕ ਵਾਕਿਆ ਹੈ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਇੱਕ ਮੁਸਲਮਾਨ ਨਰਤਕੀ ਨਾਲ ਵਿਆਹ ਕੀਤਾ ਜਿਸਨੂੰ ਖਾਲਸਾ ਰਾਜ ਵਿਚ ਗੁਰਮਤਿ ਦੀ ਉਲੰਘਣਾ ਮੰਨਿਆ ਜਾਂਦਾ ਹੈ ,ਤਾਂ ਅਕਾਲੀ ਫੂਲਾ ਸਿੰਘ ਨੇ ਉਸਨੂੰ ਹਾਜਰ ਹੋਣ ਦਾ ਹੁਕਮ ਸੁਣਾ ਦਿੱਤਾ। ਮਹਾਰਾਜਾ ਹਾਜਰ ਹੋਏ, ਗਲਤੀ ਵੀ ਸਵੀਕਾਰ ਕੀਤੀ, ਪੰਥਕ ਸੰਗਤ ਨੇ ਉਹਨਾਂ ਲਈ ਕੋੜਿਆਂ ਦੀ ਸਜਾ ਦਾ ਫੈਸਲਾ ਕੀਤਾ, ਜਿਸ ਨੂੰ ਰਾਜੇ ਨੇ ਨਿਮਰਤਾ ਨਾਲ ਸਵੀਕਾਰ ਕੀਤਾ। ਕਹਾਣੀ ਅਨੁਸਾਰ ਅਕਾਲੀ ਫੂਲਾ ਸਿੰਘ ਨੇ ਰਾਜੇ ਦੀ ਨਿਮਰਤਾ ਅਤੇ ਤੋਬਾ ਦੇਖ ਕੇ ਉਸਨੂੰ ਮੁਆਫੀ ਦੀ ਸਿਫਾਰਸ਼ ਕਰ ਦਿੱਤੀ। ਇਸਤੋਂ ਇੱਕ ਤਾਂ ਇਹ ਸਪਸ਼ਟ ਹੋਇਆ ਕਿ ਉਹ ਰਾਜੇ ਨੂੰ ਵੀ ਗ੍ਰੰਥ ਪੰਥ ਤੋਂ ਉੱਪਰ ਨਹੀਂ ਸੀ ਮੰਨਦੇ, ਦੂਸਰਾ ਉਸਦੀ ਨਿਮਰਤਾ ਤੇ ਭਾਵਨਾ ਦੇਖ ਕੇ ਮੁਆਫ ਕਰਨਾ ਵੀ ਖਾਲਸਾਈ ਬਿਰਦ ਦੇ ਅਨੁਸਾਰ ਸੀ।

ਸਿੱਖ ਕੌਮ ਆਪਣੇ ਹੀਰੇ ਨੂੰ ਹਮੇਸ਼ਾ ਯਾਦ ਕਰਦੀ ਰਹੇਗੀ ਜਿਸ ਨੇ ਨਿਰਭਉ, ਨਿਰਵੈਰ, ਗ੍ਰੰਥ ਪੰਥ ਪ੍ਰਤੀ ਪ੍ਰੇਮ ਅਤੇ ਸਮਰਪਣ ਵਿਚ ਰਹਿ ਕੇ, ਗੁਰਮਤਿ ਅਨੁਸਾਰੀ ਜੀਵਨ ਜੀਉ ਕੇ ਦਿਖਾਇਆ । ਅਤੇ ਆਪਣੇ ਸਮੇਂ ਦੇ ਸਿੱਖ ਰਾਜ ਨੂੰ ਸਥਾਪਿਤ ਕਰਨ ਵਿਚ ਮੋਹਰੀ ਭੂਮਿਕਾ ਨਿਭਾਈ। ਅਜੋਕੇ ਸਿੱਖ ਆਗੂਆਂ ਨੂੰ ਉਹਨਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ।

# ਇਸ਼ਕ ਨਾ ਵੇਖੇ ਜਾਤ

ਜਦੋਂ ਅਲੀ ਬੇਗ ਸੌਦਾਗਰ ਦਾ ਪੁੱਤਰ ਇੱਜ਼ਤ ਬੇਗ ਸੌਦਾਗਰ ਦੇ ਰੂਪ ਵਿਚ ਗੁਜਰਾਤ ਦੇ ਸ਼ਹਿਰ ਸੋਹਣੀ ਦੇ ਬਾਪ, ਤੁੱਲਾ, ਦੀ ਕੱਚੀ ਮਿੱਟੀ ਦੇ ਬਰਤਨਾਂ ਦੀ ਹੱਟੀ ਤੇ ਪੁੱਜਿਆ। ਭਾਂਡਿਆਂ ਦੀ ਸੁੰਦਰਤਾ ਤੇ ਮੀਨਾਕਾਰੀ ਵੇਂਖ ਕੇ ਮੰਤਰ ਮੁਗਧ ਹੋ ਗਿਆ। ਸਿੱਲਪਕਾਰੀ ਦੀ ਮੂਰਤੀ ( ਸੋਹਣੀ )ਅਜੇ ਵੇਖਿਆ ਹੀ ਨਹੀਂ ਸੀ। ਪਰ ਸਾਹਮਣੇ ਪਈ ਸੁਰਾਹੀ ਵਿੱਚੋਂ ਸੋਹਣੀ ਦੀ ਸ਼ੀਰਤ ਤੇ ਸੂਰਤ ਦਾ ਸੁਮੇਲ ਮੀਨਾਕਾਰੀ ਵਿੱਚੋਂ ਝੱਲਕ ਰਿਹਾ ਸੀ।

ਇੱਜ਼ਤ ਬੇਗ ਨੇ ਘਰ ਅੰਦਰ ਜਾ ਕੇ ਸੋਹਣੀ ਨੂੰ ਚੱਕ ਉੱਪਰ ਭਾਂਡੇ ਬਣਾਉਂਦੀ ਨੂੰ ਤੱਕਿਆ। ਕਿਵੇਂ ਉਸਦੇ ਸੁੰਦਰ ਕੋਮਲ ਹੱਥ ਮਿੱਟੀ ਨੂੰ ਤਰਾਸ਼ਕੇ ਭਾਂਡੇ ਉੱਪਰ ਆਪਣੀ ਕਲਾ ਦਾ ਰੂਪ ਤਰਾਸ਼ ਰਹੀ ਸੀ।

ਅਚਾਨਕ ਸੋਹਣੀ ਨੇ ਇੱਜ਼ਤ ਬੇਗ ਦਾ ਪ੍ਰਛਾਂਵਾ ਵੇਖ ਕੇ ਪਿੱਛੇ ਭਾਂਉਕੇ ਤੱਕਿਆ। ਤਾਂ ਇੱਜ਼ਤ ਬੇਗ ਸੋਹਣੀ ਦੇ ਹੁਸ਼ਨ ਦੀ ਝੱਲਕ ਵੇਖ ਕੇ ਪੱਥਰ ਹੋ ਗਿਆ !ਅਤੇ ਸਦਾ ਲਈ ਉੱਥੇ ਦਾ ਹੀ ਹੋ ਕੇ ਰਹਿ ਗਿਆ।

ਅਖੀਰ ਇਸ਼ਕ ਦੇ ਰਾਹ ਤੁਰਦਿਆਂ ਸੌਦਾਗਰ ਤੋਂ ਨੌਕਰ ਬੱਣ ਕੇ ਸੋਹਣੀ ਦੇ ਬਾਪ , ਤੁੱਲਾ, ਦੀਆਂ ਮੱਝਾਂ ਦਾ ਚਰਵਾਹਾ ਬੱਣ ਗਿਆ ਅਤੇ ਮਹੀਆਂਵਾਲਾ ਬੱਣਕੇ ਫਿਰ , ਮਹੀਵਾਲ ਬੱਣ ਬੈਠਾ। ਹੁਣ ਸੋਹਣੀ ਤੇ ਮਹੀਵਾਲ ਦੀ ਨੇੜਤਾ ਹੋਰ ਵੱਧ ਗਈ ਅਤੇ ਮਹੀਵਾਲ ਸੋਹਣੀ ਦੇ ਘੜੇ ਦਾ ਰੂਪ ਧਾਰ ਗਿਆ।

ਹੁਣ ਹਰ ਰੋਜ ਸੋਹਣੀ ਘੜੇ (ਮਹੀਵਾਲ) ਨੂੰ ਆਪਣੇ ਕਲਾਵੇ ਵਿਚ ਲੈ ਕੇ ਸੀਨਾ ਉੱਪਰ ਰੱਖ ਕੇ ਝੱਨਾਂ ਦੀਆਂ ਸ਼ੀਤ ਲਹਿਰਾਂ ਵਿਚ ਤੈਰ ਕੇ ਇਸ਼ਕ ਦੇ ਭਾਂਬੜ ਨੂੰ ਸ਼ਾਂਤ ਕਰਦੀ। ਘੜੇ ਨੂੰ ਸੀਨੇ ਨਾਲ ਲਾ ਕੇ ਜੱਫੀ ਪਾਉਣ ਤੋਂ ਬਾਅਦ ਇਸਦਾ ਰੂਪ (ਸੋਹਣੀ ਮਹੀਵਾਲ) ਬੱਣ ਗਿਆ।

ਅਖੀਰ ਇਕ ਹੋਰ ਨੱਫਰਤ ਦੀ ਅੱਗ ਵਿਚ ਭੁੱਜ ਰਹੀ ਸੋਹਣੀ ਨੇ ਇਸ਼ਕ ਤੇ ਵਾਰ ਕਰਕੇ ਪੱਕੇ ਦੀ ਥਾਂ ਕੱਚਾ ਰੱਖ ਦਿੱਤਾ। ਇਸ਼ਕ ਦੇ ਨਸ਼ੀਲੇ ਵੇਗ ਵਿਚ ਤੁੱਰਦੀ ਸੋਹਣੀ ਕੱਚੇ ਪੱਕੇ ਦੀ ਪੱਰਖ ਕਰਨ ਤੋਂ ਅਵੇਸਲੀ ਰਹਿ ਗਈ! ਅਤੇ ਮਹੀਵਾਲ ਰੂਪੀ ਘੜਾ ਪਾਣੀ ਵਿਚ ਖੁਰਕੇ ਸੋਹਣੀ ਦੇ ਇਸ਼ਕ ਨੂੰ ਖ਼ਾਰ ਕੇ ਝੱਨਾਂ ਦੇ ਪਾਣੀ ਦੇ ਪਾਣੀ ਵਿਚ ਰੋੜ੍ਹ ਕੇ ਸਦਾ ਲਈ ਅਮਰ ਕਰ ਗਿਆ।

G Ghuman, 95018-48436

# ਚੜ੍ਹਦੀ ਕਲਾ

ਵਰਤਾਰਾ ਅਕਾਲ ਦਾ ਹੋਣੀ ਲੈਂਦੀ ਉਲੀਕ
ਸ਼ਹਾਦਤ ਹੁੰਦੀ ਚੜ੍ਹਦੀ ਕਲਾ ਦਾ ਪ੍ਰਤੀਕ।
ਆਪ ਉਜੜ ਕੇ ਪੰਥ ਵਸਾਉਣ ਦੀ ਸੀ ਸੋਚ
ਜਾਬਰ ਜ਼ੁਲਮ ਖ਼ਿਲਾਫ਼ ਖੜ੍ਹਨ ਦੀ ਸਾਜੀ ਲੋਚ॥
ਬਖਸ਼ ਖੰਡੇ ਬਾਟੇ ਦੀ ਪਾਹੁਲ ਖ਼ਾਲਸਾ ਸਜਾਇਆ
ਅਦੁੱਤੀ ਹਸਤੀ ਚਿੜਿਓ ਬਾਜ਼ ਤੁੜਾਇਆ।
ਬਾਣੀ ਅਤੇ ਬਾਣੇ ਦਾ ਅਲੌਕਿਕ ਥਾਪਿਆ ਮੇਲ
ਚਾਰ ਫਰਜ਼ੰਦ ਵਾਰ ਅਜਬ ਰਚਾਇਆ ਖੇਲ੍ਹ॥
ਪੰਜ ਪਿਆਰਿਆਂ ਨੂੰ ਬਖਸ਼ਿਆ ਦਸਮ ਪਾਤਸ਼ਾਹ ਮਾਣ
ਪੰਜਾਂ ਤੋਂ ਲੈ ਪਾਹੁਲ ਕੀਤੀ ਸਮੁੱਚੀ ਲੋਕਾਈ ਹੈਰਾਨ।
ਸ਼ਸਤਰਾਂ ਦੀ ਮਹਿਮਾ ਨੂੰ ਵਧਾਇਆ ਆਖ ਪੀਰ
ਦੁਸ਼ਮਣ ਦੀ ਲੋਥਾਂ ਦਾ ਕਫ਼ਨ ਬਣੇ ਸੋਨੇ ਲੱਗਾ ਤੀਰ॥
ਢਹਿੰਦੀਆਂ ਕਲਾਵਾਂ ਨੂੰ ਮੁੱਢੋਂ ਦਿੱਤਾ ਮਨੋਂ ਵਿਸਾਰ
ਚੜ੍ਹਦੀ ਕਲਾ ਦੀ ਗੁੜ੍ਹਤੀ ਦੇ ਦਿੱਤਾ ਜਨਮ ਸੰਵਾਰ।
ਸੰਤ ਦੇ ਨਾਲ ਸਿਪਾਹੀ ਦੀ ਅਜਬ ਚਲਾ ਦਿੱਤੀ ਰੀਤ
ਸੁਰਿੰਦਰ ਰਚੇ ਕਵਿਤਾ ਡੁੱਬ ਅਕਾਲ ਪੁਰਖ ਦੀ ਪ੍ਰੀਤ॥

ਡਾ. ਸੁਰਿੰਦਰਪਾਲ ਸਿੰਘ, ਸ੍ਰੀ ਅੰਮ੍ਰਿਤਸਰ ਸਾਹਿਬ।






# ਮਾਘੀ 'ਤੇ ਵਿਸ਼ੇਸ਼ :
## ਖਿਦਰਾਣੇ ਦੀ ਢਾਬ ਤੋਂ ਸ੍ਰੀ ਮੁਕਤਸਰ ਸਾਹਿਬ



ਜ਼ਿਲ੍ਹਾ ਮੁਕਤਸਰ 'ਚ ਪ੍ਰਸਿੱਧ ਇਤਿਹਾਸਕ ਨਗਰ ਹੈ ਮੁਕਤਸਰ ਸਾਹਿਬ। ਇਸ ਨਗਰ ਦਾ ਪਹਿਲਾ ਨਾਂ ਖਿਦਰਾਣੇ ਦੀ ਢਾਬ ਜਾਂ ਤਾਲ ਖਿਦਰਾਣਾ ਸੀ। ਇਸ ਅਸਥਾਨ 'ਤੇ ਵਰਖਾ ਦਾ ਪਾਣੀ ਚਾਰਾਂ-ਪਾਸਿਆਂ ਤੋਂ ਆ ਕੇ ਇਕੱਤਰ ਹੋ ਜਾਂਦਾ ਜੋ ਸਾਲ ਭਰ ਦੂਰ-ਦੁਰਾਡੇ ਤੱਕ ਲੋਕਾਂ ਦੀ ਪਾਣੀ ਦੀ ਮੰਗ ਨੂੰ ਪੂਰਿਆਂ ਕਰਦਾ। ਇਲਾਕਾ ਰੇਤਲਾ ਸੀ ਤੇ ਹੋਰ ਕਿਧਰੇ ਨੇੜੇ-ਨੇੜੇ ਪਾਣੀ ਦੇ ਭੰਡਾਰ ਨਹੀਂ ਸਨ। ਇਸ ਕਰਕੇ ਖਿਦਰਾਣੇ ਦੀ ਢਾਬ ਜਾਂ ਤਾਲ ਪਾਣੀ ਦੀ ਮਹੱਤਤਾ ਕਰਕੇ ਪਹਿਲਾਂ ਹੀ ਇਲਾਕੇ 'ਚ ਕਾਫ਼ੀ ਜਾਣਿਆ-ਪਛਾਣਿਆ ਨਾਂ ਸੀ ਤੇ ਫਿਰ ਇਸ ਅਸਥਾਨ ਨੂੰ ਦਸਮੇਸ਼ ਪਿਤਾ ਗੁਰੂ ਗੋਬਿਦ ਸਿੰਘ ਜੀ ਦੀ ਪਾਵਨ ਚਰਨ-ਛੂਹ ਪ੍ਰਾਪਤ ਹੋਣ 'ਤੇ ਦਸਮੇਸ਼ ਪਿਆਰੇ ਗੁਰਸਿੱਖਾਂ ਦੇ ਪਵਿੱਤਰ ਖ਼ੂਨ ਨਾਲ ਇਹ ਧਰਤੀ ਹਮੇਸ਼ਾ ਲਈ ਪਾਵਨ-ਪਵਿੱਤਰ ਹੋ ਮੁਕਤਸਰ ਸਾਹਿਬ ਸਦਵਾਈ। ਖਿਦਰਾਣੇ ਦੀ ਢਾਬ ਜਾਂ ਤਾਲ ਕਿਵੇਂ ਬਣਿਆ? ਇਤਿਹਾਸਕ ਵਾਕਿਆ ਇਉਂ ਹੈ:

1704 ਈ: ਤੱਕ ਪਹਾੜੀ ਰਾਜਿਆਂ ਤੇ ਮੁਗ਼ਲਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਏ ਬਹੁਤ ਸਾਰੇ ਯੁੱਧਾਂ 'ਚ ਹਾਰ ਦਾ ਮੂੰਹ ਦੇਖਣਾ ਪਿਆ। ਦਸਮੇਸ਼ ਪਿਤਾ ਦੀਆਂ ਲਾਡਲੀਆਂ ਫ਼ੌਜਾਂ ਦੀ ਤਾਕਤ ਤੋਂ ਉਹ ਭਲੀ-ਭਾਂਤ ਜਾਣੂ ਸਨ। ਗੁਰੂ ਗੋਬਿੰਦ ਸਿੰਘ ਜੀ ਨਾਲ ਉਨ੍ਹਾਂ ਆਖ਼ਰੀ ਵਾਰ ਦੋ ਹੱਥ ਕਰਨ ਲਈ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਤੋਂ ਫ਼ੌਜੀ ਮਦਦ ਦੀ ਮੰਗ ਕੀਤੀ। ਔਰੰਗਜ਼ੇਬ ਆਪ ਤਾਂ ਉਸ ਸਮੇਂ ਦੱਖਣ ਦੀ ਮੁਹਿੰਮ 'ਤੇ ਸੀ ਪਰ ਉਸ ਨੇ ਪਹਾੜੀ ਰਾਜਿਆਂ ਦੀ ਮਦਦ ਲਈ ਸਰਹਿੰਦ-ਲਾਹੌਰ ਦੇ ਸੂਬੇਦਾਰਾਂ ਨੂੰ ਹੁਕਮ ਜਾਰੀ ਕੀਤੇ। ਇਸ ਤਰ੍ਹਾਂ ਸਰਹਿੰਦ-ਲਾਹੌਰ ਦੇ ਸੂਬੇਦਾਰਾਂ ਤੇ ਪਹਾੜੀ ਰਾਜਿਆਂ ਦੇ ਟਿੱਡੀ ਦਲਾਂ ਨੇ ਮਿਲ ਕੇ ਅਨੰਦਪੁਰ ਸਾਹਿਬ ਨੂੰ ਚੁਫੇਰੇ ਤੋਂ ਘੇਰਾ ਪਾ ਲਿਆ ਕਿਉਂਕਿ ਦਸਮੇਸ਼ ਪਿਤਾ ਦੇ ਸੂਰਮੇ ਸਿੰਘਾਂ ਨੇ ਪਹਿਲਾਂ ਕਈ ਵਾਰ ਮੈਦਾਨੇ ਜੰਗ 'ਚ ਪਹਾੜੀ ਰਾਜਿਆਂ ਦੀਆਂ ਦੌੜਾਂ ਲਗਾਈਆਂ ਸਨ। ਉਨ੍ਹਾਂ ਆਹਮੋ ਸਾਹਮਣੀ ਲੜਾਈ ਨਾਲੋਂ ਘੇਰਾਬੰਦੀ 'ਤੇ ਜ਼ਿਆਦਾ ਜ਼ੋਰ ਦਿੱਤਾ।

1704 ਈ: ਗਰਮੀ ਦੇ ਮਹੀਨਿਆਂ 'ਚ ਬਾਰਸ਼ਾਂ ਨਾਲ ਦੁਸ਼ਮਣ ਫ਼ੌਜਾਂ ਦਾ ਬੁਰਾ ਹਾਲ ਹੋਣ ਲੱਗਾ। ਸਮੇਂ ਸਮੇਂ ਖਾਲਸਾ ਫ਼ੌਜਾਂ ਹਮਲਾ ਕਰਕੇ ਦੁਸ਼ਮਣਾਂ ਦਾ ਜਾਨੀ ਤੇ ਮਾਲੀ ਨੁਕਸਾਨ ਕਰਦੇ ਹੋਏ ਰਸਦਾਂ ਦੀ ਲੁੱਟ-ਮਾਰ ਕਰ ਲੈਂਦੀਆਂ। ਖਾਲਸਾ ਫ਼ੌਜ ਦੇ ਅਚਾਨਕ ਹਮਲਿਆਂ ਕਰਕੇ ਦੁਸ਼ਮਣਾਂ ਦੇ ਹੌਸਲੇ ਪਸਤ ਹੋ ਚੁੱਕੇ ਸਨ। ਦੁਸ਼ਮਣ ਫ਼ੌਜ ਨੂੰ ਆਪਣੀ ਬਹੁ-ਗਿਣਤੀ 'ਤੇ ਮਾਣ ਸੀ। ਵਜ਼ੀਰ ਖਾਂ ਦੇ ਹੁਕਮ ਨਾਲ ਘੇਰਾਬੰਦੀ ਹੋਰ ਸਖ਼ਤ ਕਰ ਦਿੱਤੀ। ਘੇਰਾ ਲੰਮੇਰਾ, ਸਖ਼ਤ ਹੋਣ ਕਰਕੇ ਨਿੱਤ ਦੀ ਲੜਾਈ ਨਾਲ ਖਾਲਸਾ ਫ਼ੌਜਾਂ ਦੀ ਗਿਣਤੀ ਦਿਨ-ਬ-ਦਿਨ ਘੱਟਦੀ ਜਾ ਰਹੀ ਸੀ। ਅਨਾਜ-ਪਾਣੀ ਦੇ ਭੰਡਾਰੇ ਖਤਮ ਹੋਣ ਨੂੰ ਆ ਗਏ। ਪਸ਼ੂਆਂ ਲਈ ਚਾਰੇ ਦੀ ਕਿੱਲਤ ਆ ਗਈ। ਬਹੁਤ ਸਾਰੇ ਬਹਾਦਰ ਸਿੰਘ 'ਤੇ ਪਾਲਤੂ ਜਾਨਵਰ ਘੋੜੇ, ਭੁੱਖ ਦੀ ਭੇਟ ਚੜ੍ਹ ਗਏ। ਸਿਦਕੀ ਸਿੰਘਾਂ ਦੀ ਸਿਦਕ-ਸਬੂਰੀ ਦੀ ਪਰਖ ਹੋ ਰਹੀ ਸੀ। ਦੁਸ਼ਮਣ ਦੇ ਬਾਰ-ਬਾਰ ਢੰਡੋਰਾ ਦੇਣ 'ਤੇ ਵੀ ਜੇਕਰ ਕੋਈ ਖਾਲੀ ਹੱਥ ਜਾਣਾ ਚਾਹੇ ਤਾਂ ਉਸ ਨੂੰ ਜਾਣ ਦਿੱਤਾ ਜਾਵੇਗਾ, ਕੋਈ ਵੀ ਸਿੰਘ ਸਿਦਕ ਤੋਂ ਨਹੀਂ ਡੋਲਿਆ। ਗੁਰੂ ਜੀ ਨੇ ਪੰਚ-ਪ੍ਰਧਾਨੀ ਸਿਧਾਂਤ ਨੂੰ ਸਥਾਪਿਤ ਕਰ, ਖਾਲਸੇ 'ਚ ਇਤਨਾ ਆਤਮ-ਵਿਸ਼ਵਾਸ, ਜੁਅੱਰਤ ਭਰ ਦਿੱਤੀ ਕਿ ਖਾਲਸਾ ਸਮੇਂ-ਸਮੇਂ ਗੁਰੂ ਜੀ ਨੂੰ ਨਿਝੱਕ ਹੋ ਸਲਾਹ, ਸੁਝਾਅ ਰਾਇ ਅਤੇ ਅਖ਼ੀਰ ਲੋੜ ਪੈਣ 'ਤੇ ਅਦੇਸ਼ ਦੇ ਸਕਦਾ ਸੀ। ਕੁਝ ਸਿੰਘਾਂ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਵੱਖ-ਵੱਖ ਸਮੇਂ ਯੁੱਧ ਦੇ ਢੰਗ ਤਰੀਕੇ ਅਲੱਗ-ਅਲੱਗ ਹੁੰਦੇ ਹਨ। ਗੁਰੂ ਜੀ ਨੇ ਇਸ ਸਮੇਂ 'ਇੰਤਜ਼ਾਰ ਕਰੋ ਤੇ ਦੇਖੋ' ਦੀ ਪਾਲਸੀ 'ਤੇ ਚੱਲਣ ਲਈ ਕਿਹਾ ਪਰ ਕੁਝ ਸਿੰਘ ਇਸ ਬਿਖੜੇ ਸਮੇਂ ਸੁਆਰਥ ਤੇ ਨਿੱਜਤਵ ਦੇ ਸ਼ਿਕਾਰ ਹੋ ਗਏ। ਮੁਸ਼ਕਲ ਦੀ ਘੜੀ ਕੁਝ ਮਨ ਦੀ ਮੱਤ ਮਗਰ ਲੱਗ ਮਨਮੁੱਖ ਬਣ ਗੁਰੂ ਜੀ ਦਾ ਸਾਥ ਛੱਡਣ ਲੱਗੇ। ਗੁਰਦੇਵ ਜਾਣੀ-ਜਾਣ ਸਨ। ਜੇਕਰ ਉਹ ਚਾਹੁੰਦੇ ਤਾਂ ਉਸ ਸਮੇਂ ਹੀ ਉਨ੍ਹਾਂ ਦਾ ਭੁਲੇਖਾ ਦੂਰ ਕਰ ਸਕਦੇ ਸਨ ਪਰ ਗੁਰਦੇਵ ਨੇ ਖਾਲਸੇ ਨੂੰ ਸਰਬ-ਗੁਣ ਸੰਪੰਨ ਬਣਾਉਣਾ ਸੀ। ਭੁੱਲੇ ਨੂੰ ਭੁੱਲ ਦਾ, ਅਹਿਸਾਸ ਕਰਵਾ, 'ਚਰਨ ਚਲੋ ਮਾਰਗ ਗੋਬਿੰਦ' ਦੇ ਪਾਂਧੀ ਬਣਾ, ਇਕ ਨਵੀਂ ਮਿਸਾਲ ਬਣਾਉਣਾ ਸੀ। ਭੁੱਲ ਹਰ ਕੋਈ ਕਰ ਸਕਦਾ ਹੈ ਕਿਉਂਕਿ ਵਿਸ਼ਵ ਦਾ ਹਰ ਮਾਨਵ ਭੁੱਲਣਹਾਰ ਹੈ, ਕੇਵਲ ਕਰਤਾ ਹੀ ਅਭੁੱਲ ਹੈ:

ਭੁੱਲਣ ਅੰਦਰਿ ਸਭੁ ਕੋ
ਅਭੁਲੁ ਗੁਰੂ ਕਰਤਾਰ॥
।ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 61॥

ਪੇਟ ਦੀ ਭੁੱਖ ਜੋ ਮਨੁੱਖ ਨੂੰ ਨੀਚ ਤੋਂ ਨੀਚ ਕਰਮ ਕਰਨ ਲਈ ਕਈ ਵਾਰ ਮਜਬੂਰ ਕਰ ਦਿੰਦੀ ਹੈ। ਭਗਤ ਕਬੀਰ ਜੀ ਦਾ ਵੀ ਕਥਨ ਹੈ ਕਿ 'ਹੇ ਪ੍ਰਭੂ ਆਹ ਆਪਣੀ ਮਾਲਾ ਸਾਂਭ ਲੈ, ਭੁੱਖੇ ਪੇਟ ਭਗਤੀ ਨਹੀਂ ਹੋ ਸਕਦੀ।' 'ਭੂਖੇ ਭਗਤ ਨ ਕੀਜੈ ਜੇਹਿ ਮਾਲਾ ਆਪਣੀ ਲੀਜੇ' ਇਨ੍ਹਾਂ ਸਿੰਘਾਂ ਉਤੇ ਪੇਟ ਦੀ ਭੁੱਖ ਵੀ ਭਾਰੂ ਹੋਈ। ਭੁੱਖ ਦੇ ਦੁੱਖ ਤੋਂ ਤੰਗ ਆ ਕੇ ਕੁਝ ਸਿੰਘਾਂ ਨੇ ।ਜਿਨ੍ਹਾਂ ਦੀ ਗਿਣਤੀ ਇਤਿਹਾਸ 'ਚ 40 ਦੱਸੀ ਗਈ ਹੈ॥ ਗੁਰੂ ਤੋਂ ਬੇਮੁੱਖ ਹੋ ਅਨੰਦਪੁਰ ਨੂੰ ਛੱਡ ਜਾਣ ਦਾ ਇਰਾਦਾ ਕਰ ਲਿਆ। ਗਿਆਨੀ ਸੋਹਣ ਸਿੰਘ ਸੀਤਲ ਨੇ ਇਸ ਸਬੰਧੀ ਬੜੇ ਪਿਆਰੇ ਬੋਲ ਲਿਖੇ ਹਨ : ਗੁਰੂ ਜੀ ਦੇ ਪੇਸ਼ ਹੋ ਕੇ ਇਨ੍ਹਾਂ ਸਿੰਘਾਂ ਬੇਨਤੀ ਕੀਤੀ, ਗੁਰਦੇਵ! ਅਸੀਂ ਜਾਣਾ ਚਾਹੁੰਦੇ ਹਾਂ ? ਦਸਮੇਸ਼ ਪਿਤਾ ਨੇ ਇਨ੍ਹਾਂ ਸਿੰਘਾਂ ਨੂੰ ਬਚਨ ਕੀਤਾ, ਜੇਕਰ ਤੁਸੀਂ ਜਾਣਾ ਚਾਹੁੰਦੇ ਹੋ ਤਾਂ ਚਲੇ ਜਾਓ ਪਰ ਜਾਣ ਦੀ ਨਿਸ਼ਾਨੀ ਦੇ ਜਾਓ ਕਿ ਅਸੀਂ ਛੱਡ ਕੇ ਜਾ ਰਹੇ ਹਾਂ! ਸਿੰਘਾਂ ਲਿਖ ਕੇ ਦੇ ਦਿੱਤਾ, ਜਿਸ ਨੂੰ ਇਤਿਹਾਸ 'ਚ ਬੇਦਾਵਾ ਕਿਹਾ ਗਿਆ ਹੈ। ਇਨ੍ਹਾਂ ਸਿੰਘਾਂ ਨੇ ਅਨੰਦਪੁਰ ਨੂੰ ਛੱਡ ਘਰਾਂ ਵੱਲ ਨੂੰ ਮੂੰਹ ਕੀਤੇ। ਜਿਉਂ ਹੀ ਇਹ ਅਨੰਦਪੁਰ ਤੋਂ ਦੂਰ ਹੋਏ, ਇਨ੍ਹਾਂ ਨੂੰ ਗੁਰੂ ਜੀ ਦੇ ਵਿਛੋੜੇ ਦੀ ਪੀੜਾ ਤੰਗ ਕਰਨ ਲੱਗੀ। ਜਦ ਘਰੀਂ ਪਹੁੰਚੇ ਤਾਂ ਇਨ੍ਹਾਂ ਨੂੰ ਸ਼ਰਮਿੰਦਗੀ ਨੇ ਪੂਰੀ ਤਰ੍ਹਾਂ ਆ ਘੇਰਿਆ, ਪਰ ਹੁਣ ਸਮਾਂ ਲੰਘ ਚੁੱਕਿਆ ਸੀ।

ਦੂਸਰੇ ਪਾਸੇ ਇਸ ਲੰਮੇਰੀ ਜੰਗ ਤੋਂ ਪਹਾੜੀ ਰਾਜੇ ਵੀ ਪੂਰੀ ਤਰ੍ਹਾਂ ਤੰਗ ਆ ਚੁੱਕੇ ਸਨ। ਪਹਾੜੀ ਰਾਜਿਆਂ ਤੇ ਸਰਹਿੰਦ ਤੇ ਲਾਹੌਰ ਦੇ ਸੂਬੇਦਾਰਾਂ ਨੇ ਆਪਣੇ ਦਸਤਖ਼ਤਾਂ ਹੇਠ ਬਾਦਸ਼ਾਹ ਵੱਲੋਂ ਫੁਰਮਾਨ ਭੇਜਿਆ ਕਿ ਜੇਕਰ ਗੁਰੂ ਜੀ ਅਨੰਦਪੁਰ ਸਾਹਿਬ ਨੂੰ ਖਾਲੀ ਕਰ ਜਾਣ ਤਾਂ ਉਨ੍ਹਾਂ ਨੂੰ ਬਿਨ੍ਹਾਂ ਰੋਕ-ਟੋਕ ਦੇ ਜਾਣ ਦਿੱਤਾ ਜਾਵੇਗਾ ਇਸ ਲਈ ਮੁਸਲਮਾਨਾਂ ਨੇ ਕੁਰਾਨ ਤੇ ਭਾਰਤੀ ਪਹਾੜੀ ਰਾਜਿਆਂ ਨੇ ਗਊ ਦੀਆਂ ਕਸਮਾਂ ਵੀ ਖਾਧੀਆਂ।

ਗੁਰਦੇਵ ਪਿਤਾ, ਰਾਜਿਆਂ ਦੇ ਚਰਿੱਤਰ ਤੋਂ ਚੰਗੀ ਤਰ੍ਹਾਂ ਜਾਣੂ ਸਨ ਪਰ ਸਿੰਘਾਂ ਇਕੱਤਰ ਹੋ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਸਲਾਹ ਮਸ਼ਵਰੇ ਪਿੱਛੋਂ ਅਨੰਦਪੁਰ ਨੂੰ ਛੱਡ ਜਾਣ ਦਾ ਫ਼ੈਸਲਾ ਹੋ ਗਿਆ। ਰਾਤ ਦੇ ਪਹਿਲੇ ਪਹਿਰ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦੀ ਧਰਤ ਸੁਹਾਵੀ ਨੂੰ ਛੱਡ ਦਿੱਤਾ। ਅਨੰਦਪੁਰ ਦਾ ਕਿਲ੍ਹਾ ਖਾਲੀ ਕਰਨ ਦੀ ਦੇਰ ਹੀ ਸੀ ਕਿ ਦੁਸ਼ਮਣ ਫੌਜਾਂ ਨੇ ਸਭ ਕਸਮਾਂ-ਇਕਰਾਰ ਭੁੱਲ ਕੇ ਪਿੱਛੋਂ ਹਮਲਾ ਕਰ ਦਿੱਤਾ। ਗੁਰੂ ਜੀ ਚਮਕੌਰ ਦੀ ਗੜ੍ਹੀ ਪਹੁੰਚੇ। ਸੰਸਾਰ ਦਾ ਸਭ ਤੋਂ ਅਸਾਵਾਂ ਯੁੱਧ ਲੜਨ ਤੇ ਚਮਕੌਰ ਦੀ ਗੜ੍ਹੀ ਵਿੱਚੋਂ ਮੁਗ਼ਲਾਂ ਦੇ ਕੈਂਪ ਵਿਚ ਖਲਬਲੀ ਮਚਾ, ਮਾਛੀਵਾੜੇ ਦੇ ਜੰਗਲਾਂ ਵਿਚ 'ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਸੁਣਾ , ਦੀਨਾ ਕਾਂਗੜ ਤੋਂ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖ-ਪਹੁੰਚਾ, ਕਪੂਰੇ ਤੋਂ ਹੁੰਦੇ ਹੋਏ ਅਪ੍ਰੈਲ ਦੇ ਮਹੀਨੇ ਭੱਖਦੇ ਮਾਰੂਥਲਾਂ ਦੇ ਰਸਤੇ ਖਿਦਰਾਣੇ ਦੀ ਢਾਬ 'ਤੇ ਪਹੁੰਚੇ। ਵੈਰੀ ਦਾ ਟਿੱਡੀ ਦਲ ਵੀ ਗੁਰੂ ਜੀ ਦੇ ਪਿੱਛੇ-ਪਿੱਛੇ ਆ ਰਿਹਾ ਸੀ । ਖਿਦਰਾਣੇ ਦੀ ਢਾਬ ਖਾਲਸਾ ਫ਼ੌਜਾਂ ਦੇ ਘੇਰੇ ਵਿਚ ਸੀ। ਗੁਰੂ ਜੀ ਆਪ ਟਿੱਬੀ ਸਾਹਿਬ ਦੇ ਸਥਾਨ 'ਤੇ ਜਾ ਬਿਰਾਜੇ, ਦੁਸ਼ਮਣ ਫ਼ੌਜਾਂ ਨੇ ਹਮਲਾ ਕਰ ਦਿੱਤਾ। ਥੋੜ੍ਹਾ ਚਿਰ ਘਮਸਾਨ ਦਾ ਯੁੱਧ ਹੋਇਆ। ਦੇਖੋ! ਯੁੱਧ ਵਿਚ ਸਭ ਤੋਂ ਅੱਗੇ ਉਹੀ ਸਿੰਘ ਮਾਤਾ ਭਾਗੋ ਜੀ ਦੀ ਅਗਵਾਈ ਵਿੱਚ ਲੜ ਰਹੇ ਸਨ ਜੋ ਗੁਰਦੇਵ ਜੀ ਤੋਂ ਬੇਮੁੱਖ ਹੋ ਅਨੰਦਪੁਰ ਛੱਡ ਆਏ ਸਨ। ਗੁਰਦੇਵ ਪਿਤਾ ਸੂਰਮਿਆਂ ਨੂੰ ਰਣ-ਤੱਤੇ ਵਿਚ ਜੂਝਦਿਆਂ ਤੱਕ ਖ਼ੁਸ਼ ਹੋ ਰਹੇ ਸਨ। ਸਮੇਂ-ਸਮੇਂ ਗੁਰਦੇਵ ਦੁਸ਼ਮਣ ਦਲਾਂ 'ਤੇ ਤੀਰਾਂ ਦੀ ਵਰਖਾ ਕਰਦੇ। ਦਿਨ ਗਰਮੀ ਦੇ ਪਾਣੀ ਦਾ ਕਬਜ਼ਾ ਸਿੰਘਾਂ ਦੇ ਹੱਥ, ਦੁਸ਼ਮਣ ਫ਼ੌਜਾਂ ਨੂੰ ਹਰਾ ਕੇ ਮੈਦਾਨ ਖਾਲਸੇ ਨੇ ਫ਼ਤਹਿ ਕੀਤਾ। ਦੁਸ਼ਮਣ ਫ਼ੌਜਾਂ ਹਰਨ ਹੋ ਗਈਆਂ। ਦਸਮੇਸ਼ ਪਿਤਾ ਆਪ ਮੈਦਾਨ ਜੰਗ ਵਿਚ ਆਏ ਜਿਥੇ ਬੇਦਾਵੀਏ ਸਿੰਘਾਂ ਨੇ ਭੁੱਲ ਬਖ਼ਸ਼ਾਉਣ ਲਈ ਜੀਵਨ ਨਿਛਾਵਰ ਕਰ ਦਿੱਤੇ ਸਨ। ਯੁੱਧ ਦੇ ਮੈਦਾਨ ਵਿਚ ਗੁਰਦੇਵ ਪਿਤਾ ਹਰੇਕ ਸਿੰਘ ਦੇ ਪਵਿੱਤਰ ਸਰੀਰ ਪਾਸ ਜਾਂਦੇ 'ਤੇ ਸਿੰਘਾਂ ਦੇ ਮੁੱਖੜੇ ਸਾਫ਼ ਕਰਦੇ ਤੇ ਬਖਸ਼ਿਸ਼ਾਂ ਕਰਦੇ । ਬਖਸ਼ਿਸ਼ਾਂ ਕਰਦੇ ਗੁਰਦੇਵ ਪਿਤਾ ਪਹੁੰਚੇ ਮਹਾਂ ਸਿੰਘ ਦੇ ਪਾਸ, ਮਹਾਂ ਸਿੰਘ ਦੇ ਸੁਆਸ ਅਜੇ ਚੱਲ ਰਹੇ ਸਨ। ਗੁਰਦੇਵ ਨੇ ਸੂਰਮੇ ਸਿੰਘ ਦਾ ਮੁਖੜਾ ਸਾਫ਼ ਕੀਤਾ ਤੇ ਮੂੰਹ ਵਿਚ ਪਾਣੀ ਪਾਇਆ। ਸੀਸ ਗੋਦ 'ਚ ਰੱਖਿਆ ਤੇ ਕਿਹਾ ਕਿ ਮੁਕਤਿ ਭੁਗਤਿ ਜੁਗਤਿ ਸਭ ਹਾਜ਼ਰ ਹੈ...ਮੰਗ ਭਾਈ ਮਹਾਂ ਸਿੰਘ ! ਜੋ ਚਾਹੁੰਦਾ ਹੈ? ਮਹਾਂ ਸਿੰਘ ਗਿੜਗਿੜਾਇਆ, ਦਸਮੇਸ਼ ਪਿਤਾ! ਦਰਸ਼ਨਾਂ ਦੀ ਸਿੱਕ ਸੀ, ਪੂਰੀ ਹੋ ਗਈ! ਨਹੀਂ, ਪਿਆਰੇ ਮਹਾਂ ਸਿੰਘ ! ਕੁਝ ਹੋਰ ! ਗੁਰਦੇਵ ਪਿਤਾ ਤੁੱਠੇ ਹੋ ਕਿਰਪਾ ਨਿਧਾਨ ਤਾਂ ਸਾਡੀ ਟੁੱਟੀ ਮੇਲ ਲਵੋ। ਕਾਗਜ਼ ਦਾ ਉਹ ਟੁਕੜਾ ਪਾੜ ਦਿਓ ਜੋ ਅਸੀਂ ਦੇ ਆਏ ਸਾਂ ! ਮਹਾਂ ਸਿੰਘ ਦੀ ਖਾਹਿਸ਼ ਪੂਰੀ ਕਰਨ ਲਈ ਗੁਰਦੇਵ ਪਿਤਾ ਨੇ ਕਾਗਜ਼ ਟੁਕੜੇ-ਟੁਕੜੇ ਕਰ-ਟੂਟੀ ਗਾਢਨਹਾਰ ਗੁੋਪਾਲ ਸਰਬ ਜੀਆ ਆਪੇ ਪ੍ਰਤਿਪਾਲ ॥ ਦੇ ਗੁਰਬਾਣੀ ਦੇ ਅੰਤਮ ਸਚ ਦ੍ਰਿੜ ਨੂੰ ਕਰਵਾਇਆ। ਮਹਾਂ ਸਿੰਘ ਨੇ ਭੁੱਲਾਂ ਬਖਸ਼ਾ, ਸ਼ੁਕਰੀਆ ਅੰਦਾਜ਼ 'ਚ ਹੱਥ ਉੱਪਰ ਚੁੱਕੇ ਤੇ ਦਸਮੇਸ਼ ਪਿਤਾ ਦੀ ਗੋਦ ਵਿੱਚ ਸਦਾ ਲਈ ਸੌਂ ਗਿਆ। ਗੁਰੂ ਜੀ ਨੇ ਇਨ੍ਹਾਂ ਸ਼ਹੀਦਾਂ ਦਾ ਹੱਥੀਂ ਸਸਕਾਰ ਕੀਤਾ ਤੇ ਮੁਕਤਿਆਂ ਦੀ ਉਪਾਧੀ ਬਖ਼ਸ਼ਿਸ਼ ਕੀਤੀ। ਖਿਦਰਾਣੇ ਦੀ ਢਾਬ ਉਸ ਦਿਨ ਤੋਂ ਮੁਕਤਸਰ ਸਾਹਿਬ ਸਦਵਾਈ।

– ਰੂਪ ਸਿੰਘ (ਡਾ.)

# ਸ੍ਰੀ ਮੁਕਤਸਰ ਸਾਹਿਬ ਦੇ ਇਤਿਹਾਸਕ ਪਵਿੱਤਰ ਗੁਰਦੁਆਰੇ



ਸ੍ਰੀ ਮੁਕਤਸਰ ਸਾਹਿਬ ਦਾ ਵਚਿੱਤਰ ਇਤਿਹਾਸ ਹੋਣ ਕਾਰਨ ਇਹ ਸਿੱਖਾਂ ਦਾ ਬਹੁਤ ਹੀ ਪ੍ਰਸਿੱਧ ਪਵਿੱਤਰ ਅਸਥਾਨ ਹੈ। ਜਦੋਂ ਸੂਬਾ ਸਰਹੰਦ ਨੂੰ ਪਤਾ ਲੱਗਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਢਿਲਵਾਂ ਕਲਾਂ ਨਗਰ ਦੇ ਪਾਸ ਹਨ ਤਾਂ ਵਜ਼ੀਰ ਖ਼ਾਂ ਸੂਬਾ ਸਰਹੰਦ ਗੁਰੂ ਜੀ ਦਾ ਪਿੱਛਾ ਕਰਦਾ ਉਧਰ ਚਲ ਪਿਆ। ਗੁਰੂ ਜੀ ਨੇ ਖਿਦਰਾਣੇ ਦੇ ਰੇਤਲੇ ਟਿੱਬਿਆਂ ਵਿਚ ਇਕ ਪਾਣੀ ਦੀ ਢਾਬ ਦੇਖ ਅਪਣੇ ਮੋਰਚੇ ਬਣਾ ਲਏ। ਇਸ ਥਾਂ ਤੇ ਇਕ ਮਾਘ ਸੰਮਤ 1762 ਨੂੰ ਟੱਕਰ ਹੋਈ ਅਤੇ ਘਮਸਾਨ ਦਾ ਯੁੱਧ ਹੋਇਆ। ਇਸ ਤਰ੍ਹਾਂ ਇਸ ਅਸਥਾਨ ਘਰ ਗੁਰੂ ਜੀ ਨੇ ਮੁਗ਼ਲ ਸਾਮਰਾਜ ਨਾਲ ਆਖ਼ਰੀ ਅਤੇ ਫ਼ੈਸਲਾਕੁਨ ਯੁੱਧ ਕਰ ਕੇ ਭਾਰਤ ਵਿਚ ਮੁਗ਼ਲ ਰਾਜ ਦੀਆਂ ਜੜ੍ਹਾਂ ਪੁੱਟ ਦਿਤੀਆਂ।

ਇਸ ਮਹੱਤਵਪੂਰਣ ਯੁੱਧ ਦੀ ਜਿੱਤ ਅਤੇ ਗੁਰੂ ਜੀ ਨਾਲ ਸਬੰਧਤ ਇਥੇ ਕਈ ਗੁਰਦੁਆਰਾ ਸਾਹਿਬ ਸੁਸ਼ੋਭਿਤ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

**ਗੁਰਦੁਆਰਾ ਟੁੱਟੀ ਗੰਢੀ ਸਾਹਿਬ:**

ਇਹ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ਼ਹਿਰ ਵਿਚਕਾਰ ਸੁਸ਼ੋਭਿਤ ਹੈ ਜਿਥੇ ਮਾਘੀ ਵਾਲੇ ਦਿਨ ਅਤੇ ਹਰ ਮੱਸਿਆ ਨੂੰ ਭਾਰੀ ਇਕੱਠ ਹੁੰਦਾ ਹੈ। ਇਸ ਸਥਾਨ 'ਤੇ ਹੀ ਗੁਰੂ ਜੀ ਨੇ 40 ਸਿੰਘਾਂ ਵਲੋਂ ਆਨੰਦਪੁਰ ਸਾਹਿਬ ਵਿਖੇ ਦਿਤੇ ਬੇਦਾਵੇ ਨੂੰ ਭਾਈ ਮਹਾਂ ਸਿੰਘ ਦੇ ਸਾਹਮਣੇ ਪਾੜ ਕੇ ਮੁਕਤੀ ਪ੍ਰਦਾਨ ਕੀਤੀ ਸੀ ਅਤੇ ਟੁੱਟੀ ਗੰਢੀ ਸੀ। ਅੱਜਕਲ ਇਥੇ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਸੁਸ਼ੋਭਿਤ ਹੈ।

**ਗੁਰਦੁਆਰਾ ਸ਼ਹੀਦ ਗੰਜ ਸਾਹਿਬ:**

ਇਸ ਪਵਿੱਤਰ ਅਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਪਣੇ ਹੱਥੀਂ ਚਿਖਾ ਤਿਆਰ ਕਰ ਕੇ 40 ਮੁਕਤਿਆਂ ਦਾ ਅੰਤਮ ਸਸਕਾਰ ਕੀਤਾ ਸੀ, ਜੋ ਮੁਗ਼ਲ ਫ਼ੌਜਾਂ ਵਿਰੁਧ ਲੜਦੇ ਹੋਏ ਇਥੇ ਸ਼ਹੀਦ ਹੋਏ ਸਨ। ਇਥੇ ਹਰ ਸਾਲ ਤਿੰਨ ਮਈ ਨੂੰ ਸ਼ਹੀਦੀ ਦਿਵਸ ਮਨਾਇਆ ਜਾਂਦਾ ਹੈ।

**ਗੁਰਦੁਆਰਾ ਤੰਬੂ ਸਾਹਿਬ:**

ਗੁਰਦੁਆਰਾ ਤੰਬੂ ਸਾਹਿਬ ਸ੍ਰੀ ਦਰਬਾਰ ਦੀਆਂ ਪ੍ਰਕਰਮਾ ਵਿਚ ਹੀ ਸਥਿਤ ਹੈ। ਇਸ ਅਸਥਾਨ ਤੇ 40 ਮੁਕਤਿਆਂ ਨੇ ਮੁਗ਼ਲਾਂ ਨਾਲ ਜੰਗ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਫ਼ੌਜ ਨੂੰ ਆਉਂਦੀ ਦੇਖ ਝਾੜਾਂ ਅਤੇ ਝੁੰਡਾਂ ਉਪਰ ਅਪਣੇ ਕਪੜੇ ਅਤੇ ਚਾਦਰੇ ਤਾਣ ਕੇ ਮੁਗ਼ਲ ਫ਼ੌਜਾਂ ਨੂੰ ਸਿੰਘਾਂ ਦੀ ਫ਼ੌਜ ਵੱਡੀ ਹੋਣ ਦਾ ਭੁਲੇਖਾ ਪਾਇਆ ਸੀ।

**ਗੁਰਦੁਆਰਾ ਟਿੱਬੀ ਸਾਹਿਬ:**

ਸ਼ਹਿਰ ਤੋਂ ਦੋ ਕਿਲੋਮੀਟਰ ਦੂਰ ਇਹ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ ਇਥੇ ਉੱਚਾ ਰੇਤਲਾ ਟਿੱਬਾ ਅਤੇ ਜੰਗਲ ਸੀ। ਇਥੋਂ ਹੀ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਜ਼ੀਰ ਖ਼ਾਨ ਦੀ ਫ਼ੌਜ ਤੇ ਗੁਰੂ ਜੀ ਦਾ ਪਿੱਛਾ ਕਰਦੀ 40 ਮੁਕਤਿਆਂ ਨਾਲ ਲੜ ਰਹੀ ਸੀ, ਤੀਰ ਚਲਾਉਂਦੇ ਰਹੇ ਸਨ।

**ਗੁਰਦੁਆਰਾ ਦਾਤਣਸਰ ਸਾਹਿਬ:**

ਟਿੱਬੀ ਸਾਹਿਬ ਗੁਰਦੁਆਰਾ ਸਾਹਿਬ ਤੋਂ ਅੱਧਾ ਕਿਲੋਮੀਟਰ ਦੂਰ ਗੁਰਦੁਆਰਾ ਦਾਤਣਸਰ ਸਾਹਿਬ ਸੁਸ਼ੋਭਿਤ ਹੈ। ਇਸ ਅਸਥਾਨ ਪਰ ਗੁਰੂ ਜੀ ਦਾਤਣ ਕੁਰਲਾ ਕਰਿਆ ਕਰਦੇ ਸਨ ਅਤੇ ਇਕ ਦਿਨ ਜਦੋਂ ਗ਼ਦਾਰ ਮੁਸਲਮਾਨ ਨੂਰਦੀਨ ਨੇ ਇਕ ਨਿਹੰਗ ਸਿੰਘ ਦੇ ਭੇਸ ਵਿਚ ਤਲਵਾਰ ਨਾਲ ਗੁਰੂ ਜੀ ਤੇ ਹਮਲਾ ਕੀਤਾ ਤਾਂ ਗੁਰੂ ਜੀ ਨੇ ਬੜੀ ਫੁਰਤੀ ਨਾਲ ਵਾਰ ਬਚਾਉਂਦੇ ਹੋਏ ਪਾਣੀ ਵਾਲਾ ਗੜਵਾ ਮਾਰ ਕੇ ਉਸ ਨੂੰ ਮਾਰ ਦਿਤਾ ਸੀ।

**ਗੁਰਦੁਆਰਾ ਖੂਹ ਪਾਤਸ਼ਾਹੀ ਦਸਵੀਂ:**

ਕਿਉਂਕਿ ਇਸ ਇਲਾਕੇ ਵਿਚ ਪਾਣੀ ਦੀ ਬਹੁਤ ਘਾਟ ਸੀ ਅਤੇ ਖਿਦਰਾਣੇ ਦੀ ਜੰਗ ਸਮੇਂ ਗੁਰੂ ਜੀ ਨੇ ਸੰਗਤਾਂ ਦੀ ਮੰਗ ਤੇ ਤੀਰ ਮਾਰ ਕੇ ਮਿੱਠਾ ਪਾਣੀ ਕਢਿਆ ਸੀ। ਇਸ ਸਥਾਨ ਪਰ ਅੱਜਕਲ ਗੁਰਦੁਆਰਾ ਗੁਰੂ ਦਾ ਖੂਹ ਪਾਤਸ਼ਾਹੀ ਦਸਵੀਂ ਸੁਸ਼ੋਭਿਤ ਹੈ।

**ਗੁਰਦੁਆਰਾ ਰਕਾਬਸਰ ਸਾਹਿਬ:**

ਇਹ ਗੁਰਦੁਆਰਾ ਸਾਹਿਬ ਟਿੱਬੀ ਸਾਹਿਬ ਦੇ ਨੇੜੇ ਹੀ ਹੈ ਜਦੋਂ ਗੁਰੂ ਜੀ ਇਥੇ ਖਿਦਰਾਣੇ ਦੀ ਰਣਭੂਮੀ ਵਲ ਚਾਲੇ ਪਾਉਣ ਲੱਗੇ ਤਾਂ ਜਦੋਂ ਉਹ ਘੋੜੇ ਤੇ ਚੜ੍ਹੇ ਤਾਂ ਰਕਾਬ ਟੁੱਟ ਗਈ। ਇਹ ਰਕਾਬ ਅੱਜ ਵੀ ਇਥੇ ਮੌਜੂਦ ਹੈ। ਇਸ ਸਥਾਨ ਪਰ ਹੀ ਗੁਰਦੁਆਰਾ ਰਕਾਬ ਸਾਹਿਬ ਸਥਾਪਤ ਹੈ।

**ਗੁਰਦੁਆਰਾ ਦੁੱਖ ਨਿਵਾਰਨ ਸਾਹਿਬ :**

ਇਹ ਗੁਰਦੁਆਰਾ ਬਠਿੰਡਾ ਰੋਡ 'ਤੇ ਸਥਿਤ ਹੈ ਅਤੇ ਮਿੰਨੀ ਸਕੱਤਰੇਤ ਦੇ ਨੇੜੇ 80 ਫੁੱਟ ਉੱਚਾ 40 ਮੁਕਤਿਆਂ ਦੀ ਯਾਦ ਨੂੰ ਸਮਰਪਤ ਇਕ ਮੀਨਾਰ ਬਣਾਇਆ ਗਿਆ ਹੈ ਜਿਸ ਦੇ 40 ਗੋਲ ਚੱਕਰ ਹਨ ਅਤੇ 40 ਮੁਕਤਿਆਂ ਦੇ ਨਾਂ ਅੰਕਿਤ ਹਨ।

ਇਸ ਤਰ੍ਹਾਂ ਇਸ ਇਤਿਹਾਸਕ ਸ਼ਹਿਰ ਨੂੰ ਆਉਣ ਵਾਲੀਆਂ ਸੜਕਾਂ ਤੇ ਭਾਈ ਦਾਨ ਸਿੰਘ, ਭਾਈ ਲੰਗਰ ਸਿੰਘ, ਭਾਈ ਮਹਾਂ ਸਿੰਘ ਅਤੇ ਮਾਤਾ ਭਾਗ ਕੌਰ ਦੇ ਨਾਵਾਂ ਤੇ ਯਾਦਗਾਰੀ ਗੇਟ ਉਸਾਰੇ ਗਏ ਹਨ। ਸ਼ਹੀਦਾਂ ਦੇ ਖ਼ੂਨ ਨਾਲ ਸਿੰਜੀ ਇਸ ਧਰਤੀ ਨੂੰ ਗੁਰੂ ਗੋਬਿੰਦ ਸਿੰਘ ਜੀ ਆਪ ਹੀ ਖਿਦਰਾਣੇ ਦੀ ਢਾਬ ਨੂੰ 'ਮੁਕਤੀ ਦਾ ਸਰ' ਦਾ ਖ਼ਿਤਾਬ ਦਿਤਾ ਸੀ ਜੋ ਅੱਜਕਲ ਸ੍ਰੀ ਮੁਕਤਸਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸੰਗਤਾਂ ਅਨੇਕਾਂ ਦੀ ਗਿਣਤੀ ਵਿਚ ਇਥੇ ਪਹੁੰਚ ਕੇ ਸ਼ਹੀਦ ਸਿੰਘਾਂ ਨੂੰ ਮੱਥਾ ਟੇਕਦੀਆਂ ਹਨ ਅਤੇ ਸੱਭ ਗੁਰਦਵਾਰਿਆਂ ਦੇ ਦਰਸ਼ਨ ਕਰ ਨਿਹਾਲ ਹੁੰਦੀਆਂ ਹਨ।

ਬਹਾਦਰ ਸਿੰਘ ਗੋਸਲ
(ਮੋਬਾ. 9876452223)

# ਦੁੱਲਾ ਭੱਟੀ ਤੇ ਸੁੰਦਰੀ, ਮੁੰਦਰੀ ਦੀ ਕਹਾਣੀ



ਸੁੰਦਰੀ ਅਤੇ ਮੁੰਦਰੀ ਦੀ ਕਹਾਣੀ ਦੁੱਲਾ ਭੱਟੀ ਦੀ ਬਹਾਦਰੀ ਅਤੇ ਉਸ ਦੇ ਦਰਿਆ-ਦਿਲੀ ਵਾਲੇ ਸੁਭਾਅ ਦੀ ਸਭ ਤੋਂ ਪ੍ਰਚਲਿਤ ਕਹਾਣੀ ਹੈ। ਇਹ ਕਹਾਣੀ ਸਾਨੂੰ ਦੱਸਦੀ ਹੈ ਕਿ ਕਿਵੇਂ ਦੁੱਲੇ ਨੇ ਔਰਤਾਂ ਦੀ ਇੱਜ਼ਤ ਲਈ ਮੁਗਲ ਹਕੂਮਤ ਨਾਲ ਟੱਕਰ ਲਈ।

ਸੁੰਦਰੀ ਅਤੇ ਮੁੰਦਰੀ ਦੋ ਸਕੇ ਭੈਣਾਂ ਸਨ, ਜੋ ਇੱਕ ਗਰੀਬ ਬ੍ਰਾਹਮਣ ਦੀਆਂ ਧੀਆਂ ਸਨ। ਉਹ ਬਹੁਤ ਸੁੰਦਰ ਸਨ। ਉਸ ਇਲਾਕੇ ਦਾ ਮੁਗਲ ਹਾਕਮ (ਨੰਬਰਦਾਰ ਜਾਂ ਸੂਬੇਦਾਰ) ਉਹਨਾਂ ਦੀ ਸੁੰਦਰਤਾ 'ਤੇ ਮੋਹਿਤ ਹੋ ਗਿਆ ਅਤੇ ਉਹਨਾਂ ਨੂੰ ਆਪਣੇ ਹਰਮ ਵਿੱਚ ਲਿਜਾਣ ਲਈ ਉਹਨਾਂ ਦੇ ਪਿਤਾ 'ਤੇ ਦਬਾਅ ਪਾਉਣ ਲੱਗਾ।

ਗਰੀਬ ਬ੍ਰਾਹਮਣ ਬੇਵੱਸ ਸੀ। ਉਸ ਨੇ ਦੁੱਲਾ ਭੱਟੀ ਤੱਕ ਪਹੁੰਚ ਕੀਤੀ, ਜੋ ਉਸ ਸਮੇਂ ਮੁਗਲ ਹਕੂਮਤ ਦੇ ਵਿਰੁੱਧ ਬਗਾਵਤ ਕਰ ਰਿਹਾ ਸੀ ਅਤੇ ਗਰੀਬਾਂ ਦਾ ਰਾਖਾ ਮੰਨਿਆ ਜਾਂਦਾ ਸੀ। ਦੁੱਲੇ ਨੇ ਬ੍ਰਾਹਮਣ ਨੂੰ ਵਚਨ ਦਿੱਤਾ ਕਿ ਉਹ ਉਸ ਦੀਆਂ ਧੀਆਂ ਨੂੰ ਆਪਣੀਆਂ ਧੀਆਂ ਵਾਂਗ ਸਮਝੇਗਾ ਅਤੇ ਉਹਨਾਂ ਦਾ ਵਿਆਹ ਸਹੀ ਥਾਂ ਕਰਵਾਏਗਾ।

ਮੁਗਲ ਹਾਕਮਾਂ ਦੇ ਡਰ ਕਾਰਨ ਕੋਈ ਵੀ ਜਨਤਕ ਤੌਰ 'ਤੇ ਵਿਆਹ ਕਰਨ ਲਈ ਤਿਆਰ ਨਹੀਂ ਸੀ। ਦੁੱਲਾ ਭੱਟੀ ਨੇ ਜੰਗਲ ਵਿੱਚ ਹੀ ਸੁੰਦਰੀ ਅਤੇ ਮੁੰਦਰੀ ਦਾ ਵਿਆਹ ਉਹਨਾਂ ਦੇ ਮੰਗੇਤਰਾਂ ਨਾਲ ਤੈਅ ਕੀਤਾ।

ਅੱਗ ਦਾ ਸੇਕ: ਕਿਉਂਕਿ ਵਿਆਹ ਰਾਤ ਦੇ ਸਮੇਂ ਹੋ ਰਿਹਾ ਸੀ, ਦੁੱਲੇ ਨੇ ਲੱਕੜਾਂ ਇਕੱਠੀਆਂ ਕਰਕੇ ਅੱਗ ਬਾਲੀ (ਜਿਸ ਨੂੰ ਅੱਜ ਅਸੀਂ ਲੋਹੜੀ ਦੀ ਅੱਗ ਵਜੋਂ ਬਾਲਦੇ ਹਾਂ)।

ਸ਼ਗਨ: ਦੁੱਲਾ ਇੱਕ ਬਾਗੀ ਸੀ ਅਤੇ ਉਸ ਕੋਲ ਦੇਣ ਲਈ ਕੋਈ ਕੀਮਤੀ ਤੋਹਫ਼ੇ ਨਹੀਂ ਸਨ। ਉਸ ਨੇ ਆਪਣੀ ਝੋਲੀ ਵਿੱਚੋਂ ਇੱਕ ਸੇਰ ਸ਼ੱਕਰ ਕੱਢ ਕੇ ਕੁੜੀਆਂ ਦੀ ਝੋਲੀ ਵਿੱਚ ਪਾ ਦਿੱਤੀ ਅਤੇ ਉਹਨਾਂ ਨੂੰ ਆਸ਼ੀਰਵਾਦ ਦਿੱਤਾ।

ਇਸੇ ਘਟਨਾ ਦੀ ਯਾਦ ਵਿੱਚ ਲੋਹੜੀ ਦੇ ਗੀਤ ਦੀਆਂ ਇਹ ਸਤਰਾਂ ਹਰ ਘਰ ਵਿੱਚ ਗਾਈਆਂ ਜਾਂਦੀਆਂ ਹਨ:

"ਸੁੰਦਰ ਮੁੰਦਰੀਏ, ਹੋ! ਤੇਰਾ ਕੌਣ ਵਿਚਾਰਾ, ਹੋ! ਦੁੱਲਾ ਭੱਟੀ ਵਾਲਾ, ਹੋ! ਦੁੱਲੇ ਧੀ ਵਿਆਹੀ, ਹੋ! ਸੇਰ ਸ਼ੱਕਰ ਪਾਈ, ਹੋ! ਕੁੜੀ ਦਾ ਲਾਲ ਪਟਾਕਾ, ਹੋ! ਕੁੜੀ ਦਾ ਸਾਲੂ ਪਾਟਾ, ਹੋ! ਸਾਲੂ ਕੌਣ ਸਮੇਟੇ! ਚਾਚਾ ਗਾਲ਼ੀ ਦੇਸੇ! ਚਾਚੇ ਚੂਰੀ ਕੁੱਟੀ, ਜ਼ਿੰਮੀਦਾਰਾਂ ਲੁੱਟੀ!..."

ਇਹ ਕਹਾਣੀ ਸਾਨੂੰ ਸਿਖਾਉਂਦੀ ਹੈ ਕਿ ਮਨੁੱਖ ਨੂੰ ਹਮੇਸ਼ਾ ਮਜ਼ਲੂਮਾਂ (ਗਰੀਬਾਂ) ਦੀ ਮਦਦ ਕਰਨੀ ਚਾਹੀਦੀ ਹੈ ਅਤੇ ਔਰਤਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਅੱਜ ਵੀ ਲੋਹੜੀ ਦੇ ਤਿਉਹਾਰ 'ਤੇ ਦੁੱਲਾ ਭੱਟੀ ਨੂੰ ਯਾਦ ਕਰਕੇ ਪੰਜਾਬੀ ਆਪਣੀ ਵਿਰਾਸਤ 'ਤੇ ਮਾਣ ਕਰਦੇ ਹਨ।

# ਜ਼ਿੰਦਗੀ ਦੇ ਸੁਹਾਵਣੇ

ਜ਼ਿੰਦਗੀ ਦੇ ਸੁਹਾਵਣੇ ਪਲ। ਜਨਾਬ ਰਾਬਿੰਦਰ ਮਸਰੂਰ ਜੀ ਹੁਰਾਂ ਦੀ ਸੰਗਤ ਕਰਨੀ ਬਹੁਤ ਅਨੰਦਮਈ ਅਤੇ ਹੁਲਾਸ ਭਰਪੂਰ ਹੁੰਦੀ ਹੈ। ਉੱਚੀ ਆਤਮਿਕ ਅਵਸਥਾ ਵਿਚ ਲੀਨ ਰਹਿੰਦੇ ਨੇ ਮਸਰੂਰ ਸਾਹਿਬ, ਦੁਨੀਆ ਤੋਂ ਬਹੁਤ ਅਲੱਗ, ਪ੍ਰਕਿਰਤੀ ਦੀ ਗੋਦ ਵਿਚ। ਹੁਣ ਮਸਰੂਰ ਸਾਹਿਬ ਸਿਹਤ ਸਮੱਸਿਆ ਕਰਕੇ ਕਿਸੇ ਨਾਲ ਫੋਨ 'ਤੇ ਗੱਲ ਨਹੀਂ ਕਰ ਸਕਦੇ। ਮੁਲਾਕਾਤ ਸਮੇਂ ਵੀ ਮਸਾਂ ਇਕ-ਦੋ ਸ਼ਬਦ ਹੀ ਉਚਾਰਦੇ ਹਨ। ਵਕਤ ਸੀ ਉਨ੍ਹਾਂ ਦੀ ਤਰੰਨਮ ਫ਼ਿਜ਼ਾ ਵਿਚ ਰੰਗ ਘੋਲ਼ ਦਿੰਦੀ ਸੀ। ਮਸਰੂਰ ਸਾਹਿਬ ਪੰਜਾਬੀ ਗ਼ਜ਼ਲ ਦੇ ਸਭ ਤੋਂ ਸਿਖਰਲੇ ਗ਼ਜ਼ਲਗੋਆਂ ਵਿੱਚੋਂ ਇਕ ਹਨ। ਉਨ੍ਹਾਂ ਬਿਨਾ ਪੰਜਾਬੀ ਦੇ ਮੁਸ਼ਾਇਰੇ ਅਧੂਰੇ ਜਾਪਦੇ ਸਨ। ਉਨ੍ਹਾਂ ਦਾ ਕਵੀ ਵਜੋਂ ਸੁਨਹਿਰਾ ਦੌਰ ਚੱਲ ਰਿਹਾ ਸੀ ਜਦੋਂ ਉਨ੍ਹਾਂ ਨੇ ਸਾਹਿਤਕ ਖੇਤਰ ਨੂੰ ਤਿਲਾਂਜਲੀ ਦੇ ਕੇ ਅਧਿਆਤਮ ਦਾ ਰਾਹ ਚੁਣ ਲਿਆ, ਨਹੀਂ ਤਾਂ ਨਤੀਜੇ ਕੁਝ ਹੋਰ ਹੀ ਹੁੰਦੇ। ਉਨ੍ਹਾਂ ਨੇ ਧਾਰਮਿਕ ਖੇਤਰ ਵਿਚ ਵਿਚਰਦੇ ਹੋਏ ਵੀ ਕਮਾਲ ਦੀ ਧਾਰਮਿਕ ਸਿਰਜਣਾ ਕਰੀ। "ਚਾਰ ਸਾਹਿਬਜ਼ਾਦੇ" ਧਾਰਮਿਕ ਫ਼ਿਲਮ ਦੇ ਸਾਰੇ ਧਾਰਮਿਕ ਗੀਤ ਉਨ੍ਹਾਂ ਦੇ ਹੀ ਲਿਖੇ ਹੋਏ ਹਨ। ਮਸਰੂਰ ਜੀ ਦੀਆਂ ਸਾਰੀਆਂ ਗ਼ਜ਼ਲਾਂ "ਝੀਲ ਦੀ ਚੁੱਪ" ਵਿਚ ਦਰਜ ਹਨ। ਇਹ ਕਿਤਾਬ ਪੰਜਾਬੀ ਗ਼ਜ਼ਲ ਖੇਤਰ ਵਿਚ ਇਕ ਮੀਲ ਪੱਥਰ ਹੈ ਚਾਹੇ ਵਿਕਰੀ ਦੇ ਮਸਲੇ ਦੇ ਝੰਜਟਾਂ ਵਿਚ ਨਾ ਪਈਏ। ਇਕ ਤੋਂ ਇਕ ਸ਼ਿਅਰ ਵਧਕੇ। ਗ਼ਜ਼ਲਾਂ ਵਿਚ ਖ਼ਿਆਲਾਂ ਦੀ ਉੱਚਤਾ, ਮਿਠਾਸ, ਸਰਲਤਾ, ਸਲੀਕਾ, ਤਰਲਤਾ ਅਤੇ ਸੰਗੀਤ ਦਾ ਵਹਾਅ ਕਮਾਲ ਦਾ ਹੈ। ਇਹ ਰਚੀ ਹੋਈ ਸ਼ਾਇਰੀ ਹੈ ਬਣਾਈ ਹੋਈ ਨਹੀਂ। ਕੁਝ ਸ਼ਿਅਰ ਦੇਖੋ :-

ਸ਼ੁਕਰ ਹੈ ਮੈਂ ਸਫ਼ਰ ਹਾਂ, ਹੁਣ ਨਿਰੰਤਰ ਮੈਂ ਸਫ਼ਰ ਹੀ ਹਾਂ,
ਜੇ ਰਸਤਾ ਹੋ ਗਿਆ ਹੁੰਦਾ ਤਾਂ ਬਸ ਕੁਝ ਮੀਲ ਹੋ ਜਾਂਦਾ।
ਮੈਂ ਪੱਥਰ ਹੋ ਕੇ ਡਿੱਗਾ ਝੀਲ ਵਿਚ ਤਾਂ ਡੁੱਬਣਾ ਹੀ ਸੀ,
ਕਿਤੇ ਮੈਂ ਹੋ ਕੇ ਪਾਣੀ ਬਰਸਦਾ ਤਾਂ ਝੀਲ ਹੋ ਜਾਂਦਾ।
ਮੇਰੇ ਸਾਹਵੇਂ ਉਹ ਜ਼ਾਹਿਰ ਅਪਣੀ ਤਾਕਤ ਕਰ ਗਿਆ ਹੈ ।
ਸਮਝਦਾਂ ਹਾਂ ਕਿ ਉਹ ਮੇਰੇ ਤੋਂ ਕਾਫ਼ੀ ਡਰ ਗਿਆ ਹੈ।
ਸਫ਼ਰ ਅਪਣੇ ਗੁਨਾਹਾਂ ਦਾ ਵੀ ਮੈਨੂੰ ਹੀ ਪਿਆ ਲਿਖਣਾ।
ਮੈਂ ਕਰਦਾ ਸੋਚਦਾਂ ਹਾਂ ਕੀ ਤੇ ਮੈਨੂੰ ਕੀ ਪਿਆ ਲਿਖਣਾ।



ਹੈ ਬਦਨ ਇਕ ਕੈਦ, ਮੈਂ ਇਸ ਕੈਦ ਵਿਚ ਆਜ਼ਾਦ ਹਾਂ,
ਮੈਂ ਤਾਂ ਹਾਂ ਆਕਾਸ਼ ਮੇਰੀ ਚਾਰਦੀਵਾਰੀ ਨਹੀਂ।
ਸਾਥ ਮੇਰਾ ਖ਼ਾਰ ਹੈ ਖ਼ੁਸ਼ਬੂ ਵੀ ਹੈ,
ਛੱਡ ਕੇ ਮੈਨੂੰ ਜਾਹ ਤੇ ਫਿਰ ਪਛਤਾ ਕਦੀ।
ਬੜੇ ਭੋਲ਼ੇ ਹੋ ਮਛਲੀ ਨੂੰ ਡਰਾਉਂਦੇ ਹੋ ਇਹ ਕਹਿ ਕਹਿ ਕੇ,
ਸਮੁੰਦਰ ਬਹੁਤ ਡੂੰਘਾ ਹੈ, ਸਮੁੰਦਰ ਬਹੁਤ ਖਾਰਾ ਹੈ।
ਲੰਘ ਜਾ ਐ ਵਕਤ, ਤੂੰ ਮੁੜ ਕੇ ਨਾ ਵੇਖ,
ਢਹਿਣ ਦੇ ਮੇਰੇ ਮੁਨਾਰੇ ਮਾਣ ਦੇ।
ਕੰਧ 'ਤੇ ਲਟਕੀ ਹੋਈ ਪੁੱਛਦੀ ਸੀ ਕੱਲ੍ਹ ਮੈਨੂੰ ਮਿਆਨ,
ਫੇਰ ਲੈ ਕੇ ਚੂੜੀਆਂ ਆਵੇਗਾ ਵਣਜਾਰਾ ਕਦੋਂ।
ਜਾਨ ਹੀ ਪਿਆਰੀ ਹੈ ਵੈਸੇ ਕਹਿਣ ਨੂੰ ਕੁਝ ਵੀ ਕਹੋ,
ਜਾਨ ਤੋਂ ਪਿਆਰਾ ਵੀ ਹੁੰਦੈ ਜਾਨ ਤੋਂ ਪਿਆਰਾ ਕਦੋਂ।

-ਅਮਰਿੰਦਰ ਸੋਹਲ

# ਗੁਰਦੁਆਰਾ ਟੁੱਟੀ ਗੰਢੀ ਸਾਹਿਬ ਦਾ ਇਤਿਹਾਸ




ਸ੍ਰੀ ਮੁਕਤਸਰ ਸਾਹਿਬ: ਮਾਘੀ ਦੇ ਤਿਓਹਾਰ ਮੌਕੇ ਸ੍ਰੀ ਮੁਕਤਸਰ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਸਮੂਹ ਸਿੱਖ ਸੰਗਤ ਨਤਮਸਤਕ ਹੋਣ ਲਈ ਪਹੁੰਚ ਰਹੀ ਹੈ। ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿੱਖੇ ਇਨ੍ਹਾਂ ਦਿਨਾਂ ਵਿੱਚ ਲੱਖਾਂ ਦੀ ਗਿਣਤੀ 'ਚ ਸਿੱਖ ਸੰਗਤ ਹਾਜ਼ਰੀ ਭਰਦੀ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬਲਿਦਾਨ ਨੂੰ ਨਮਨ ਕਰਦੀ ਹੈ। ਦੱਸ ਦਈਏ ਕਿ ਸ੍ਰੀ ਮੁਕਤਸਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮੁਗਲਾਂ ਨਾਲ ਆਖਰੀ ਅਤੇ ਨਿਰਣਾਇਕ ਜੰਗ ਖਿਦਰਾਣੇ ਦੀ ਢਾਬ 'ਤੇ ਲੜੀ ਗਈ ਸੀ। ਜਿਸ ਨੂੰ ਹੁਣ ਸ੍ਰੀ ਮੁਕਤਸਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਗੁਰੂ ਜੀ ਨੇ ਖਿਦਰਾਣੇ ਦੀ ਜੰਗ ਦੇ ਸ਼ਹੀਦਾਂ ਨੂੰ ਮੁਕਤੇ ਅਤੇ ਇਸ ਸਥਾਨ ਨੂੰ ਮੁਕਤੀ ਦਾ ਸਰ (ਮੁਕਤਸਰ) ਦਾ ਵਰ ਦਿੱਤਾ ਸੀ।

ਇਸ ਜੰਗ ਦੇ ਸ਼ਹੀਦ ਚਾਲੀ ਮੁਕਤਿਆਂ ਨੂੰ ਸਮਰਪਿਤ ਸ਼ਹੀਦੀ ਜੋੜ ਮੇਲ 30 ਪੋਹ (13 ਜਨਵਰੀ) ਤੋਂ ਲੈ ਕੇ ਤਿੰਨ ਦਿਨ ਮਨਾਇਆ ਜਾਂਦਾ ਹੈ। ਇਸ ਮੌਕੇ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ 'ਚ ਸ਼ਰਧਾਲੂ ਪਵਿੱਤਰ ਸਰੋਵਰ 'ਚ ਇਸ਼ਨਾਨ ਕਰਦੇ ਹਨ। ਇਸ ਇਤਿਹਾਸਿਕ, ਧਾਰਮਿਕ ਅਤੇ ਵਿਰਾਸਤੀ ਸ਼ਹਿਰ ਵਿੱਚ ਦੋ ਗੁਰਦੁਆਰਾ ਕੰਪਲੈਕਸ ਹਨ।

**ਮਾਘੀ ਵਾਲੇ ਦਿਨ ਸ਼ਰਧਾਲੂ ਇੱਥੇ ਕਰਦੇ ਹਨ ਇਸ਼ਨਾਨ**

ਇਸ ਅਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਸ੍ਰੀ ਆਨੰਦਪੁਰ ਸਾਹਿਬ ਦੇ ਕਿਲੇ ਵਿੱਚ ਬੇਦਾਵਾ ਦੇਣ ਵਾਲੇ 40 ਸਿੰਘਾਂ ਦੇ ਮੁਖੀ ਭਾਈ ਮਹਾਂ ਸਿੰਘ ਦੀ ਅਰਜ਼ੋਈ 'ਤੇ ਗੁਰੂ ਜੀ ਨੇ ਬੇਦਾਵਾ ਪਾੜ ਕੇ ਟੁੱਟੀ ਗੰਢੀ ਸੀ। ਇਸ ਪੁਰਾਤਨ ਗੁਰਦੁਆਰੇ ਦੀ ਇਮਾਰਤ 1984 ਦੇ ਦੌਰ 'ਚ ਢਹਿ ਗਈ ਸੀ ਜਿਸ ਦਾ ਨਵ-ਨਿਰਮਾਣ ਕੀਤਾ ਗਿਆ ਹੈ। ਇੱਥੇ ਹੀ ਵਿਸ਼ਾਲ ਪਵਿੱਤਰ ਸਰੋਵਰ ਹੈ ਜਿਸ ਵਿੱਚ ਮਾਘੀ ਵਾਲੇ ਦਿਨ ਸ਼ਰਧਾਲੂ ਇਸ਼ਨਾਨ ਕਰਦੇ ਹਨ। ਇਹ ਸਰੋਵਰ ਤਰਨ ਤਾਰਨ ਸਾਹਿਬ ਤੋਂ ਬਾਅਦ ਦੂਜੇ ਸਥਾਨ 'ਤੇ ਵਿਸ਼ਾਲ ਹੈ। ਇਸ ਦੇ ਨਾਲ ਹੀ ਉਹ ਦਰੱਖਤ ਵੀ ਸਥਿਤ ਹੈ ਜਿਥੇ ਗੁਰੂ ਜੀ ਨੇ ਆਪਣਾ ਘੋੜਾ ਬੰਨ੍ਹਿਆ ਸੀ। ਇਸ ਦੇ ਨਾਲ ਹੀ ਵਿਸ਼ਾਲ ਸਰਾਂ ਹੈ ਜਿਥੇ ਸੈਂਕੜੇ ਲੋਕਾਂ ਦੇ ਰਹਿਣ ਦਾ ਪ੍ਰਬੰਧ ਹੈ।

**ਸ੍ਰੀ ਮੁਕਤਸਰ ਸਾਹਿਬ ਦਾ ਇਤਿਹਾਸ**

ਸ੍ਰੀ ਮੁਕਤਸਰ ਸਾਹਿਬ ਦੇ ਇਤਿਹਾਸ ਸਬੰਧੀ ਗੱਲ ਕਰਦਿਆਂ ਹੈੱਡ ਗ੍ਰੰਥੀ ਜਗਤਾਰ ਸਿੰਘ ਨੇ ਦੱਸਿਆ ਕਿ "ਇਹ ਉਹ ਪਵਿੱਤਰ ਅਸਥਾਨ ਹੈ ਜਿਥੇ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ 40 ਸਿੰਘਾਂ ਦੇ ਬਹਾਦੁਰੀ ਦੇ ਨਾਲ ਮੁਗ਼ਲ ਫੌਜਾਂ ਉੱਪਰ ਜਿੱਤ ਹਾਸਲ ਕੀਤੀ ਸੀ। 1704 ਈ. ਨੂੰ ਸ੍ਰੀ ਆਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਪਹਾੜੀ ਰਾਜਿਆਂ ਤੇ ਮੁਗਲ ਫੌਜਾਂ ਵਲੋਂ ਘੇਰਾ ਪਾਇਆ ਹੋਇਆ ਸੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਾਫੀ ਸਮੇਂ ਤੋਂ ਪਹਾੜੀ ਰਾਜਿਆਂ ਅਤੇ ਮੁਗਲਾਂ ਨਾਲ ਯੁੱਧ ਕੀਤਾ ਅਤੇ ਇਸ ਮੌਕੇ ਹਲਾਤ ਇਸ ਤਰ੍ਹਾਂ ਹੋ ਗਏ ਸਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫੌਜ ਕੋਲ ਖਾਣ ਪੀਣ ਲਈ ਰਸਤ ਖਤਮ ਹੋ ਰਹੀ ਸੀ ਅਤੇ ਸਿੰਘਾਂ ਕੋਲੋ ਭੁੱਖੇ ਰਹਿ ਕੇ ਜੰਗ ਲੜਨਾ ਮੁਸ਼ਕਲ ਹੋ ਗਿਆ ਸੀ। ਇਸ ਮੌਕੇ 40 ਸਿੰਘਾਂ ਵਲੋਂ ਬਗਾਵਤ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਕਿ ਗੁਰੂ ਜੀ ਹੁਣ ਸਾਡੇ ਕੋਲੋ ਭੁੱਖੇ ਰਹਿ ਕੇ ਜੰਗ ਨਹੀਂ ਲੜੀ ਜਾ ਸਕਦੀ ਅਤੇ ਇਨ੍ਹਾਂ 40 ਸਿੰਘਾਂ ਵਲੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਕਾਗਜ ਉੱਪਰ ਇੱਕ ਬੇਦਾਵਾ ਲਿਖ ਕੇ ਦੇ ਦਿੱਤਾ ਗਿਆ।

ਜਿਸ ਵਿੱਚ ਲਿਖਿਆ ਕੇ ਅਸੀਂ "ਅਸੀਂ ਤੇਰੇ ਸਿੱਖ ਨਹੀਂ ਤੁਸੀਂ ਸਾਡੇ ਗੁਰੂ ਨਹੀਂ" ਅਤੇ ਸਿੱਖਾਂ ਨੇ ਗੁਰੂ ਜੀ ਨੂੰ ਇਹ ਬੇਦਾਵਾ ਦੇ ਕੇ ਅਨੰਦਪੁਰ ਸਾਹਿਬ ਤੋਂ ਆਪਣੇ ਘਰਾਂ-2 ਵੱਲ ਚਾਲੇ ਪਾ ਦਿਤੇ ਪਰ ਜੱਦ ਇਹ ਸਿੰਘ ਆਪਣੇ-2 ਘਰ ਵਾਪਸ ਪੁੱਜੇ ਤਾਂ ਇਨ੍ਹਾਂ ਸਿੰਘਾਂ ਦੀਆਂ ਘਰ ਵਾਲੀਆਂ ਨੇ ਪੁੱਛਿਆ ਕਿ 'ਤੁਸੀਂ ਘਰ ਵਾਪਸ ਮੁੜ ਆਏ ਤੇ ਉਨ੍ਹਾਂ ਕਿਹਾ ਕਿ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਦੇ ਆਏ ਹਾਂ ਤੇ ਉਨ੍ਹਾਂ ਦੇ ਘਰ ਵਾਲਿਆਂ ਨੇ ਕਿਹਾ ਕਿ 'ਤੁਸੀਂ ਮੁਸੀਬਤ ਵਿੱਚ ਆਪਣੇ ਗੁਰੂ ਜੀ ਨੂੰ ਇੱਕਲਾ ਛੱਡ ਕੇ ਆਏ ਹੋ' ਕੋਈ ਮੁਸੀਬਤ ਘੜੀ ਵਿੱਚ ਆਪਣੇ ਗੁਰੂ ਨੂੰ ਇਸ ਤਰ੍ਹਾਂ ਬੇਮੁੱਖ ਹੋ ਕੇ ਕਿਵੇਂ ਛੱਡ ਸਕਦਾ ਹੈ। ਜੇ ਤੁਸੀਂ ਇਸ ਮੁਸੀਬਤ ਵਿੱਚ ਗੁਰੂ ਜੀ ਨਾਲ ਨਹੀਂ ਰਹਿ ਸਕਦੇ ਤੇ ਤੁਹਾਡੇ 'ਤੇ ਲਾਹਨਤ ਹੈ। ਲਓ ਤੁਸੀਂ ਆਹ ਚੂੜੀਆਂ ਪਾ ਲਵੋ ਅਤੇ ਲੁੱਕ ਕੇ ਘਰ ਵਿੱਚ ਬਹਿ ਜਾਓ। ਤੁਹਾਡੀ ਜਗ੍ਹਾਂ ਅਸੀਂ ਜਾਕੇ ਗੁਰੂ ਜੀ ਦਾ ਸਾਥ ਦੇਵਾਂਗੀਆਂ" ਤੇ ਮਾਤਾ ਭਾਗ ਕੌਰ ਦੀ ਯੋਗ ਅਗਵਾਈ ਵਿੱਚ ਉਹ 40 ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਾਲ ਵਿੱਚ ਵਾਪਸ ਚੱਲ ਪਏ।

ਇਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਰਿਵਾਰ ਸਮੇਤ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਚੁਕੇ ਸੀ। ਗੁਰੂ ਜੀ ਦੀ ਤਲਾਸ਼ ਵਿਚ ਚੱਲਦੇ-ਚੱਲਦੇ ਇਹ ਸਿੰਘ ਖਿਦਰਾਣੇ ਦੀ ਢਾਬ 'ਤੇ ਪਹੁੰਚ ਗਏ। ਦੂਜੇ ਪਾਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਿੱਛਾ ਕਰਦੀ ਮੁਗਲ ਫੌਜ ਗੁਰੂ ਜੀ ਦੀ ਤਲਾਸ਼ ਵਿੱਚ ਇਸ ਖਿਦਰਾਣੇ ਦੀ ਢਾਬ 'ਤੇ ਪਹੁੰਚ ਗਈ। ਉਨ੍ਹਾਂ 40 ਸਿੰਘਾਂ ਨੇ ਮੁਗਲ ਫੌਜਾਂ ਨੂੰ ਭੁਲੇਖਾ ਪਾਉਣ ਲਈ ਖਿਦਰਾਣੇ ਦੀ ਢਾਬ 'ਤੇ ਝਾੜੀ ਉੱਪਰ ਆਪਣੇ ਚਾਦਰੇ ਅਤੇ ਕਸ਼ਹਿਰੇ ਪਾ ਦਿੱਤੇ ਤਾਂ ਕਿ ਮੁਗਲ ਫੌਜਾਂ ਨੂੰ ਇਹ ਲੱਗੇ ਕਿ ਸਿੰਘਾਂ ਨੇ ਆਪਣੇ ਤੰਬੂ ਇਸ ਅਸਥਾਨ 'ਤੇ ਲਾਏ ਹੋਏ ਹਨ। ਇਸ ਅਸਥਾਨ 'ਤੇ ਮੁਗਲ ਫੌਜਾਂ ਦਾ ਮੁਕਾਬਲਾ ਇਥੇ ਪੁਜੇ 40 ਸਿੰਘਾਂ ਨਾਲ ਹੋ ਗਿਆ। ਇਸ ਹੀ ਜਗ੍ਹਾ 'ਤੇ ਯੁੱਧ ਹੋਇਆ ਅਤੇ ਇਸ ਯੁੱਧ ਵਿੱਚ ਮੁਗਲ ਫੌਜਾਂ ਨੂੰ ਹਾਰ ਮੂੰਹ ਦੇਖਣਾ ਪਿਆ ਅਤੇ ਸਿੰਘਾਂ ਯੋਧਿਆਂ ਨੇ ਜਿੱਤ ਹਾਸਲ ਕਰ ਸ਼ਹੀਦੀਆਂ ਪ੍ਰਾਪਤ ਕੀਤੀਆ।

ਪਰਿਵਾਰ ਵਿਛੋੜੇ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਇਹਨਾਂ 40 ਸਿੰਘਾਂ ਨਾਲ ਮਿਲਕਰ ਕੇ ਮੁਗਲ ਫੌਜਾਂ ਨਾਲ ਜੰਗ ਕਰਦੇ ਹੋਏ ਆਨੰਦਪੁਰ ਸਾਹਿਬ ਤੋਂ ਆਲਮਗੀਰ, ਅਤੇ ਵੱਖ-ਵੱਖ ਪੜਾਅ ਤਹਿ ਕਰਦੇ ਹੁੰਦੇ ਹੋਏ, ਗੁਰੂ ਸਾਹਿਬ ਜੀ ਕੋਟਕਪੁਰੇ, ਢਿੱਲਵਾਂ ਕਲਾਂ, ਜੈਤੋਂ, ਰਾਮੇਆਣਾ, ਮਲੱਣ ਆਦਿ ਪਿੰਡਾਂ ਵਿਚੋਂ ਹੁੰਦੇ ਹੋਏ ਖਿਦਰਾਣਾ ਦੀ ਢਾਬ 'ਤੇ ਇਸ ਅਸਥਾਨ ਤੋਂ ਕੁਝ ਹੀ ਦੁਰੀ ਤੇ ਟਿੱਬੀ ਸੇ ਅਸਤਾਨ 'ਤੇ ਗੁਰੂ ਸਾਹਿਬ ਜੀ ਨੇ ਆਪਣਾ ਆਸਨ ਲੱਗਾਇਆ ਅਤੇ ਟਿੱਬੀ ਦੇ ਅਸਥਾਨ 'ਤੇ ਬੈਠ ਕੇ ਗੁਰੂ ਸਾਹਿਬ ਜੀ ਨੇ ਮੁਗਲ ਫੌਜਾਂ 'ਤੇ ਤੀਰਾਂ ਦੀ ਵਰਖਾ ਕੀਤੀ। ਜਿੱਥੇ 21 ਵੈਸਾਖ 1762 ਸੰਮਤ ਨੂੰ ਉਨ੍ਹਾਂ ਆਪਣੇ ਜੀਵਨ ਦੀ ਆਖਰੀ ਅਤੇ ਫੈਸਲਾ ਕੁਨ ਜੰਗ ਲੜੀ।

**ਗੁਰੂ ਗੋਬਿੰਦ ਸਿੰਘ ਜੀ ਖਿਦਰਾਣੇ ਦੀ ਢਾਬ ਦੇ ਅਸਥਾਨ 'ਤੇ ਪੁੱਜੇ**

ਮੁਗਲ ਫੌਜ ਉਪਰ ਜਿੱਤ ਹਾਸਲ ਕੀਤੀ। ਮੁਗਲ ਨਾਲ ਜੰਗ ਖਤਮ ਹੋਣ ਤੋਂ ਬਾਅਦ ਜੱਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਿਦਰਾਣੇ ਦੀ ਢਾਬ ਦੇ ਅਸਥਾਨ 'ਤੇ ਪੁੱਜੇ ਤਾਂ ਉਨ੍ਹਾਂ ਨੇ ਦੇਖਿਆ ਕਿ ਮੇਰੇ ਸਿੰਘ ਸ਼ਹੀਦ ਹੋ ਗਏ ਹਨ ਪਰ ਜਦ ਉਨ੍ਹਾਂ ਇਸ ਦਰੱਖਤ ਜੋ ਵਨ ਅੱਜ ਤਕ ਇਸ ਸਥਾਨ ਪਰ ਸ਼ਸੋਬਤ ਹੈ ਨਾਲ ਆਪਣਾ ਘੋੜਾ ਬੰਨਿਆ ਅਤੇ ਉਨ੍ਹਾਂ ਦੇ ਸਿੰਘਾਂ ਵਿਚੋਂ ਇਕ ਸਿੰਘ ਜੋ ਕਿ ਅਜੇ ਸਹਿਕ ਰਿਹਾ ਸੀ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਾਸ ਆਕੇ ਉਸ ਸਿੰਘ ਦਾ ਸ਼ੀਸ਼ ਆਪਣੀ ਗੋਦ ਵਿਚ ਰਖਿਆ ਅਤੇ ਉਸ ਦੇ ਚੇਹਰੇ ਨੂੰ ਆਪਣੇ ਕਮਰ ਕਸੇ ਨਾਲ ਸਾਫ ਕੀਤਾ ਤਾਂ ਉਨ੍ਹਾਂ ਦੇਖਿਆ ਕੇ ਇਹ ਤੇ ਮੇਰਾ ਸਿੰਘ ਭਾਈ ਮਹਾਂ ਸਿੰਘ ਹੈ ਤੇ ਭਾਈ ਮਹਾਂ ਸਿੰਘ ਦੇ ਸਾਹ ਚੱਲ ਰਹੇ ਸਨ।

**ਬੇਦਾਵੇ ਨੂੰ ਪਾੜ ਦਿਓ**

ਗੁਰੂ ਜੀ ਪੁੱਛਿਆ ਕਿ ਮਹਾਂ ਸਿੰਘ ਮੰਗ ਕੀ ਮੰਗਦਾ ਹੈ ਤੇ ਭਾਈ ਮਹਾਂ ਸਿੰਘ ਨੇ ਸਹਿਕ ਦੇ ਹੋਏ ਕਿਹਾ 'ਗੁਰੂ ਜੀ ਸਾਥੋਂ ਬਹੁਤ ਵੱਡੀ ਭੁੱਲ ਹੋ ਗਈ ਸੀ ਸਾਨੂੰ ਮੁਆਫ ਕਰ ਦਿਓ' ਤੇ ਕਿਹਾ ਕਿ ਅਸੀਂ ਤੁਹਾਨੂੰ ਜੋ ਬੇਦਾਵਾ ਦੇ ਕੇ ਆਏ ਸੀ, ਉਸ ਨੂੰ ਬੇਦਾਵੇ ਨੂੰ ਪਾੜ ਦਿਓ ਅਤੇ ਸਾਡੀ ਭੁੱਲ ਬਖਸ਼ ਦਿਓ ਤੁਸੀਂ ਬਕਸ਼ਨ ਹਾਰ ਹੋ ਸਵਾਮੀ, ਸਾਡੀ ਟੁੱਟੀ ਗੰਢ ਲਓ ਗੁਰੂ ਜੀ ਨੇ ਬੇਦਾਵਾ ਆਪਣੀ ਕਮਰ ਵਿਚੋਂ ਕੱਢਕੇ ਪਾੜ ਦਿੱਤਾ ਅਤੇ ਭਾਈ ਮਹਾਂ ਸਿੰਘ ਨੂੰ ਘੁੱਟ ਕੇ ਆਪਣੀ ਛਾਤੀ ਨਾਲ ਲਗਾ ਲਿਆ ਅਤੇ ਇਸ ਮੌਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ 40 ਸਿੰਘਾਂ ਨੂੰ ਵਰ ਤੇ ਖਿਤਾਬ ਦਿੱਤੇ ਕਿ ਕੋਈ ਮੇਰਾ ਦਸ ਹਜ਼ਾਰੀ ਅਤੇ ਕੋਈ ਮੇਰਾ 20 ਹਜ਼ਾਰੀ ਇਸ ਤਰ੍ਹਾਂ ਇਸ ਜਗ੍ਹਾਂ ਗੁਰੂ ਜੀ ਨੇ ਆਪਣੇ 40 ਸਿੰਘਾਂ ਦੀ ਟੁੱਟੀ ਗੰਢੀ ਸੀ ਅਤੇ ਇਸ ਅਸਥਾਨ ਦਾ ਨਾਮ ਖਿਦਰਾਣੇ ਦੀ ਢਾਬ ਤੋਂ ਮੁਕਤੀਸਰ ਰੱਖਿਆ ਤੇ ਉਦੋ ਤੋਂ ਹੀ ਇਸ ਸਥਾਨ 'ਤੇ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਸ਼ਸ਼ੋਬਿਤ ਹੈ ਅਤੇ ਹਰ ਸਾਲ 40 ਮੁਕਤਿਆਂ ਦੀ ਸ਼ਹੀਦੀ ਸਮਰਪਤ ਹਰ ਸਾਲ ਮਾਘ ਮਹੀਨੇ ਦੀ ਪਹਿਲੀ ਮਾਘ ਨੂੰ ਸ਼ਹੀਦੀ ਜੋੜ ਮੇਲਾ ਮਾਘੀ ਮਨਾਇਆ ਜਾਂਦਾ ਹੈ।

# "ਪੰਜਾਬੀਓ ਆਪਾਂ ਕਿਹੜੇ ਰਾਹੀਂ ਪੈ ਗਏ?"

## (ਇਹੋ ਜਿਹਾ ਪੰਜਾਬ ਤਾਂ ਕਦੇ ਵੀ ਨਹੀਂ ਸੀ)



ਗੁਰੂ ਘਰਾਂ 'ਚ, ਸਿਵਿਆਂ ਦੇ ਵਿੱਚ, ਪਲਾਟਾਂ ਦੇ ਵਿੱਚ, ਫੈਕਟਰੀਆਂ ਦੇ ਵਿੱਚ ਗਲੀਆਂ ਦੇ ਵਿੱਚ ਸੀਸੀ ਟੀਵੀ ਕੈਮਰੇ ਲੱਗ ਗਏ ਨੇ ਕਿਉਂ? ਇਸ ਕਰਕੇ ਕਿ ਕੋਈ ਕਿਤੇ ਗਲਤ ਕੰਮ ਨਾ ਕਰ ਸਕੇ ਕਿ ਕੋਈ ਬੇਅਦਬੀ ਨਾ ਕਰੇ ਕੋਈ ਚੋਰੀ ਨਾ ਕਰੇ ਕੋਈ ਠੱਗੀ ਨਾ ਮਾਰ ਜੇ ਕੋਈ ਇੱਥੇ ਲੜਾਈ ਝਗੜਾ ਕਰਨਾ ਹੋਵੇ ਤਾਂ ਉਹਦਾ ਪਤਾ ਲੱਗ ਜੇ ਤੇ ਪਿੱਛੇ ਸਾਡੇ ਕੋਲ ਸਬੂਤ ਰਹਿ ਜੇ ਸਾਡੇ ਕੋਲੇ ਨਿਸ਼ਾਨੀ ਰਹਿ ਜਾਏ ਵੀ ਭਾਈ ਆਹ ਬੰਦੇ ਨੇ ਆਹ ਕਰਤੂਤ ਕੀਤੀ ਆ। ਬੰਦੇ ਨੇ ਆਹ ਹਰਕਤ ਕੀਤੀ ਯਾਨੀ ਕਿ ਬੰਦਿਆਂ ਦੇ ਉੱਤੇ ਹੁਣ ਕੈਮਰੇ ਅੱਖ ਰੱਖਦੇ ਆ ਤੇ ਕੈਮਰਿਆਂ ਦੇ ਉੱਤੇ ਬੰਦੇ ਅੱਖ ਰੱਖਦੇ ਆ। ਤਾਂ ਜੋ ਕੁਝ ਵੀ ਗਲਤ ਨਾ ਹੋਵੇ ਪਰ ਹੁਣ ਪੰਜਾਬ ਤੇ ਸ਼ਮਸ਼ਾਨ ਘਾਟਾਂ ਦੇ ਵਿੱਚ ਸਿਵਿਆਂ ਦੇ ਵਿੱਚ ਵੀ ਸੀਸੀਟੀਵੀ ਕੈਮਰੇ ਲਾਉਣੇ ਪੈ ਗਏ ਅੰਮ੍ਰਿਤਸਰ ਪਟਿਆਲਾ ਤੇ ਪੰਜਾਬ ਦੇ ਕਈ ਹਿੱਸਿਆਂ ਦੇ ਵਿੱਚ ਜਿੱਥੇ ਲਗਾਤਾਰ ਅਸਥੀਆਂ ਚੋਰੀ ਹੋ ਰਹੀਆਂ ਜਿੱਥੇ ਲਗਾਤਾਰ ਮ੍ਰਿਤਕਾਂ ਦੇ ਫੁੱਲ ਚੋਰੀ ਹੋ ਰਹੇ ਆ ਉਨਾਂ ਸਿਵਿਆਂ ਦੇ ਵਿੱਚ ਉਨਾ ਸ਼ਮਸ਼ਾਨ ਘਾਟਾਂ ਦੇ ਵਿੱਚ ਸੀਸੀਟੀਵੀ ਕੈਮਰੇ ਲਾ ਦਿੱਤੇ ਗਏ ਆ। ਪਟਿਆਲੇ ਦੇ ਇੱਕ ਸ਼ਮਸ਼ਾਨ ਘਾਟ ਦੇ ਵਿੱਚ ਲੰਘੇ ਕੱਲ ਪਰਿਵਾਰਿਕ ਮੈਂਬਰ ਆਪਣੇ ਵਿਛੜ ਗਏ ਜੀਅ ਦੀਆਂ ਅਸਥੀਆਂ ਫੁੱਲ ਚੁਗਣ ਵਾਸਤੇ ਗਏ ਆ ਉਹਦੇ ਵਿੱਚੋਂ ਖੋਪੜੀ ਗਾਇਬ ਉਹਦੇ ਸਰੀਰ ਨੇ ਕਈ ਕੀਮਤੀ ਅੰਗ ਦਾ ਕੁਛ ਦਿਨ ਪਹਿਲਾਂ ਦੀ ਗੱਲ ਹੈ ਜਦੋਂ ਅਖਬਾਰਾਂ ਦੇ ਵਿੱਚ ਖਬਰਾਂ ਆਈਆਂ ਕਿ ਪਾਤੜਾਂ ਦੇ ਵੱਲ ਪਾਤੜਾਂ ਦੇ ਲਾਗੇ ਇੱਕ ਪਿੰਡ ਆ ਉਸ ਪਿੰਡ ਦੇ ਸ਼ਮਸ਼ਾਨ ਘਾਟ ਦੇ ਵਿੱਚੋਂ ਫੁੱਲ ਚੁਗਣ ਦੇ ਲਈ ਗਏ ਪਰਿਵਾਰਿਕ ਮੈਂਬਰ ਤੇ ਉਥੋਂ ਕੁਛ ਨਹੀਂ ਮਿਲਿਆ ਅੱਧੀਆਂ ਉਹਨਾਂ ਦੀਆਂ ਅਸਥੀਆਂ ਜਾਨੀ ਕਿ ਅੱਧੀਆਂ ਮਿਲੀਆਂ ਤੇ ਅੱਧੀਆਂ ਨਹੀਂ ਮਿਲੀਆਂ। ਪੰਜਾਬ ਦੇ ਵਿੱਚ ਇਹ ਖਬਰਾਂ ਵੀ ਥਾਣਿਆਂ ਦੇ ਵਿੱਚ ਪਹੁੰਚ ਗਈਆਂ ਕਿ ਸਾਡੇ ਜੀਅ ਦੀਆਂ ਅਸਥੀਆਂ ਚੋਰੀ ਹੋ ਗਈਆਂ ਸਾਡੇ ਜੀਅ ਦੇ ਫੁੱਲ ਚੋਰੀ ਹੋ ਗਏ ਤੇ ਫੁੱਲ ਚੋਰੀ ਕੌਣ ਕਰਨ ਵਾਲੇ ਆ ਇਹਦੇ ਬਾਰੇ ਪਤਾ ਨਹੀਂਗਾ। ਫੁੱਲ ਚੋਰੀ ਕਿਹੜੀ ਗੱਲੋਂ ਹੋ ਰਹੇ ਆ ਇਹਦੇ ਬਾਰੇ ਪਤਾ ਲੱਗਾ ਵੀ ਤੰਤਰਕਾਂ ਦੇ ਕਹਿਣ ਤੇ ਕਿ ਸਾਡੀਆਂ ਸਾਰੀਆਂ ਸਿੱਧੀਆਂ ਪੈ ਜਾਣ ਤੇ ਸਾਡਾ ਟੂਣਾ ਸਫਲ ਹੋ ਜਾਵੇ। ਤੇ ਇਸ ਕਰਕੇ ਤੰਤਰ ਇਹ ਗੱਲ ਕਹਿੰਦੇ ਵੀ ਸਿਵਿਆਂ ਦੇ ਵਿੱਚੋਂ ਕਿਸੇ ਦੀ ਖੋਪੜੀ ਚੱਕ ਕੇ ਲਿਆਓ ਸਿਵਿਆਂ ਦੇ ਵਿੱਚੋਂ ਮਿਰਤਕ ਬੰਦੇ ਦਾ ਫੁੱਲਾਂ ਦੇ ਵਿੱਚੋਂ ਆਹ ਅੰਗ ਚੱਕ ਕੇ ਲਿਆਓ ਤੇ ਉਹ ਉੱਥੇ ਲੈ ਆਉਂਦੇ ਆ। ਸੋ ਮਤਲਬ ਇਹ ਆ ਕਿ ਜਦੋਂ ਤੁਸੀਂ ਪਰਿਵਾਰਿਕ ਮੈਂਬਰ ਜਾਦੇ ਆ ਕਿ ਅਸੀਂ ਆਪਦੇ ਟੱਬਰ ਦੇ ਜਿਹਦੀਆਂ ਅਸਤੀਆਂ ਚੁੱਗ ਲਿਆਗੇ ਫੁੱਲ ਚੁੱਕ ਕੇ ਆ ਗਏ ਤੁਹਾਨੂੰ ਉਥੋਂ ਅੱਧੇ ਅੰਗ ਜਿਹੜੇ ਮਿਲਦੇ ਨਹੀਂ ਆ ਇਸ ਕਰਕੇ ਸੀਸੀਟੀਵੀ ਕੈਮਰੇ ਲੱਗੇ। ਤੇ ਜਿਹੜੀ ਤਾਜ਼ਾ ਖਬਰ ਆਈ ਹੈ ਪਟਿਆਲੇ ਦੇ ਵੱਲੋਂ ਸੀਸੀਟੀਵੀ ਕੈਮਰੇ ਸ਼ਮਸ਼ਾਨ ਘਾਟ ਦੇ ਵਿੱਚ ਲੱਗੇ ਆ। ਪਰ ਇਸ ਦੇ ਬਾਵਜੂਦ ਕਲੀਅਰ ਨਹੀਂ ਗਾ ਹਨੇਰਾ ਹੋਣ ਕਰਕੇ ਕੁਝ ਦਿਸਦਾ ਨਹੀਂ ਸਾਫ ਤੇ ਸਪਸ਼ਟ ਦਿਖਾਈ ਨਹੀਂ ਦਿੰਦਾ। ਜਿਹਦੇ ਕਰਕੇ ਹੁਣ ਉੱਥੇ ਲੋਕਾਂ ਦੇ ਵਿੱਚ ਰੋਸ ਪਾਇਆ ਜਾ ਰਿਹਾ ਹੈ। ਸੋਚ ਕੇ ਦੇਖੋਂ ਜਿਉਂਦੇ ਜੀਅ ਵੀ ਅਸੀਂ ਬੰਦੇ ਨੂੰ ਛੱਡਿਆ ਨਹੀਂ ਤੇ ਮਰੇ ਦੇ ਅਸੀਂ ਅੰਗ ਵੀ ਨਹੀਂ ਛੱਡੇ ਤੇ ਪੰਜਾਬ ਦੇ ਲੋਕ ਤਰਕਸ਼ੀਲ ਤੇ ਅਸੀਂ ਅੰਧ ਵਿਸ਼ਵਾਸ ਤੋਂ ਮੁਕਤੀ ਵਾਲੇ ਤੇ ਜ਼ਿੰਦਗੀ ਨੂੰ ਤਰਕ ਦੇ ਨਾਲ ਜਿਉਣ ਵਾਲੇ ਮੰਨਦੇ ਰਹੇ ਸਾਂ ਪਰ ਇਹ ਦੇਖੋਂ ਵੀ ਹੁਣ ਪੰਜਾਬ ਕਿਹੜੇ ਰਾਹ ਦੇ ਉੱਤੇ ਤੁਰਿਆ। ਪੰਜਾਬ ਦੇ ਵਿੱਚ ਥਾਂ ਥਾਂ ਦੇ ਉੱਤੇ ਇਸ ਵੇਲੇ ਅਸਥੀਆਂ ਚੋਰੀ ਹੋਣ ਲੱਗ ਪਈਆਂ ਤੇ ਖਬਰਾਂ ਮਨ ਲੱਗਪੀਆਂ ਜੀ ਕਿ ਫੁੱਲ ਚੋਰੀ ਹੋਏ ਫੁੱਲਾਂ ਦੇ ਵਿੱਚੋਂ ਖੋਪੜੀ ਤੇ ਬਾਕੀ ਕੀਮਤੀ ਅੰਗ ਚੋਰੀ ਫੁੱਲਾਂ ਦੇ ਵਿੱਚੋਂ ਆਹ ਅੰਗ ਗਾਇਬ ਹੋਣ ਕਰਕੇ ਲੋਕਾਂ ਨੇ ਥਾਣੇ ਦੇ ਮੂਹਰੇ ਪ੍ਰਦਰਸ਼ਨ ਕੀਤਾ। ਫੁੱਲ ਚੋਰੀ ਹੋਣ ਦੇ ਕਰਕੇ ਰਿਪੋਰਟ ਦਰਜ ਕਰਵਾਈ ਗਈ ਸੀਸੀਟੀਵੀ ਕੈਮਰੇ ਪ੍ਰਸ਼ਾਸਨ ਦੇ ਵੱਲੋਂ ਲਵਾਉਣ ਦੀ ਮੰਗ ਪ੍ਰਸ਼ਾਸਨ ਨੇ ਗੱਲ ਕਹਿਣਾ ਵੀ ਭਾਈ ਤੁਸੀਂ ਆਪਦੇ ਪਿੰਡ ਦੇ ਵਿੱਚ ਸੀਸੀਟੀਵੀ ਕੈਮਰੇ ਲਵਾ ਲਓ। ਤਾਂ ਕਿ ਤੁਹਾਡੇ ਕੋਲੇ ਸਬੂਤ ਰਵੇ। ਤੁਹਾਡਾ ਆਪਣਾ ਤੁਰ ਗਿਆ ਤੁਹਾਨੂੰ ਇਹ ਨਹੀਂ ਪਤਾ ਕਿ ਉਹਦੇ ਹੱਡ ਬਚਣੇ ਕਿ ਨਹੀਂ ਇਹਦੇ ਹੱਡ ਜਿਹੜੇ ਕਿ ਇੱਕ ਲਿਫਾਫੇ ਦੇ ਵਿੱਚ ਪੈਣੇ ਆ ਉਹ ਲਿਫਾਫੇ ਚ ਪੈਣ ਜੋਗੇ ਵੀ ਨਹੀਂ ਲੱਭਦੇ ਕਿਉਂਕਿ ਪੰਜਾਬ ਦੇ ਵਿੱਚ ਆਹ ਕੁਝ ਚੱਲ ਪਿਆ।

ਇਹ ਪੰਜਾਬ ਦੇ ਵਿੱਚ ਤੰਤਰਿਕਾਂ ਦਾ ਮਸਲਾ ਕਿਉਂ ਆ ਪੰਜਾਬ ਦੇ ਵਿੱਚ ਹਰ ਰੋਜ਼ ਤੁਹਾਡੇ ਅਖਬਾਰਾਂ ਦੇ ਵਿੱਚ ਵਰਕੇ ਹੀ ਹੁੰਦੇ ਆ ਜਿਹਨੂੰ ਅਸੀਂ ਬਰਸ਼ਰ ਕਹਿੰਦੇ ਆ ਜਾਂ ਪੈਂਫਲਟ ਕਹਿੰਦੇ ਆਂ। ਉਹਨਾਂ ਦੇ ਵਿੱਚ ਕੀ ਕੁਝ ਲਿਖਿਆ ਹੁੰਦਾ ਲਿਖਿਆ ਇਹ ਹੁੰਦਾ ਕਿ ਭਾਈ ਸੌਕਣ ਤੋਂ ਛੁਟਕਾਰਾ ਪਾਓ ਵਸ਼ੀਕਰਨ ਦੇ ਮਾਹਰ ਕਾਲੇ ਇਲਮ ਦੇ ਮਾਹਰ ਬਾਬਾ ਸੁਲੇਮਾਨੀ ਫਲਾਣਾ ਫਲਾਣੇ ਨੇ ਐ ਕਰ ਦੇਣਾ ਫਲਾਣੇ ਨੇ ਐ ਕਰ ਦੇਣਾ ਕਰਜ਼ਾ ਮੁਕਤੀ ਤੋਂ ਸੰਪਰਕ ਕਰੋ ਜੀ ਛੁਟਕਾਰੇ ਦੇ ਲਈ ਫਿਰ ਜੇ ਤੁਸੀਂ ਵਿਦੇਸ਼ ਨਹੀਂ ਜਾ ਸਕਦੇ ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰੋ ਅਸੀਂ ਭੇਜ ਦਿਆਂਗੇ। ਜੇਕਰ ਤੁਸੀਂ ਮਨ ਚ ਆਇਆ ਪ੍ਰੇਮ ਚਾਹੁੰਦੇ ਹੋ ਤਾਂ ਫਿਰ ਸਾਡੇ ਨਾਲ ਸੰਪਰਕ ਕਰੋ ਤੇ ਇਉਂ ਹੀ ਮੇਰੇ ਕੋਲ ਵੀ ਆਇਆ ਅਖਬਾਰ ਤੇ ਅਖਬਾਰ ਦੇ ਵਿੱਚੋਂ ਇੱਕ ਵਰਕਾ ਨਿਕਲਿਆ ਮੈਂ ਉਸ ਵਰਕੇ ਵਾਲੇ ਨੰਬਰ ਦੇ ਉੱਤੇ ਫੋਨ ਕਰ ਲਿਆ ਉਹਦੇ ਵਿੱਚ ਇਹ ਗੱਲ ਕਹੀ ਸੀ ਕਿ ਕਰਜੇ ਤੋਂ ਮੁਕਤੀ ਦੇ ਲਈ ਅਤੇ ਦੁੱਖਾਂ ਤੋਂ ਛੁਟਕਾਰੇ ਦੇ ਲਈ ਪ੍ਰੇਮੀਗੜ ਮਿਲਾਪ ਦੇ ਲਈ ਵਿਦੇਸ਼ ਦੇ ਟੂਰ ਲਈ ਇਲਾਜਾਂ ਨੂੰ ਸੰਤਾਨ ਦੇ ਲਈ ਇਸ ਨੰਬਰ ਤੇ ਸੰਪਰਕ ਕਰੋ ਪਹਿਲੀ ਕਾਲ ਫਰੀ ਮੈਂ ਫੋਨ ਕਰ ਲਿਆ ਅੱਗੋਂ ਪਤਨੀ ਜੀ ਆਵਾਜ਼ ਵਾਲੀ ਬੀਬੀ ਨੇ ਫੋਨ ਚੱਕਿਆ ਉਹ ਕਹਿੰਦੀ ਹੈਲੋ ਮੈਂ ਕਿਹਾ ਜੀ ਮੈਂ ਸੁਲੇਮਾਨੀ ਸਾਹਿਬ ਨਾਲ ਗੱਲ ਕਰਨੀ ਤੁਹਾਡਾ ਇੱਕ ਵਰਕਾ ਜਿਹੜਾ ਸਾਡੀ ਅਖਬਾਰ ਚ ਆਇਆ ਕਰਜੇ ਦੀ ਮੁਸ਼ਕਿਲ ਦਾ ਹੱਲ ਕੱਢਣਾ ਜੀ ਜੇ ਤੁਸੀਂ ਮਦਦ ਕਰਦੇ ਹੋ ਉਹ ਕਹਿੰਦੇ ਜੀ ਕੋਈ ਚੱਕਰ ਹੀ ਨਹੀਂ ਅਸੀਂ ਉਤੇ ਲਿਖਿਆ ਹੋਇਆ ਵੀ ਤਲੀ ਦੇ ਉੱਤੇ ਸਰੋਂ ਜਮਾ ਦਈਦੀ ਆ ਤੇ ਅਸੀਂ ਜਮਾ ਕੇ ਵੀ ਦਿਖਾਵਾਂਗੇ ਮੈਂ ਉਹਨੂੰ ਬੇਨਤੀ ਕਰਦੀ ਕਿ ਠੀਕ ਆ ਉਹ ਕਹਿੰਦੀ ਜੀ ਕਰਜ਼ਾ ਕੀਹਦਾ ਹੈ? ਮੈਂ ਕਿਹਾ ਜੀ ਕਰਜ਼ਾ ਕਾਫੀ ਆ ਵੱਡੀ ਰਕਮ ਆ ਕਹਿੰਦੀ ਚੁਟਕੀਆਂ ਦੇ ਵਿੱਚ ਵੇਖੋ ਜੀ ਕਰਜਾ ਜਾਂਦਾ ਕਿਵੇਂ ਆ ਮੈਂ ਉਹਨੂੰ ਕਿਹਾ ਜੀ ਕਿੰਨੇ ਪੈਸੇ? ਕਹਿੰਦੀ ਜੀ 11000 ਲੱਗੂਗਾ ਤੁਸੀਂ ਮੇਰੇ ਕੋਲੋਂ ਅਕਾਊਂਟ ਨੰਬਰ ਲਿਖ ਲਓ ਆਈਐਫਸੀ ਕੋਰਟ ਲਿਖ ਲਓ ਬਰਾਂਚ ਨਾ ਲਿਖ ਲਓ ਬੈਂਕ ਦਾ ਨਾਂ ਲਿਖ ਲਓ ਤੇ ਮੈਨੂੰ ਇਧਰ ਪੈਸੇ ਪਾ ਦਿਓ ਤੇ ਮੈਨੂੰ ਲਿਖਵਾ ਦਿਓ ਵੀ ਕਰਜ਼ਾ ਕਿਹਦੇ ਸਿਰ ਖੁਸ਼ ਹੋ ਗਈ। ਮੈ ਕਿਹਾ ਜੀ ਲਿਖੋ ਤੁਸੀਂ ਪਿੰਡ ਦੇ ਨਾ ਕਰਜ਼ਾ ਪੰਜਾਬ ਦਾ 4 ਲੱਖ ਕਰੋੜ ਦੇ ਨੇੜੇ ਤੇੜੇ ਆ ਕਰਜੇ ਦੀ ਕਿਸ਼ਤ ਲਾ ਹੁਣ ਦੇ ਲਈ ਨਵਾਂ ਕਰਜ਼ਾ ਲੈਣਾ ਪੈਂਦਾ ਹੈ। ਪਿਛਲੇ ਲੰਮੇ ਸਮੇਂ ਦੀਆਂ ਸਰਕਾਰਾਂ ਨੇ ਪੰਜਾਬ ਦੇ ਸਿਰ ਇਹ ਕਰਜਾ ਚਾੜਿਆ ਅਸੀਂ ਬੜੇ ਦੁਖੀ ਆਂ ਤੇ ਸਾਨੂੰ ਇਸ ਕਰਜੇ ਤੋਂ ਮੁਕਤੀ ਚਾਹੀਦੀ ਆ। ਉਹਨੂੰ ਸ਼ਾਇਦ ਮੇਰੀ ਗੱਲ ਗਲਤ ਲੱਗੀ ਉਹਨੇ ਫੋਨ ਕੱਟਤਾ ਤੇ ਬਾਅਦ ਦੇ ਵਿੱਚ ਮੈਂ ਉਹਨੂੰ 20 ਵਾਰ ਫੋਨ ਕੀਤਾ ਉਹਨੇ ਚੱਕਿਆ ਨਹੀਂ ਕਿਉਂਕਿ ਇਹ ਉਹਦੇ ਵੱਸ ਦੀ ਗੱਲ ਨਹੀਂ ਸੀ।. ਸੋਚ ਕੇ ਦੇਖੋ ਪੰਜਾਬ ਦੇ ਲੋਕੋ ਜੇਕਰ ਇਹਨਾਂ ਦਾ ਆਪਦਾ ਕੰਮ ਚਲਦਾ ਹੋਵੇ ਇਹ ਤੁਹਾਡੇ ਘਰੇ ਆਉਂਦੀ ਅਖਬਾਰ ਦੇ ਵਿੱਚ ਆਪਦੇ ਵਰਕੇ ਪਾ ਕੇ ਕਿਉਂ ਭੇਜਣ ਤੁਹਾਨੂੰ ਤਾਂ ਇਹ ਗੱਲ ਕਹਿੰਦੇ ਵਿਦੇਸ਼ ਭੇਜ ਦਿਆਂਗੇ ਤੁਹਾਨੂੰ ਇਹ ਗੱਲ ਕਹਿੰਦੇ ਸਾਡਾ ਕਰਜ਼ਾ ਲਾ ਦਿਆਂਗੇ ਤੁਹਾਨੂੰ ਇਹ ਗੱਲ ਕਹਿੰਦੇ ਵੀ ਆਮਦਨ ਦੇ ਨਵੇਂ ਸਾਧਨ ਬਣਾ ਦਿਆਂਗੇ ਤੇ ਜੇਕਰ ਇਹ ਦੂਜੇ ਦੀ ਆਮਦਨ ਦੇ ਸਾਧਨ ਬਣਾ ਕੇ ਦੇ ਸਕਦੇ ਫਿਰ ਵਰਕੇ ਤੁਹਾਡੀਆਂ ਅਖਬਾਰਾਂ ਦੇ ਵਿੱਚ ਪਾ ਪਾ ਕੇ ਕਿਉਂ ਭੇਜਣ ਇਹ ਤਾਂ ਪਾ ਕੇ ਭੇਜਦੇ ਆ ਕਿਉਂਕਿ ਇਹਨਾਂ ਦਾ ਆਪਦਾ ਕੰਮ ਨਹੀਂ ਚੱਲਦਾ। ਇਹ ਗਾਹਕ ਲੱਭਦੇ ਆ ਤੁਹਾਨੂੰ ਦੇਸ਼ ਲੱਭ ਕੇ ਦੇਣ ਨੂੰ ਤਿਆਰ ਆ ਤੁਹਾਨੂੰ ਵੀਜ਼ਾ ਲੱਭ ਕੇ ਦਿੰਦੇ ਆ ਤੁਹਾਨੂੰ ਪ੍ਰੇਮਕਾ ਲੱਭ ਕੇ ਦਿੰਦੇ ਆ ਤੁਹਾਨੂੰ ਮੁੰਡੇ ਲੱਭ ਕੇ ਦਿੰਦੇ ਆ ਤੇ ਆਪਦੇ ਕੋਲੋਂ ਇਹਨਾਂ ਦੇ ਕੋਲੋਂ ਚਾਰ ਰੁਪਏ ਨਹੀਂ ਲੱਭੇ ਜਾਂਦੇ। ਇਹ ਤੁਹਾਡੇ ਸਿਰ ਦੇ ਉੱਤੇ ਲੱਭੇ ਜਾਂਦੇ ਮਤਲਬ ਪੰਜਾਬ ਦੇ ਲੋਕਾਂ ਦੇ ਇੱਕ ਹਿੱਸੇ ਦਾ ਬੌਧਕ ਪੱਧਰ ਆੜਾ ਹੈ। ਜਿਹਦੇ ਰਾਹੀਂ ਪਤਾ ਲੱਗਦਾ ਜੀ ਕਿ ਆਹ ਕੁਝ ਕਿਵੇਂ ਕਿਵੇਂ ਹੋਈ ਜਾਂਦਾ ਸੋ ਪੰਜਾਬ ਦੇ ਲੋਕ ਜਰੂਰ ਸੋਚਿਆ ਕਰਨ ਇਹਨਾਂ ਗੱਲਾਂ ਨੂੰ ਮੈਨੂੰ ਅਕਸਰ ਇਹ ਗੱਲ ਕਹਿ ਦਿੰਦੇ ਭੈਣਾ ਵੀਰ ਵੀ ਤੁਸੀਂ ਪੋਜੀਟਿਵ ਖਬਰ ਘੱਟ ਸਾਂਝੀ ਕਰਦੇ ਆ ਬਿਲਕੁਲ ਜੀ ਕਰਨੀ ਚਾਹੀਦੀ ਆ ਪਰ ਪੰਜਾਬ ਦੇ ਵਿੱਚੋਂ ਕੋਲੋਂ ਬਣਾ ਦਈਏ ਪੋਜੀਟਿਵ ਖਬਰ ਇਹ ਬਣਾ ਦਈਏ ਵੀ ਭਾਈ ਰੰਗਲਾ ਪੰਜਾਬ ਕਮਾਲਾ ਕਰੀ ਜਾਂਦਾ ਕਹਿ ਦਈਏ ਇਦਾਂ ਤੁਸੀਂ ਖੁਸ਼ ਹੋ ਜਾਓ ਇਹ ਕਹਿ ਦਈਏ ਵੀ ਭਾਈ ਪੰਜਾਬ ਦੇ ਰਾਜਨੀਤਿਕ ਲੋਕਾਂ ਨੇ ਆਪਦੀ ਸਕਿਉਰਟੀ ਛੱਡ ਤੀ ਆਪਦੇ ਭੱਤੇ ਛੱਡ ਤੇ ਲੁੱਟਣਾ ਬੰਦ ਕਰਤਾ ਇਸ ਵੇਲੇ ਬੱਲੇ ਬੱਲੇ ਆ ਪੰਜਾਬ ਦੇ ਵਿੱਚ ਮਸਲੇ ਹੀ ਕੋਈ ਨਹੀਂ ਰਿਹਾ ਨੌਕਰੀਆਂ ਦੀਆਂ ਲਹਿਰਾਂ ਲਹਿਰਾਂ ਲੱਗੀਆਂ ਪੰਜਾਬ ਦੇ ਵਿੱਚ ਰੁਜ਼ਗਾਰ ਇਨਾ ਪੈਦਾ ਹੋ ਗਿਆ ਹੁਣ ਕੋਈ ਬਾਹਰ ਜਾਣ ਨੂੰ ਮੂੰਹ ਨਹੀਂ ਕਰਦਾ। ਗੱਲ ਕਹਿ ਦਈਏ ਤੁਸੀਂ ਖੁਸ਼ ਹੋ ਜਾਓਗੇ ਜੇ ਪੋਜੀਟਿਵ ਖਬਰ ਲੈਣੀ ਹੈ ਤਾਂ ਇਹ ਆ ਕਿ ਭਾਈ ਇਸ ਵੇਲੇ ਮਾਘੀ ਦੇ ਮੇਲੇ ਦੀਆਂ ਤਿਆਰੀਆਂ ਜ਼ੋਰਾਂ ਦੇ ਉੱਤੇ ਹੈ ਤੇ ਬੀਜੇਪੀ ਕਹਿੰਦੀ ਅਸੀਂ ਪਹਿਲੀ ਵਾਰ ਰੈਲੀ ਕਰਾਂਗੇ ਆਮ ਆਦਮੀ ਪਾਰਟੀ ਕਹਿੰਦੀ ਅਸੀਂ ਵੀ ਕਰਾਂਗੇ ਮੁਕਤਸਰ ਸਾਹਿਬ ਦੇ ਵਿੱਚ ਤੇ ਅਕਾਲੀ ਦਲ ਹਰ ਵਾਰ ਹੀ ਕਰਦਾ ਹੈ ਤੇ ਕਾਂਗਰਸ ਨੇ ਵੀ ਕਰਨੀ ਆਂ। ਪਰ ਦੂਜੀ ਗੱਲ ਇਹ ਆ ਵੀ ਜਿਹੜੀ ਪੋਜੀਟਿਵ ਤੋਂ ਪਰੇ ਹੋ ਜਈਏ ਤਾਂ ਪੰਜਾਬ ਦੇ ਵਿੱਚ ਹਰ ਰੋਜ਼ ਗੋਲੀ ਚੱਲਦੀ ਆ ਕਿ ਆਪਾਂ ਇਸ ਗੱਲ ਨੂੰ ਪੋਜੀਟਿਵ ਮੰਨੀਏ ਲੁਧਿਆਣੇ ਦੇ ਹੈਬੋਵਾਲ ਦੇ ਵਿੱਚ ਚੰਦਰ ਨਗਰ ਉਹਦੇ ਵਿੱਚ ਇੱਕ ਕੱਪੜੇ ਦੀ ਦੁਕਾਨ ਆ ਛੋਟੀ ਜਿਹੀ ਉਹਦੇ ਮਾਲਕ ਨੂੰ ਫੋਨ ਆਉਂਦਾ ਕਹਿੰਦੇ ਜੀ ਅਸੀਂ ਫਲਾਣੇ ਗੈਂਗਸਟਰ ਦੇ ਬੰਦੇ ਬੋਲਦੇ ਆ 50 ਲੱਖ ਰੁਪਆ ਦੇ ਦੇ ਨਹੀਂ ਤਾਂ ਗੋਲੀ ਮਾਰ ਦਿਆਂਗੇ। ਉਹ ਬੰਦੇ ਨੇ ਫੋਨ ਕੱਟਤਾ ਵੀ ਭਾਈ ਮੇਰੇ ਕੋਲੇ ਹੈ ਨਹੀਂ। ਫੋਨ ਕੱਟੋ ਮੇਰੇ ਕੋਲ ਫਜ਼ੂਲ ਹੈ ਨਹੀਂ ਸਮਾਂ ਰਾਤ ਨੂੰ ਉਹਦੀ ਦੁਕਾਨ ਦੇ ਉੱਤੇ ਗੋਲੀਆਂ ਚੱਲ ਗਈਆਂ ਲੁਧਿਆਣੇ ਦੇ ਵਿੱਚੋਂ ਇੱਕ ਹੋਰ ਖਬਰ ਆਈ ਆ ਸ਼ਾਹੀ ਮਹਲੇ ਦੇ ਵਿੱਚ 10 ਨਕਾਬ ਪੋਸ਼ ਹਮਲਾਵਰਾਂ ਨੇ ਟੂਰ ਐਂਡ ਟਰੈਵਲ ਕਾਰੋਬਾਰੀ ਦੇ ਘਰ ਤੇ ਗੋਲੀਆਂ ਚਲਾਈਆਂ ਇਲਾਕੇ ਦੇ ਵਿੱਚ ਦਹਿਸ਼ਤ ਫੈਲ ਗਈ ਆ ਤੇ ਡਿਵੀਜ਼ਨ ਨੰਬਰ ਅੱਠ ਦੀ ਪੁਲਿਸ ਨੇ ਅਗਿਆਤ ਹਮਲਾਵਰਾਂ ਦੇ ਉੱਤੇ ਪਰਚਾ ਦਰਜ ਕੀਤਾ ਤੇ ਸੱਤ ਰਾਊਂਡ ਇੱਥੇ ਗੋਲੀਆਂ ਚੱਲੀਆਂ। ਜਗਰਾਉਂ ਦੇ ਵੱਲ ਮਾਣੂਕੇ ਪਿੰਡ ਦੇ ਵਿੱਚ 32 ਸਾਲ ਦੇ ਕਬੱਡੀ ਖਿਡਾਰੀ ਦੇ ਸਾਥੀ ਦੀ ਮਦਦ ਕਰਨ ਦੇ ਕਰਕੇ ਉਹਦੇ ਗੋਲੀ ਮਾਰ ਕੇ ਉਹਨੂੰ ਮਾਰ ਦਿੱਤਾ ਗਿਆ। ਉਹਦੇ ਘਰ ਦੇ ਮੂਹਰੇ ਜਾ ਕੇ ਬਦਮਾਸ਼ਾਂ ਨੇ ਗੱਲ ਕਹੀ ਤੁਹਾਡਾ ਮੁੰਡਾ ਮਾਰ ਕੇ ਸੁੱਟਤਾ ਜਾਓ ਚੱਕ ਲੋ। ਉਹਨੂੰ ਖੇਤਾਂ ਦੇ ਵਿੱਚੋਂ ਪੁਲਿਸ ਨੇ ਇਸ ਮਸਲੇ ਦੇ ਵਿੱਚ 12 ਜਣਿਆਂ ਤੇ ਪਰਚਾ ਦਰਜ ਕੀਤਾ ਪੰਜਾਂ ਦੇ ਉੱਤੇ ਬਾਈ ਨੇ ਸੱਤਾਂ ਤੋਂ ਲੈ ਕੇ ਅੱਠਾਂ ਤੱਕ ਦੇ ਉੱਤੇ ਆਜ਼ਾਦ ਲੋਕਾਂ ਦੇ ਉੱਤੇ ਤੇ ਕੀ ਆਪਾਂ ਇਸ ਗੱਲ ਨੂੰ ਪੋਜੀਟਿਵ ਖਬਰ ਮੰਨੀਏਂ? ਆਪਾਂ ਇਹ ਗੱਲ ਕਹੀ ਪੰਜਾਬ ਦੇ ਵਿੱਚ ਕਿਤੇ ਗੋਲੀ ਨਹੀਂ ਚੱਲਦੀ ਪੰਜਾਬ ਦੇ ਵਿੱਚ ਸਰਪੰਚ ਦਾ ਆਮ ਆਦਮੀ ਪਾਰਟੀ ਦੇ ਸਰਪੰਚ ਦਾ ਕਤਲ ਹੋ ਜਾਂਦਾ ਜਦੋਂ ਮੈਰਿਜ ਪੈਲਸ ਦੇ ਵਿੱਚ ਵਿਆਹ ਤੇ ਗਿਆ ਉਹ ਰੋਟੀ ਖਾ ਰਿਹਾ ਉਹਦੇ ਮਗਰਲੇ ਪਾਸੇ ਆ ਕੇ ਪੜਪੁੜੀ ਦੇ ਨਾਲ ਪਿਸਤੌਲ ਲਾ ਕੇ ਉਹਦੇ ਗੋਲੀ ਮਾਰ ਦਿੱਤੀ ਜਾਂਦੀ ਆ ਤੇ ਪੁਲਿਸ ਹੁਣ ਕਹਿੰਦੇ ਵੀ ਰੇਕੀ ਕਰਨ ਵਾਲਾ ਸ਼ੂਟਰਾਂ ਦਾ ਇੱਕ ਸਾਥੀ ਉਹਨੂੰ ਢੇਰ ਕੀਤਾ। ਕੀ ਆਪਾਂ ਇਹਨੂੰ ਪੋਜੀਟਿਵ ਖਬਰ ਮੰਨੀਏ? ਵੀ ਭਾਈ ਬੱਲੇ ਬੱਲੇ ਹੋਈ ਪਈ ਆ। ਪੰਜਾਬ ਦੇ ਵਿੱਚ ਪੰਜਾਬ ਦੇ ਵਿੱਚ ਕੋਈ ਇੱਕ ਦਿਨ ਐਸਾ ਹੈ ਜਿਸ ਦਿਨ ਗੋਲੀ ਨਹੀਂ ਚੱਲਦੀ? ਮੈਂ ਤਾਂ ਹਮੇਸ਼ਾ ਪੰਜਾਬ ਨੂੰ ਬੇਨਤੀ ਕਰਦਾ ਆਪਦੇ ਧੀਆਂ ਪੁੱਤਾਂ ਨੂੰ ਇਸ ਗੱਲ ਦੀ ਟ੍ਰੇਨਿੰਗ ਦਿਓ ਵੀ ਜੇਕਰ ਤੁਹਾਨੂੰ ਕੋਈ ਫੋਨ ਦੇ ਉੱਤੇ ਧਮਕੀ ਵੀ ਦਿੰਦਾ ਹੈ ਉਹਨੂੰ ਕਹੋ ਵੀਰ ਜੀ ਸਾਡਾ ਤੁਹਾਡੇ ਨਾਲ ਕੀ ਮੁਕਾਬਲਾ ਅੱਜ ਕੱਲ ਤਾਂ ਨਿਮਰ ਹੋ ਕੇ ਜਿਉਣ ਦਾ ਵੇਲਾ ਹੈ। ਮੈਂ ਸੋਚਦਾ ਵੀ ਅੱਜ ਕੱਲ ਤਾਂ ਜੇਕਰ ਮੱਥਾ ਟੇਕ ਕੇ ਬਹਿ ਬਹਿ ਕੇ ਵੀ ਨਿਕਲਿਆ ਜਾਵੇ ਪੰਜਾਬ ਦੇ ਵਿੱਚ ਹਾਲਾਤ ਹੀ ਐਸੇ ਬਣੇ ਪਏ ਆ ਆਪਾਂ ਇਹ ਗੱਲ ਕਹਿੰਦੇ ਧੱਕੜ ਹੁੰਦੇ ਆਂ ਗੋਲੀ ਮੂਹਰੇ ਕਾਹਦਾ ਧੱਕੜਪੁਣਾ? ਤੁਸੀਂ ਪੁਲਿਸ ਦੇ ਕੋਲੇ ਜਾ ਕੇ ਸਿਕਿਉਰਟੀ ਦੀ ਮੰਗ ਕਰਦੇ ਤੁਹਾਨੂੰ ਸਕਿਉਰਟੀ ਮਿਲੂ ਕਿਵੇਂ ਤੁਹਾਡੇ ਕੋਲੇ ਕਿਹੜਾ ਕੋਈ ਸਿਫਾਰਿਸ਼ ਆ ਜੇ ਮਿਲਦੇ ਵੀ ਦੋ ਬੰਦੇ ਮਿਲਦੇ ਆ ਜਿਨਾਂ ਨੇ ਗੋਲੀ ਮਾਰਨੀ ਪਤਾ ਨਹੀਂ ਉਹ ਕਿਹੜੇ ਪਾਸਿਓਂ ਆਉਣੇ ਆਂ ਇਹ ਦੋ ਕੀ ਕਰਨਗੇ। ਚੋਹਲਾ ਸਾਹਿਬ ਦੇ ਵੱਲੋਂ ਖਬਰ ਆਈ ਆ ਪਿਛਲੇ ਕਈ ਸਾਲਾਂ ਤੋਂ ਇਥੋਂ ਦੇ ਵੱਖ-ਵੱਖ ਕਾਰੋਬਾਰੀ ਭਾਵੇਂ ਦਰਮਿਆਨੇ ਭਾਵੇਂ ਵੱਡੇ ਆ ਉਹਨਾਂ ਨੇ ਆਪਣੀ ਸਿਕਿਉਰਟੀ ਕਰਮਚਾਰੀ ਰੱਖੇ ਬੰਦੂਕਾਂ ਵਾਲੇ ਉਹ ਕਹਿੰਦੇ ਵੀ ਜੇਕਰ ਅਸੀਂ ਚਾਹੁੰਦੇ ਆ ਜੀ ਕਿ ਲਾਇਸੰਸ ਬਣੇ ਸਾਡਾ ਗਨ ਦਾ। ਉਹਦੇ ਲਈ ਕਹਿੰਦੇ ਕਿ ਫਾਈਲ ਨਹੀਂ ਕਲੀਅਰ ਹੁੰਦੀ ਕਈ ਕ ਸਾਲ ਨਿਤਸ ਨੂੰ ਧਮਕੀ ਆਈ ਰਹਿੰਦੀ ਫਰੋਤੀ ਦੀ ਅਸੀਂ ਜ਼ਿੰਦਗੀ ਵਿੱਚ ਤਾਂ ਜਿਉਣੀ ਆ ਕਾਰੋਬਾਰ ਵੀ ਕਰਨਾ ਇਸ ਕਰਕੇ ਅਸੀਂ ਆਪਦੇ ਬੰਦੂਕਾਂ ਵਾਲੇ ਸਾਥੀ ਰੱਖ ਲਏ ਆ ਪੰਜਾਬ ਦੇ ਵਿੱਚ ਆਹ ਹਾਲਾਤ ਬਣੇ ਪਏ ਆ ਮੇਰੀ ਬੇਨਤੀ ਆ ਤੁਹਾਡੇ ਵੀ ਧੀ ਜਾਂ ਪੁੱਤ ਦੇ ਗੋਲੀ ਵੱਜ ਸਕਦੀ ਆ। ਤੁਹਾਡਾ ਪੁੱਤ ਵੀ ਮਾਰਿਆ ਜਾ ਸਕਦਾ ਜੇ ਮੈਨੂੰ ਗੱਲ ਕਹਿਣੀ ਨਹੀਂ ਚਾਹੀਦੀ ਪਰ ਜੇਕਰ ਆਪਾਂ ਚਾਹੁੰਦੇ ਆ ਕਿ ਭਾਈ ਸਾਡੀ ਜ਼ਿੰਦਗੀ ਬਚੇ ਤਾਂ ਅੱਜ ਸਾਨੂੰ ਦਿਖਾਵਾ ਬੰਦ ਕਰਨਾ ਪਊਗਾ। ਹਾਲਾਂਕਿ ਬਿਨਾਂ ਦਿਖਾਵੇ ਵਾਲਿਆਂ ਤੋਂ ਜਿਹੜੇ ਲੋਕ ਆ ਉਹ ਵੀ ਗੋਲੀ ਖਾਂਦੇ ਆ ਉਹਨਾਂ ਦੇ ਵੀ ਗੋਲੀ ਉਹਦੀ ਲਾਸ਼ ਨੂੰ ਸੜਕ ਤੇ ਲੈ ਕੇ ਆਉਂਦੇ ਆ ਵੀ ਭਾਈ ਬੰਦੇ ਫੜੇ ਜਾਣ ਕਾਤਲ ਫਿਰ ਅਸੀਂ ਸਸਕਾਰ ਕਰਾਂਗੇ ਇੱਕ ਅੱਧਾ ਫੜਿਆ ਜਾਂਦਾ ਇਕਦਮ ਕਾਊਂਟਰ ਹੁੰਦਾ ਬਾਕੀ ਬਚ ਜਾਂਦੇ ਪਰਚਾ ਦਰਜ ਹੋ ਜਾਂਦਾ ਕਿਹੜਾ ਸਸਕਾਰ ਹੋਇਆ ਭੋਗ ਤੋਂ ਪਹਿਲਾਂ ਦੋ ਥਾਵਾਂ ਤੇ ਬੰਦੇ ਹੋਰ ਮਰ ਜਾਂਦੇ ਆ। ਪੰਜਾਬ ਦੇ ਵਿੱਚ ਰਹੂ ਕੌਣ ਸਵਾਲਾ ਨਾਲ ਸਵਾਲ ਇਹ ਆ ਮੈਂ ਇੱਕ ਦਿਨ ਅੱਗੇ ਵੀ ਬੇਨਤੀ ਕੀਤੀ ਸੀ ਅੱਜ ਕੱਲ ਪੈਸੇ ਕਮਾਉਣ ਵਾਸਤੇ ਲੋਕ ਵਿਦੇਸ਼ਾਂ ਦੇ ਵਿੱਚ ਨਹੀਂ ਜਾਂਦੇ ਜੇ ਇਕੱਲੇ ਪੈਸੇ ਕਮਾਉਣ ਵਾਸਤੇ ਜਾਂਦੇ ਹੁਣ ਤਾਂ ਦੋ ਦੋ ਕਨਾਲ ਦੀਆਂ ਕੋਠੀਆਂ ਇਥੇ ਛੱਡ ਕੇ ਤੇ ਨਾਲ ਕਨਾਲ ਦੀ ਇਥੇ ਕੋਠੀ ਛੱਡ ਕੇ ਪੰਜ ਪੰਜਦ ਕਰੋੜ ਰੁਪਏ ਦੀਆਂ ਕੋਠੀਆਂ ਛੱਡ ਕੇ ਕਾਰਾਂ ਟਰੈਕਟਰ ਟਰਾਲੀਆਂ ਸਭ ਕੁਝ ਇੱਥੇ ਛੱਡ ਕੇ ਤੇ ਬਾਹਰਲੇ ਮੁਲਕ ਦੇ ਵਿੱਚ ਬੇਸਮੈਂਟ ਦੇ ਵਿੱਚ ਇੱਕ ਕਮਰੇ ਦੇ ਵਿੱਚ ਰਹਿਣਾ ਕੋਈ ਉਹਨਾਂ ਦੀ ਪ੍ਰਾਪਤੀ ਨਹੀਂ ਹੈਗੀ। ਪਰ ਉਹ ਜਿਉਣਾ ਚਾਹੁੰਦੇ ਉਹਨਾਂ ਨੂੰ ਇਸ ਗੱਲ ਦਾ ਡਰ ਵੀ ਸਾਡੇ ਪੁੱਤ ਨੇ ਸਾਡੀ ਧੀ ਦੇ ਗੋਲੀ ਪਤਾ ਨਹੀਂ ਕੌਣ ਮਾਰ ਜੇ। ਜੇ ਕੱਲੇ ਪੈਸੇ ਦੀ ਗੱਲ ਹੋਵੇ ਪੈਸੇ ਤਾਂ ਬਹੁਤ ਸਾਰੇ ਲੋਕਾਂ ਕੋਲੇ ਇੱਥੇ ਹੈਗੇ ਆ ਹੁਣ ਲੋਕ ਜ਼ਿੰਦਗੀ ਜਿਉਣ ਵਾਸਤੇ ਵੀ ਜਾ ਰਹੇ ਆ। ਇੱਥੇ ਜ਼ਿੰਦਗੀ ਜਿਉਣ ਤੋਂ ਡਰ ਲੱਗਦਾ ਵੀ ਪਤਾ ਨਹੀਂ ਭਰੋਸਾ ਬਣਦਾ ਹੀ ਨਹੀਂ ਗਾ ਵੀ ਭਾਈ ਇੱਥੇ ਕੀ ਬਣ ਜਾਊਗਾ ਖੇਤ ਜਾਂਦੇ ਬੰਦੇ ਦੇ ਗੋਲੀ ਵੱਜਦੀ ਆ ਤੁਰੇ ਜਾਂਦੇ ਬੰਦੇ ਤੇ ਗੋਲੀ ਮਾਰ ਜਾਂਦੇ ਕੱਲ ਖਬਰ ਪੜੀ ਉਹ ਖਬਰ ਸੀਗੀ ਜੀ ਗੁਰਦਾਸਪੁਰ ਦੇ ਵੱਲੋਂ ਮੇਰਾ ਖਿਆਲ ਵੀ ਕਲੇਰ ਖੁਰਦ ਪਿੰਡ ਆ ਇਥੇ ਜੀ ਸੱਤ ਕਨਾਲ ਤੇ ਕੁਝ ਮਰਲੇ ਜ਼ਮੀਨ ਦਾ ਰੌਲਾ ਅਦਾਲਤ ਨੇ ਇੱਕ ਧਿਰ ਦੇ ਪੱਖ ਦੇ ਵਿੱਚ ਫੈਸਲਾ ਕਰਤਾ ਜਿਹੜੀ ਧਿਰ ਇਸ ਵੇਲੇ ਕਬਜ਼ਾਧਾਰੀ ਆ ਉਹਦੇ ਖਿਲਾਫ ਦੂਜੀ ਧਿਰ ਦੇ ਪੱਖ ਦੇ ਵਿੱਚ ਆ ਕਾਨੂੰਗੋ ਪਟਵਾਰੀ ਪੁਲਿਸ ਕਰਮਚਾਰੀ ਕਬਜ਼ਾ ਛਡਵਾਉਣ ਗਏ ਆ ਤੇ ਕਬਜ਼ੇ ਵਾਲਿਆਂ ਨੇ ਉਹਨਾਂ ਨੇ ਗੋਲੀਆਂ ਚਲਾ ਤੀਆਂ ਉਹਨਾਂ ਨੇ ਲੁਕ ਕੇ ਜਾਨ ਬਚਾਈ ਆ। ਮਤਲਬ ਜੀ ਪੰਜਾਬ ਦੇ ਵਿੱਚ ਗੋਲੀ ਚਲਾਉਣ ਵੇਲੇ ਬੰਦਾ ਸੋਚਦਾ ਹੀ ਨਹੀਂ ਕਿ ਮੇਰਾ ਹਸ਼ਰ ਕੀ ਹੋਊਗਾ। ਸਾਡਾ ਘਰ ਵਿਕ ਜਾਊਗਾ ਤੱਪੜ ਸਾਡੇ ਰੁਲ ਜਾਣਗੇ ਗੋਲੀ ਚਲਾ ਦਿਓ ਬੰਦਾ ਮਾਰ ਦਿਓ ਆਹ ਤਾਂ ਪੰਜਾਬ ਦੇ ਵਿੱਚ ਹਾਲਾਤ ਬਣੇ ਆ। ਇਸੇ ਕਰਕੇ ਲੋਕ ਬਾਹਰਲੇ ਮੁਲਕ ਦੇ ਵੱਲ ਭੱਜੇ ਜਾਂਦੇ ਆ। ਇਸੇ ਕਰਕੇ ਲੋਕਾਂ ਦੇ ਕੋਈ ਦੁਬਈ ਨੂੰ ਚਲੇ ਜਾਈਏ ਯਾਰ ਹੋਰ ਵੀ ਰੱਖਦੇ ਯਾਰ ਸਾਊਦੀ ਕਿਸੇ ਵੀ ਦੇਸ਼ ਵਿੱਚ ਚਲੇ ਜਾਈਏ ਅਸੀ। ਇਹਨੂੰ ਪੋਜੀਟਿਵ ਮੰਨੀਏ ਆਹ ਜਦੋਂ ਮੈਂ ਤੁਹਾਡੇ ਨਾਲ ਖਬਰਾਂ ਦੀ ਸਾਂਝ ਪਾਈ ਜਾਨਾ ਪਤਾ ਨਹੀਂ ਕਿਤੇ ਹੋਰ ਗੋਲੀ ਚਲੀ ਜਾਂਦੀ ਹੋਣੀ ਆ। ਪਤਾ ਨਹੀਂ ਉਹਦੇ ਬਾਰੇ ਕੀ ਹੋਣਾ ਉਸ ਤੋਂ ਬਾਅਦ ਕੋਈ ਹੋਰ ਖਬਰ ਆ ਜਾਣੀ ਆ ਪੰਜਾਬ ਦੇ ਵਿੱਚ ਗੋਲੀਆਂ ਦੀ ਤਾੜ ਤਾੜ ਸੁਣਦੀ ਹੈ ਸਿਆਸੀ ਲੋਕਾਂ ਤੋਂ ਸੁਣਦੇ ਆ ਉਹਦੀਆਂ ਪੂਛਾਂ ਚਕਾ ਦਿਆਂਗੇ ਤੇ ਇਹਦੀ ਰੇਲ ਬਣਾ ਦਿਆਂਗੇ। ਆਹ ਸੁਣਦਾ ਸ਼ਮਸ਼ਾਨ ਘਾਟ ਦੇ ਵਿੱਚ ਅਸਥੀਆਂ ਚੁਗਣ ਤੋਂ ਪਹਿਲਾਂ ਹੀ ਚੋਰੀ ਹੋ ਜਾਂਦੀਆਂ। ਇਹ ਖਬਰਾਂ ਆਉਂਦੀਆਂ ਫਿਰ ਖਬਰਾਂ ਆਉਂਦੀਆਂ ਜੀ ਕਿ ਫਲਾਣੇ ਪੰਥਕ ਨੇ ਆਹ ਕੁਝ ਕਰਤਾ ਬੰਦਾ ਮਰਵਾ ਤਾ ਆਪਾਂ ਕਿਹੜੀ ਥਾਂ ਤੇ ਖੜੇ ਆ ਤੇ ਪੰਜਾਬ ਕਿਹੜੀ ਥਾਂ ਦੇ ਉੱਤੇ ਖੜ ਗਿਆ ਇਹਦੇ ਬਾਰੇ ਸੋਚ ਕੇ ਸੱਚੀਂ ਯਕੀਨ ਈ ਨਹੀਂ ਆਉਂਦਾ ਕਿ ਇਹ ਓਹੀ ਪਹਿਲਾਂ ਵਾਲਾ ਪੰਜਾਬ ਐ?



ਲੇਖਕ ਸਵਰਨ ਸਿੰਘ ਟਹਿਣਾ
ਰਾਹੀਂ
ਜਸਵੀਰ ਸ਼ਰਮਾ ਦੱਦਾਹੂਰ
ਸ਼੍ਰੀ ਮੁਕਤਸਰ ਸਾਹਿਬ, 95691-49556










